ਅੰਗ ੬੧੫ = ਸੋਰਠਿ ਮਹਲਾ ੫ ॥ ਰਤਨੁ ਛਾਡਿ ਕਉਡੀ ਸੰਗਿ ਲਾਗੇ, ਜਾ ਤੇ ਕਛੂ ਨ ਪਾਈਐ ॥ ਪੂਰਨ ਪਾਰਬ੍ਰਹਮ ਪਰਮੇਸੁਰ, ਮੇਰੇ ਮਨ ਸਦਾ ਧਿਆਈਐ ॥੧॥ ਸਿਮਰਹੁ ਹਰਿ ਹਰਿ ਨਾਮੁ ਪਰਾਨੀ ॥ ਬਿਨਸੈ ਕਾਚੀ ਦੇਹ ਅਗਿਆਨੀ ।ਰਹਾਉ॥ ਮ੍ਰਿਗ ਤ੍ਰਿਸਨਾ ਅਰੁ ਸੁਪਨ ਮਨੋਰਥ, ਤਾ ਕੀ ਕਛੁ ਨ ਵਡਾਈ ॥ ਰਾਮ ਭਜਨ ਬਿਨੁ ਕਾਮਿ ਨ ਆਵਸਿ, ਸੰਗਿ ਨ ਕਾਹੂ ਜਾਈ ॥੨॥ ਹਉ ਹਉ ਕਰਤ ਬਿਹਾਇ ਅਵਰਦਾ, ਜੀਅ ਕੋ ਕਾਮੁ ਨ ਕੀਨਾ ॥ ਧਾਵਤ ਧਾਵਤ ਨਹ ਤ੍ਰਿਪਤਾਸਿਆ, ਰਾਮ ਨਾਮੁ ਨਹੀ ਚੀਨਾ ॥੩॥ ਸਾਦ ਬਿਕਾਰ ਬਿਖੈ ਰਸ ਮਾਤੋ, ਅਸੰਖ ਖਤੇ ਕਰਿ ਫੇਰੇ ॥ ਨਾਨਕ ਕੀ ਪ੍ਰਭ ਪਾਹਿ ਬਿਨੰਤੀ, ਕਾਟਹੁ ਅਵਗੁਣ ਮੇਰੇ ॥੪॥੧੧॥੨੨॥ (ਹੇ ਮੇਰੇ ਮਨਾ! ਤੂੰ ਪ੍ਰਭੂ ਦਾ ਨਾਮ ਰੂਪ ਅਮੋਲਕ) ਰਤਨ ਛਡ ਕੇ ਕਉਡੀ (ਤੁੱਛ ਜਿਹੀ ਮਾਇਆ) ਨਾਲ ਲੱਗਾ ਹੋਇਆ ਹੈਂ, ਜਿਸ ਪਾਸੋਂ (ਪ੍ਰਲੋਕ ਵਿਚ) ਕੁਛ ਵੀ ਪ੍ਰਾਪਤ ਨਹੀਂ ਹੁੰਦਾ।ਪਰੀ ਪੂਰਨ ਪਾਰਬ੍ਰਹਮ ਪ੍ਰਮੇਸਰ ਜੋ ਹੈ, ਹੇ ਮੇਰੇ ਮਨ! (ਉਸ ਨੂੰ) ਸਦਾ ਸਿਮਰਨਾ ਚਾਹੀਦਾ ਹੈ।੧।ਹੇ ਪ੍ਰਾਣੀ! ਹਰਿ ਹਰਿ ਨਾਮ ਨੂੰ ਸਿਮਰੋ।ਹੇ ਗਿਆਨ ਹੀਣ ਮਨੁੱਖ! ਇਹ ਦੇਹ ਸਦਾ ਰਹਿਣ ਵਾਲੀ ਨਹੀਂ, ਨਾਸ਼ ਹੋ ਜਾਵੇਗੀ।ਰਹਾਉ।(ਹੇ ਭਾਈ! ਜਿਵੇਂ) ਮ੍ਰਿਗ ਤ੍ਰਿਸ਼ਨਾ, ਸੁਪਨੇ ਤੇ ਮਨੋਰਥ ਝੂਠੇ ਹਨ, (ਇਸੇ ਤਰ੍ਹਾਂ) ਇਸ ਮਾਇਆ ਦੀ ਵਡਿਆਈ ਕੁਛ ਵੀ ਨਹੀਂ ਹੈ (ਝੂਠੀ ਹੈ)।ਰਾਮ ਦੇ ਭਜਨ ਬਿਨਾ (ਮਾਇਆ) ਕੰਮ ਨਹੀਂ ਆਉਂਦੀ (ਪਰਮਾਰਥ ਵਿਚ ਇਸ ਦੀ ਕੋਈ ਕੀਮਤ ਨਹੀਂ) ਅਤੇ ਨਾ ਹੀ ਇਹ ਕਿਸੇ ਦੇ ਨਾਲ ਜਾਂਦੀ ਹੈ।੨।ਮੈਂ ਮੈਂ ਕਰਦਿਆਂ (ਮਨੁੱਖ ਦੀ) ਉਮਰ ਗੁਜਰ ਜਾਂਦੀ ਹੈ, (ਪਰ ਇਸ ਨੇ) ਜੀਵਾਤਮਾ ਦੇ ਭਲੇ ਦਾ ਕੋਈ ਕੰਮ ਨਹੀਂ ਕੀਤਾ; ਜੀਵਨ ਸੁਧਾਰਨ ਦਾ ਕੋਈ ਕੰਮ ਨਹੀਂ ਕੀਤਾ।ਦੌੜਦਿਆਂ ਭੱਜਦਿਆਂ (ਮਨੁੱਖ ਮਾਇਆ ਵੱਲੋਂ ਕਦੇ) ਨਹੀਂ ਰੱਜਿਆ, ਨਾ ਹੀ (ਇਸ ਨੇ) ਰਾਮ ਦੇ ਨਾਮ ਨੂੰ ਜਾਣਿਆ ਹੈ।੩।(ਮਾਇਆ ਦਾ ਮੋਹਿਆ ਮਨੁੱਖ) ਵਿਕਾਰਾਂ ਦੇ ਸੁਆਦ ਤੇ ਵਿਸ਼ਿਆਂ ਦੇ ਰਸਾਂ ਵਿਚ ਮਸਤ ਰਿਹਾ ਹੈ, (ਇਸੇ ਲਈ) ਅਣਗਿਣਤ ਪਾਪਾਂ ਦੇ ਕਰਕੇ ਜਨਮ ਮਰਨ ਵਿਚ ਫੇਰੇ ਲਗਦੇ ਰਹੇ ਹਨ।ਨਾਨਕ ਦੀ ਪ੍ਰਭੂ ਪਾਸ ਬੇਨਤੀ ਹੈ, (ਹੇ ਪ੍ਰਭੂ!) ਮੇਰੇ ਅਵਗੁਣ ਕੱਟ ਦੇ (ਜਨਮ ਮਰਨ ਮੁਕਾ ਦੇ)।੪।੧੧।੨੨।

ਪਦਾਰਥ = ਰਤਨੁ–ਹੀਰੇ ਵਰਗਾ ਪ੍ਰਭੂ ਦਾ ਅਮੋਲਕ ਨਾਮ।ਕਉਡੀ–ਤੁੱਛ ਜਿਹੀ ਮਾਇਆ।ਸੰਗਿ ਲਾਗੇ–ਨਾਲ ਲੱਗਾ ਹੋਇਆ ਹੈਂ। ਜਾ ਤੇ–ਜਿਸ ਤੋਂ।ਪੂਰਨ–ਸਰਬ ਵਿਆਪਕ।ਮੇਰੇ ਮਨ–ਹੇ ਮੇਰੇ ਮਨ!।੧।ਪਰਾਨੀ–ਹੇ ਪ੍ਰਾਣੀ!।ਬਿਨਸੈ–ਨਾਸ਼ ਹੋ ਜਾਵੇਗੀ।ਕਾਚੀ–ਕੱਚੀ (ਸਦਾ ਨਾ ਰਹਿਣ ਵਾਲੀ)।ਅਗਿਆਨੀ–ਹੇ ਬੇਸਮਝ ਮਨੁੱਖ!।ਰਹਾਉ।ਮ੍ਰਿਗ ਤ੍ਰਿਸਨਾ–ਸੂਰਜ ਦੀ ਧੁੱਪ ਨਾਲ ਚਮਕਦਾ ਰੇਤ ਮ੍ਰਿਗ ਆਦਿ ਜਾਨਵਰਾਂ ਨੂੰ ਪਾਣੀ ਭਾਸਦਾ ਹੈ, ਸੂਰਜ ਢਲਣ ਨਾਲ ਅਸਲੀਅਤ ਦੀ ਸਮਝ ਪੈਂਦੀ ਹੈ।ਸੁਪਨ–ਸੁਪਨਾ।ਮਨੋਰਥ–ਮਨ ਵਿਚ ਉਪਜੇ ਖਿਆਲ, ਜੋ ਕਦੇ ਪੂਰੇ ਨਹੀਂ ਹੁੰਦੇ।ਤਾ ਕੀ–ਇਸ ਦੀ।ਕਾਮਿ–ਕੰਮ।ਨ ਆਵਸਿ–ਨਹੀਂ ਆਉਂਦੀ।ਸੰਗਿ–ਨਾਲ।ਕਾਹੂ–ਕਿਸੇ ਦੇ।੨।ਹਉ ਹਉ–ਮੈਂ ਮੈਂ।ਕਰਤ–ਕਰਦਿਆਂ।ਬਿਹਾਇ–ਬੀਤ ਜਾਂਦੀ ਹੈ।ਅਵਰਦਾ–ਉਮਰ।ਜੀਅ ਕੋ–ਜੀਵਾਤਮਾ ਦਾ; ਜੀਵਨ (ਸੁਧਾਰਨ) ਦਾ।ਕਾਮੁ–ਕੰਮ।ਨ ਕੀਨਾ–ਨਹੀਂ ਕੀਤਾ।ਧਾਵਤ ਧਾਵਤ–(ਮਾਇਆ ਹਾਸਲ ਕਰਨ ਲਈ) ਦੌੜ ਭਜ ਕਰਦਿਆਂ।ਨਹ ਤ੍ਰਿਪਤਾਸਿਆ–ਰੱਜਿਆ ਨਹੀਂ।ਚੀਨਾ–ਜਾਣਿਆ।੩।ਸਾਦ–ਸੁਆਦ; ਚਸਕੇ।ਬਿਖੈ ਰਸ–ਵਿਸ਼ਿਆਂ ਦੇ ਰਸ।ਮਾਤੋ–ਮਸਤ।ਅਸੰਖ–ਅਣਗਿਣਤ।ਖਤੇ–ਪਾਪ।ਫੇਰੇ–(ਜਨਮ ਮਰਨ ਦੇ) ਗੇੜੇ।ਪਾਹਿ–ਪਾਸ।ਅਵਗੁਣ–ਪਾਪ।੪।੧੧।੨੨।

ਸੋਰਠਿ ਮਹਲਾ ੫ ॥ ਗੁਣ ਗਾਵਹੁ ਪੂਰਨ ਅਬਿਨਾਸੀ, ਕਾਮ ਕ੍ਰੋਧ ਬਿਖੁ ਜਾਰੇ ॥ ਮਹਾ ਬਿਖਮੁ ਅਗਨਿ ਕੋ ਸਾਗਰੁ ,ਸਾਧੂ ਸੰਗਿ ਉਧਾਰੇ ॥੧॥ ਪੂਰੈ ਗੁਰਿ ਮੇਟਿਓ ਭਰਮੁ ਅੰਧੇਰਾ ॥ ਭਜੁ ਪ੍ਰੇਮ ਭਗਤਿ ਪ੍ਰਭੁ ਨੇਰਾ ॥ਰਹਾਉ॥ ਹਰਿ ਹਰਿ ਨਾਮੁ ਨਿਧਾਨ ਰਸੁ ਪੀਆ, ਮਨ ਤਨ ਰਹੇ ਅਘਾਈ ॥ ਜਤ ਕਤ ਪੂਰਿ ਰਹਿਓ ਪਰਮੇਸਰੁ ,ਕਤ ਆਵੈ ਕਤ ਜਾਈ ॥੨॥ ਜਪ ਤਪ ਸੰਜਮ ਗਿਆਨ ਤਤ ਬੇਤਾ, ਜਿਸੁ ਮਨਿ ਵਸੈ ਗੋੁਪਾਲਾ ॥ ਨਾਮੁ ਰਤਨੁ ਜਿਨਿ ਗੁਰਮੁਖਿ ਪਾਇਆ, ਤਾ ਕੀ ਪੂਰਨ ਘਾਲਾ ॥੩॥ ਕਲਿ ਕਲੇਸ ਮਿਟੇ ਦੁਖ ਸਗਲੇ, ਕਾਟੀ ਜਮ ਕੀ ਫਾਸਾ ॥ ਕਹੁ ਨਾਨਕ ਪ੍ਰਭਿ ਕਿਰਪਾ ਧਾਰੀ, ਮਨ ਤਨ ਭਏ ਬਿਗਾਸਾ ॥੪॥੧੨॥੨੩॥ (ਹੇ ਭਾਈ!) ਪਰੀ ਪੂਰਨ ਨਾਸ਼ ਰਹਿਤ ਪ੍ਰਭੂ ਦੇ ਗੁਣ ਗਾਵੋ, (ਤਾਂ ਜੋ ਤੇਰੇ ਅੰਦਰੋਂ) ਕਾਮ ਕ੍ਰੋਧ ਦੀ ਜਹਿਰ ਸੜ ਜਾਵੇ।(ਇਹ ਸੰਸਾਰ) ਅੱਗ ਦਾ ਸਮੁੰਦਰ ਹੈ, (ਜਿਸ ਨੂੰ ਪਾਰ ਕਰਨਾ) ਬਹੁਤ ਔਖਾ ਹੈ, (ਜੋ ਮਨੁੱਖ) ਸਾਧੂ ਗੁਰੂ ਦੀ ਸੰਗਤ ਕਰਦਾ ਹੈ, (ਉਸ ਨੂੰ ਗੁਰੂ ਇਸ ਸਮੁੰਦਰ ਤੋਂ) ਪਾਰ ਕਰ ਦੇਂਦਾ ਹੈ।੧।(ਹੇ ਭਾਈ! ਮੇਰੇ ਅੰਦਰੋਂ) ਪੂਰੇ ਗੁਰੂ ਨੇ ਭਰਮ ਅਤੇ ਅਗਿਆਨਤਾ ਦਾ ਹਨ੍ਹੇਰਾ ਮਿਟਾ ਦਿਤਾ ਹੈ।(ਹੇ ਭਾਈ! ਤੂੰ ਵੀ ਗੁਰੂ ਦੀ ਸੰਗਤ ਵਿਚ ਰਹਿ ਕੇ) ਪ੍ਰੇਮ ਭਰੀ ਭਗਤੀ ਨਾਲ ਪ੍ਰਭੂ ਨੂੰ ਸਿਮਰ, (ਫਿਰ ਤੈਨੂੰ ਉਹ) ਨੇੜੇ ਵਸਦਾ ਦਿਸ ਪਏਗਾ।ਰਹਾਉ। (ਹੇ ਭਾਈ!) ਹਰਿ ਹਰਿ ਨਾਮ ਸਭ ਬਰਕਤਾਂ ਦਾ ਖਜਾਨਾ ਹੈ, (ਜਿਨ੍ਹਾਂ ਮਨੁੱਖਾਂ ਨੇ ਇਸ ਅੰਮ੍ਰਿਤ ਨਾਮ) ਰਸ ਨੂੰ ਪੀਤਾ ਹੈ, (ਉਨ੍ਹਾਂ ਦੇ) ਮਨ ਤੇ ਤਨ ਰੱਜੇ ਰਹਿੰਦੇ ਹਨ (ਉਨ੍ਹਾਂ ਨੂੰ ਕੋਈ ਭੁੱਖ ਨਹੀਂ ਰਹਿੰਦੀ।ਅਜੇਹੇ ਪੁਰਖਾਂ ਨੂੰ) ਜਿਥੇ ਕਿਥੇ (ਹਰ ਥਾਂ) ਪੂਰਨ ਹੋ ਰਿਹਾ ਪ੍ਰਮੇਸਰ ਦਿਸ ਪੈਂਦਾ ਹੈ, (ਉਹ ਪ੍ਰਭੂ) ਨਾ ਕਿਧਰੇ ਆਉਂਦਾ ਹੈ, ਨਾ ਕਿਧਰੇ ਜਾਂਦਾ ਹੈ? (ਜੰਮਦਾ ਮਰਦਾ ਨਹੀਂ; ਪ੍ਰਭੂ ਦੇ ਦਰਸ਼ਨ

ਕਰਨ ਵਾਲੇ ਪੁਰਖ) ਨਾ ਕਿਤੇ ਆਉਂਦੇ ਹਨ ਨਾ ਕਿਤੇ ਜਾਂਦੇ ਹਨ (ਜਨਮ ਮਰਨ ਤੋਂ ਰਹਿਤ ਹੋ ਜਾਂਦੇ ਹਨ)।੨।ਜਿਸ ਮਨੁੱਖ ਦੇ ਮਨ ਵਿਚ ਗੁਪਾਲ ਵਸਦਾ ਹੈ, ਉਹ ਜਪ, ਤਪ, ਸੰਜਮ ਅਤੇ ਗਿਆਨ ਦੀ ਅਸਲੀਅਤ ਨੂੰ ਜਾਨਣ ਵਾਲਾ ਹੋ ਜਾਂਦਾ ਹੈ।ਜਿਸ ਮਨੁੱਖ ਨੇ ਗੁਰੂ ਦੁਆਰਾ ਨਾਮ ਰੂਪ ਰਤਨ ਪਾ ਲਿਆ ਹੈ, ਉਸ ਦੀ ਮਿਹਨਤ ਸਫਲ ਹੋ ਗਈ ਹੈ।੩।(ਉਸ ਮਨੁੱਖ ਦੇ) ਕਲੇਸ, ਝਗੜੇ ਤੇ ਸਾਰੇ ਦੁਖ ਮਿਟ ਗਏ ਹਨ ਅਤੇ ਜਮ ਦੀ ਫਾਹੀ ਵੀ ਕੱਟੀ ਗਈ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ ਮਨੁੱਖ ਉਤੇ) ਪ੍ਰਭੂ ਨੇ ਕ੍ਰਿਪਾ ਕੀਤੀ ਹੈ, ਉਸ ਦਾ ਮਨ ਤੇ ਤਨ ਪ੍ਰਸੰਨ ਹੋ (ਖਿੜ) ਜਾਂਦੇ ਹਨ।੪।੧੨।੨੩।

ਪਦਾਰਥ = ਪੂਰਨ–ਸਰਬ ਵਿਆਪਕ ਪ੍ਰਭੂ।ਅਬਿਨਾਸੀ–ਨਾਸ਼ ਰਹਿਤ।ਬਿਖੁ–ਜਹਿਰ।ਜਾਰੇ–ਸੜ ਜਾਵੇ।ਮਹਾ ਬਿਖਮੁ–ਬਹੁਤ ਔਖਾ ।ਅਗਨਿ ਕੋ–ਅੱਗ ਦਾ।ਸੰਗਿ–ਸੰਗਤ।ਉਧਾਰੇ–ਤਾਰ ਦੇਂਦਾ ਹੈ।੧।ਪੂਰੈ ਗੁਰਿ–ਪੂਰੇ ਗੁਰੂ ਨੇ।ਅੰਧੇਰਾ–ਅਗਿਆਨਤਾ ਦਾ ਹਨ੍ਹੇਰਾ। ਭਜੁ–ਭਜਨ ਕਰ।ਪ੍ਰੇਮ ਭਗਤਿ–ਪ੍ਰੇਮ ਭਰੀ ਭਗਤੀ ਨਾਲ।ਨੇਰਾ–ਨੇੜੇ; ਅੰਗ ਸੰਗ।ਰਹਾਉ।ਨਿਧਾਨ–ਖਜਾਨਾ।ਪੀਆ–ਪੀਤਾ।ਰਹੇ ਅਘਾਈ–ਰੱਜੇ ਰਹਿੰਦੇ ਹਨ।ਜਤ ਕਤ–ਜਿਥੇ ਕਿਥੇ (ਹਰ ਥਾਂ)।ਪੂਰਿ ਰਹਿਓ–ਵਿਆਪਕ ਹੋ ਰਿਹਾ ਹੈ।ਕਤ–ਕਿਧਰੇ।ਆਵੈ ਜਾਈ–ਆਉਂਦਾ ਜਾਂਦਾ (ਜੰਮਦਾ ਮਰਦਾ) ਨਹੀਂ।੨।ਜਪ–ਜਪਣਾ।ਤਪ–ਸਰੀਰ ਨੂੰ ਕਸ਼ਟ ਦੇਣ ਵਾਲੇ ਸਾਧਨ।ਸੰਜਮ–ਇੰਦ੍ਰੀਆਂ ਨੂੰ ਵਿਸ਼ੇ ਵਿਕਾਰਾਂ ਵੱਲੋਂ ਰੋਕ ਰੱਖਣਾ।ਤਤ ਬੇਤਾ–ਅਸਲੀਅਤ ਨੂੰ ਜਾਨਣ ਵਾਲਾ।ਮਨਿ–ਮਨ ਵਿਚ।ਗੋੁਪਾਲਾ–ਪ੍ਰਿਥਵੀ ਦੇ ਜੀਵਾਂ ਦੀ ਪਾਲਣਾ ਕਰਨ ਵਾਲਾ ਪ੍ਰਭੂ।ਜਿਨਿ–ਜਿਸ ਨੇ।ਤਾ ਕੀ–ਉਸ ਦੀ।ਪੂਰਨ–ਪੂਰੀ; ਸਫਲ।ਘਾਲਾ–ਮਿਹਨਤ।੩।ਕਲਿ–ਝਗੜੇ।ਸਗਲੇ–ਸਾਰੇ। ਫਾਸਾ–ਫਾਹੀ।ਪ੍ਰਭਿ–ਪ੍ਰਭੂ ਨੇ।ਧਾਰੀ–ਕੀਤੀ।ਭਏ ਬਿਗਾਸਾ–ਪ੍ਰਸੰਨ ਹੋ ਜਾਂਦੇ ਹਨ।੪।੧੨।੨੩।

ਸੋਰਠਿ ਮਹਲਾ ੫ ॥ ਕਰਣ ਕਰਾਵਣਹਾਰ ਪ੍ਰਭੁ ਦਾਤਾ, ਪਾਰਬ੍ਰਹਮ ਪ੍ਰਭੁ ਸੁਆਮੀ ॥ ਸਗਲੇ ਜੀਅ ਕੀਏ ਦਇਆਲਾ, ਸੋ ਪ੍ਰਭੁ ਅੰਤਰ ਜਾਮੀ ॥੧॥ ਮੇਰਾ ਗੁਰੁ ਹੋਆ ਆਪਿ ਸਹਾਈ ॥ ਸੂਖ ਸਹਜ ਆਨੰਦ ਮੰਗਲ ਰਸ, ਅਚਰਜ ਭਈ ਬਡਾਈ ॥ਰਹਾਉ॥ ਗੁਰ ਕੀ ਸਰਣਿ ਪਏ ਭੈ ਨਾਸੇ, ਸਾਚੀ ਦਰਗਹ ਮਾਨੇ ॥ ਗੁਣ ਗਾਵਤ ਆਰਾਧਿ ਨਾਮੁ ਹਰਿ, ਆਏ ਅਪੁਨੈ ਥਾਨੇ ॥੨॥ ਜੈ ਜੈਕਾਰੁ ਕਰੈ ਸਭ ਉਸਤਤਿ, ਸੰਗਤਿ ਸਾਧ ਪਿਆਰੀ ॥ ਸਦ ਬਲਿਹਾਰਿ ਜਾਉ ਪ੍ਰਭ ਅਪੁਨੇ, ਜਿਨਿ ਪੂਰਨ ਪੈਜ ਸਵਾਰੀ ॥੩॥ ਗੋਸਟਿ ਗਿਆਨੁ ਨਾਮੁ ਸੁਣਿ ਉਧਰੇ, ਜਿਨਿ ਜਿਨਿ ਦਰਸਨੁ ਪਾਇਆ ॥ ਭਇਓ ਕ੍ਰਿਪਾਲੁ ਨਾਨਕ ਪ੍ਰਭੁ ਅਪੁਨਾ, ਅਨਦ ਸੇਤੀ ਘਰਿ ਆਇਆ ॥੪॥ ੧੩॥੨੪॥ (ਹੇ ਭਾਈ!) ਪ੍ਰਭੂ ਸਭ ਕੁਝ ਕਰਨ ਤੇ (ਜੀਵਾਂ ਪਾਸੋਂ) ਕਰਾਉਣ ਵਾਲਾ ਹੈ; ਸਾਰੇ ਕਾਰਨਾਂ ਦੇ ਕਰਨ ਵਾਲਾ ਹੈ ਤੇ (ਸਭ ਜੀਆਂ ਦਾ) ਦਾਤਾ ਹੈ, ਉਹ ਪਾਰਬ੍ਰਹਮ ਪ੍ਰਭੂ ਸਭ ਦਾ ਮਾਲਕ ਹੈ।ਸਾਰੇ ਜੀਵ ਦਇਆ ਕਰਨ ਵਾਲੇ ਪ੍ਰਭੂ ਨੇ ਪੈਦਾ ਕੀਤੇ ਹਨ, ਉਹ ਪ੍ਰਭੂ ਸਾਰੇ ਜੀਵਾਂ ਦੇ ਅੰਦਰ ਦੀਆਂ ਜਾਨਣ ਵਾਲਾ ਹੈ।੧।(ਹੇ ਭਾਈ!) ਮੇਰਾ ਗੁਰੂ ਆਪ ਸਹਾਈ ਹੋਇਆ ਹੈ।(ਜਿਸ ਦੀ ਕ੍ਰਿਪਾ ਨਾਲ ਮੈਨੂੰ) ਸਹਿਜ ਸੁਖ, ਆਤਮਕ ਅਨੰਦ, ਖੁਸ਼ੀਆਂ ਦੇ ਰਸ ਅਤੇ ਅਸਚਰਜ ਵਡਿਆਈ ਪ੍ਰਾਪਤ ਹੋਈ ਹੈ।ਰਹਾਉ।(ਹੇ ਭਾਈ! ਜਿਹੜੇ ਮਨੁੱਖ) ਗੁਰੂ ਦੀ ਸਰਣ ਵਿਚ ਪਏ ਹਨ, (ਉਨ੍ਹਾਂ ਦੇ) ਸਾਰੇ ਡਰ ਦੂਰ ਹੋ ਗਏ ਅਤੇ (ਉਹ) ਸੱਚੀ ਦਰਗਾਹ ਸਨਮਾਨੇ ਗਏ ਹਨ।(ਕਿਉਂਕਿ ਉਹ ਹਰੀ ਦੇ) ਗੁਣ ਗਾਉਂਦੇ ਹਨ ਤੇ ਹਰੀ ਦਾ ਨਾਮ ਸਿਮਰ ਕੇ ਅਪਣੇ ਹਿਰਦੇ ਰੂਪ ਅਸਥਾਨ ਵਿਚ ਆ ਟਿਕੇ ਹਨ ।੨।ਸਾਰੇ ਲੋਕ (ਉਨ੍ਹਾਂ ਦੀ) ਜੈ ਜੈਕਾਰ ਕਰਦੇ ਹਨ ਤੇ ਉਸਤਤੀ ਕਰਦੇ ਹਨ, (ਕਿਉਂਕਿ ਉਨ੍ਹਾਂ ਨੂੰ) ਸਾਧ ਗੁਰੂ ਦੀ ਸੰਗਤ ਪਿਆਰੀ ਹੈ।ਮੈਂ ਅਪਣੇ ਪ੍ਰਭੂ ਤੋਂ ਸਦਾ ਬਲਿਹਾਰ ਜਾਂਦਾ ਹਾਂ, ਜਿਸ ਨੇ (ਅਪਣੇ ਸੇਵਕਾਂ ਦੀ) ਪੂਰਨ ਪੈਜ ਸਵਾਰੀ (ਪੂਰੀ ਤਰ੍ਹਾਂ ਇੱਜਤ ਰੱਖ ਲਈ)।੩।ਜਿਸ ਜਿਸ ਮਨੁੱਖ ਨੇ (ਗੁਰੂ ਦਾ) ਦਰਸ਼ਨ ਪਾਇਆ ਹੈ, (ਉਹ ਗੁਰੂ ਤੋਂ) ਗਿਆਨ ਭਰਪੂਰ ਕਥਾ ਵਾਰਤਾ ਅਤੇ ਨਾਮ ਬਾਣੀ ਸੁਣ ਕੇ (ਭਵਜਲ ਤੋਂ) ਤਰ ਗਏ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਮੇਰਾ ਅਪਣਾ ਪ੍ਰਭੂ (ਜਿਸ ਮਨੁੱਖ ਉਤੇ) ਕ੍ਰਿਪਾਲੂ ਹੋਇਆ ਹੈ, ਉਹ ਅਨੰਦ ਨਾਲ ਸ੍ਵੈ ਸਰੂਪ ਘਰ ਵਿਚ ਆ ਟਿਕਿਆ ਹੈ।੪।੧੩।੨੪।

ਪਦਾਰਥ = ਕਰਣ–ਸਭ ਕੁਛ ਕਰ ਸਕਣ ਵਾਲਾ।ਕਰਾਵਨਹਾਰ–(ਜੀਵਾਂ ਪਾਸੋਂ) ਸਭ ਕੁਝ ਕਰਾਉਣ ਵਾਲਾ।ਦਾਤਾ–ਦਾਤਾਂ ਦੇਣ ਵਾਲਾ।ਸੁਆਮੀ–ਮਾਲਕ।ਸਗਲੇ ਜੀਅ–ਸਾਰੇ ਜੀਵ।ਕੀਏ–ਪੈਦਾ ਕੀਤੇ।ਦਇਆਲਾ–ਦਇਆ ਕਰਨ ਵਾਲੇ ਪ੍ਰਭੂ ਨੇ।ਅੰਤਰਜਾਮੀ–ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲਾ।ਸੋ–ਉਹ।੧।ਸਹਾਈ–ਮੱਦਤ ਕਰਨ ਵਾਲਾ।ਸੂਖ ਸਹਜ–ਕੁਦਰਤੀ ਸੁਖ।ਮੰਗਲ–ਖੁਸ਼ੀਆਂ। ਰਸ–ਸੁਆਦ।ਅਚਰਜ–ਹੈਰਾਨ ਕਰਨ ਵਾਲੀ।ਬਡਾਈ–ਮਹਿਮਾਂ; ਵੱਡਾਪਣ।ਰਹਾਉ।ਭੈ–ਡਰ।ਨਾਸੇ–ਦੌੜ (ਦੂਰ ਹੋ) ਗਏ।ਮਾਨੇ–ਸਨਮਾਨੇ ਗਏ।ਆਰਾਧਿ–ਸਿਮਰ ਕੇ।ਅਪੁਨੈ ਥਾਨੇ–ਅਪਣੇ ਅਸਥਾਨ (ਨਿਜ ਸਰੂਪ) ਵਿਖੇ।੨।ਜੈ ਜੈ ਕਾਰੁ–(ਗੁਰੂ ਦੀ) ਵਡਿਆਈ ।ਸਦ–ਸਦਾ।ਬਲਿਹਾਰ ਜਾਉ–ਮੈਂ ਕੁਰਬਾਨ ਜਾਂਦਾ ਹਾਂ।ਜਿਨਿ–ਜਿਸ ਨੇ।ਪੂਰਨ–ਪੂਰੀ ਤਰ੍ਹਾਂ।ਪੈਜ ਸਵਾਰੀ–ਇੱਜਤ ਰੱਖ ਲਈ।੩। ਗੋਸਟਿ–ਕਥਾ ਵਾਰਤਾ।ਉਧਰੇ–ਤਰ ਗਏ ਹਨ।ਭਇਓ–ਹੋਇਆ।ਸੇਤੀ–ਨਾਲ।ਘਰਿ–ਸ੍ਵੈ ਸਰੂਪ ਘਰ ਵਿਚ।੪।੧੩।੨੪।

ਸੋਰਠਿ ਮਹਲਾ ੫ ॥ ਪ੍ਰਭ ਕੀ ਸਰਣਿ ਸਗਲ ਭੈ ਲਾਥੇ, ਦੁਖ ਬਿਨਸੇ ਸੁਖੁ ਪਾਇਆ ॥ ਦਇਆਲੁ ਹੋਆ ਪਾਰਬ੍ਰਹਮੁ ਸੁਆਮੀ, ਪੂਰਾ ਸਤਿਗੁਰੁ ਧਿਆਇਆ ॥੧॥ ਪ੍ਰਭ ਜੀਉ ਤੂ ਮੇਰੋ ਸਾਹਿਬੁ ਦਾਤਾ ॥ ਕਰਿ ਕਿਰਪਾ ਪ੍ਰਭ ਦੀਨ ਦਇਆਲਾ, ਗੁਣ ਗਾਵਉ ਰੰਗਿ ਰਾਤਾ ॥ਰਹਾਉ॥ (ਹੇ ਭਾਈ! ਜਿਹੜਾ ਮਨੁੱਖ) ਪ੍ਰਭੂ ਦੀ ਸ਼ਰਣ ਵਿਚ ਪਿਆ ਹੈ, (ਉਸ ਦੇ) ਸਾਰੇ ਡਰ ਦੂਰ ਹੋ ਗਏ ਹਨ ਤੇ ਦੁਖ ਵੀ ਨਾਸ਼ ਹੋ ਗਏ ਹਨ ਅਤੇ (ਉਸ ਨੇ) ਸੁਖ ਪਾ ਲਿਆ ਹੈ।(ਉਸ ਨੇ) ਪੂਰੇ ਸਤਿਗੁਰੂ ਦਾ ਧਿਆਨ ਧਾਰਿਆ, (ਜਿਸ ਕਰਕੇ ਉਸ ਉਪਰ) ਪਾਰਬ੍ਰਹਮ ਸੁਆਮੀ ਦਇਆਲ ਹੋਇਆ ਹੈ।੧।ਹੇ ਪ੍ਰਭੂ ਜੀ! ਤੂੰ ਮੇਰਾ ਮਾਲਕ ਹੈ ਤੇ ਮੇਰੇ ਸੁੱਖਾਂ ਦਾ ਦਾਤਾ ਹੈਂ।ਹੇ ਗਰੀਬਾਂ ਤੇ ਦਇਆ ਕਰਨ ਵਾਲੇ ਪ੍ਰਭੂ! ਮੇਰੇ ਤੇ ਕ੍ਰਿਪਾ ਕਰ, ਮੈਂ ਪ੍ਰੇਮ ਰੰਗ ਵਿਚ ਰੰਗਿਆ ਹੋਇਆ ਤੇਰੇ ਗੁਣ ਗਾਉਂਦਾ ਰਹਾਂ।ਰਹਾਉ।

ਅੰਗ ੬੧੬ = ਸਤਿਗੁਰਿ ਨਾਮੁ ਨਿਧਾਨੁ ਦ੍ਰਿੜਾਇਆ, ਚਿੰਤਾ ਸਗਲ ਬਿਨਾਸੀ ॥ ਕਰਿ ਕਿਰਪਾ ਅਪੁਨੋ ਕਰਿ ਲੀਨਾ, ਮਨਿ ਵਸਿਆ ਅਬਿਨਾਸੀ ॥੨॥ ਤਾਕਉ ਬਿਘਨੁ ਨ ਕੋਊ ਲਾਗੈ, ਜੋ ਸਤਿਗੁਰਿ ਅਪੁਨੈ ਰਾਖੇ ॥ ਚਰਨ ਕਮਲ ਬਸੇ ਰਿਦ ਅੰਤਰਿ, ਅੰਮ੍ਰਿਤ ਹਰਿ ਰਸੁ ਚਾਖੇ ॥੩॥ ਕਰਿ ਸੇਵਾ ਸੇਵਕ ਪ੍ਰਭ ਅਪੁਨੇ, ਜਿਨਿ ਮਨ ਕੀ ਇਛ ਪੁਜਾਈ ॥ ਨਾਨਕ ਦਾਸ ਤਾਕੈ ਬਲਿਹਾਰੈ, ਜਿਨਿ ਪੂਰਨ ਪੈਜ ਰਖਾਈ ॥੪॥੧੪॥੨੫॥ ਸਤਿਗੁਰੂ ਨੇ (ਮੈਨੂੰ ਸਾਰੇ ਸੁੱਖਾਂ ਦਾ) ਖਜਾਨਾ ਨਾਮ ਦ੍ਰਿੜ ਕਰਾ ਦਿਤਾ ਹੈ (ਮੇਰੇ ਮਨ ਵਿਚ ਪੱਕਾ ਕਰ ਦਿਤਾ ਹੈ, ਨਾਮ ਦੀ ਬਰਕਤ ਨਾਲ ਮੇਰੀ) ਸਾਰੀ ਚਿੰਤਾ ਨਾਸ਼ ਹੋ ਗਈ ਹੈ।(ਸਤਿਗੁਰੂ ਨੇ) ਕ੍ਰਿਪਾ ਕਰ ਕੇ (ਮੈਨੂੰ) ਅਪਣਾ ਦਾਸ ਬਣਾ ਲਿਆ ਹੈ, (ਜਿਸ ਦੀ ਕਿਰਪਾ ਨਾਲ ਮੇਰੇ) ਮਨ ਵਿਚ ਨਾਸ਼ ਰਹਿਤ ਪ੍ਰਭੂ ਵਸ ਗਿਆ ਹੈ।੨।ਜਿਹੜੇ (ਮਨੁੱਖ) ਸਤਿਗੁਰੂ ਨੇ ਅਪਣੇ (ਬਣਾ ਕੇ) ਰੱਖ ਲਏ ਹਨ; ਜਿਨ੍ਹਾਂ ਦੀ ਅਪਣੇ ਸਤਿਗੁਰੂ ਨੇ ਰੱਖਿਆ ਕੀਤੀ ਹੈ, ਉਨ੍ਹਾਂ ਨੂੰ ਕੋਈ ਬਿਘਨ ਨਹੀਂ ਲਗਦਾ।(ਉਨ੍ਹਾਂ ਦੇ) ਹਿਰਦੇ ਅੰਦਰ ਪ੍ਰਭੂ ਦੇ ਚਰਨ ਕਮਲ ਵਸਦੇ ਹਨ ਅਤੇ (ਉਹ ਸਦਾ) ਹਰੀ ਦਾ ਨਾਮ ਅੰਮ੍ਰਿਤ ਰਸ ਚੱਖਦੇ ਹਨ।੩।(ਹੇ ਭਾਈ! ਤੂੰ ਵੀ) ਸੇਵਕ ਬਣ ਕੇ ਅਪਣੇ ਪ੍ਰਭੂ ਦੀ ਸੇਵਾ ਭਗਤੀ ਕਰ, ਜਿਸ ਨੇ (ਹਰੇਕ ਸੇਵਕ ਦੇ) ਮਨ ਦੀ ਇੱਛਾ ਪੂਰੀ ਕੀਤੀ ਹੈ।ਦਾਸ ਨਾਨਕ ਉਸ ਪ੍ਰਭੂ ਦੇ ਬਲਹਾਰ ਜਾਂਦਾ ਹੈ, ਜਿਸ ਨੇ ਪੂਰਨ ਤੌਰ ਤੇ (ਮੇਰੀ) ਪੈਜ ਰੱਖ ਲਈ ਹੈ।੪।੧੪।੨੫।

ਪਦਾਰਥ = ਸਗਲ–ਸਾਰੇ।ਭੈ–ਡਰ।ਲਾਥੇ–ਲਹਿ (ਦੂਰ ਹੋ) ਗਏ।ਬਿਨਸੇ–ਨਾਸ਼ ਹੋ ਗਏ।ਧਿਆਇਆ–ਧਿਆਨ ਧਾਰਿਆ।੧।ਪ੍ਰਭ ਜੀਉ–ਹੇ ਪ੍ਰਭੂ ਜੀਉ!।ਸਾਹਿਬੁ–ਮਾਲਕ।ਦੀਨ ਦਇਆਲਾ–ਹੇ ਗਰੀਬਾਂ ਉਤੇ ਦਇਆ ਕਰਨ ਵਾਲੇ!।ਗਾਵਉ–ਮੈਂ ਗਾਉਂਦਾ ਰਹਾਂ। ਰੰਗਿ ਰਾਤਾ–ਪ੍ਰੇਮ ਰੰਗ ਵਿਚ ਰੰਗਿਆ ਹੋਇਆ।ਰਹਾਉ।ਸਤਿਗੁਰਿ–ਸਤਿਗੁਰੂ ਨੇ।ਨਿਧਾਨੁ–ਖਜਾਨਾ।ਦ੍ਰਿੜਾਇਆ–ਮਨ ਵਿਚ ਪੱਕਾ ਕਰ ਦਿਤਾ।ਬਿਨਾਸੀ–ਨਾਸ਼ ਹੋ ਗਈ।ਕਰਿ ਲੀਨਾ–ਬਣਾ ਲਿਆ।ਮਨਿ–ਮਨ ਵਿਚ।ਅਬਿਨਾਸੀ–ਨਾਸ਼ ਰਹਿਤ ਪ੍ਰਭੂ।੨।ਤਾ ਕਉ–ਉਸ ਨੂੰ।ਬਿਘਨੁ–ਔਕੜ।ਕੋਊ–ਕੋਈ।ਰਿਦ ਅੰਤਰਿ–ਹਿਰਦੇ ਅੰਦਰ।੩।ਜਿਨਿ–ਜਿਸ ਨੇ। ਪੁਜਾਈ–ਪੂਰੀ ਕੀਤੀ ਹੈ।ਤਾ ਕੈ–ਉਸ ਦੇ।ਬਲਿਹਾਰੈ–ਕੁਰਬਾਨ ਜਾਂਦਾ ਹੈ।ਪੂਰਨ–ਪੂਰਨ ਤੌਰ ਤੇ।ਪੈਜ–ਇੱਜਤ।੪।੧੪।੨੫।

ਸੋਰਠਿ ਮਹਲਾ ੫ ॥ ਮਾਇਆ ਮੋਹ ਮਗਨੁ ਅੰਧਿਆਰੈ, ਦੇਵਨਹਾਰੁ ਨ ਜਾਨੈ ॥ ਜੀਉ ਪਿੰਡੁ ਸਾਜਿ ਜਿਨਿ ਰਚਿਆ, ਬਲੁ ਅਪੁਨੋ ਕਰਿ ਮਾਨੈ ॥੧॥ ਮਨ ਮੂੜੇ, ਦੇਖਿ ਰਹਿਓ ਪ੍ਰਭ ਸੁਆਮੀ ॥ ਜੋ ਕਿਛੁ ਕਰਹਿ ਸੋਈ ਸੋਈ ਜਾਣੈ, ਰਹੈ ਨ ਕਛੂਐ ਛਾਨੀ ॥ਰਹਾਉ॥ ਜਿਹਵਾ ਸੁਆਦ ਲੋਭ ਮਦਿ ਮਾਤੋ, ਉਪਜੇ ਅਨਿਕ ਬਿਕਾਰਾ ॥ ਬਹੁਤੁ ਜੋਨਿ ਭਰਮਤ ਦੁਖੁ ਪਾਇਆ, ਹਉਮੈ ਬੰਧਨ ਕੇ ਭਾਰਾ ॥੨॥ ਦੇਇ ਕਿਵਾੜ ਅਨਿਕ ਪੜਦੇ ਮਹਿ, ਪਰ ਦਾਰਾ ਸੰਗਿ ਫਾਕੈ ॥ ਚਿਤ੍ਰ ਗੁਪਤੁ ਜਬ ਲੇਖਾ ਮਾਗੈ, ਤਬ ਕਉਣੁ ਪੜਦਾ ਤੇਰਾ ਢਾਕੈ ॥੩॥ ਦੀਨ ਦਇਆਲ ਪੂਰਨ ਦੁਖ ਭੰਜਨ, ਤੁਮ ਬਿਨੁ ਓਟ ਨ ਕਾਈ ॥ ਕਾਢਿ ਲੇਹੁ ਸੰਸਾਰ ਸਾਗਰ ਮਹਿ, ਨਾਨਕ ਪ੍ਰਭ ਸਰਣਾਈ ॥੪॥੧੫॥੨੬॥ (ਹੇ ਭਾਈ! ਮਨੁੱਖ) ਮਾਇਆ ਦੇ ਮੋਹ ਦੇ ਹਨ੍ਹੇਰੇ ਵਿਚ ਮਸਤ ਹੈ, ਦਾਤਾਂ ਦੇਣ ਵਾਲੇ ਪ੍ਰਭੂ ਨੂੰ (ਇਹ) ਜਾਣਦਾ ਹੀ ਨਹੀਂ।ਜਿਸ ਪ੍ਰਭੂ ਨੇ ਜਿੰਦ ਤੇ ਸਰੀਰ ਸਾਜ ਕੇ (ਇਸ ਨੂੰ) ਰਚਿਆ ਹੈ, (ਉਸ ਤੋਂ ਬੇਮੁਖ ਹੋ ਕੇ ਇਹ) ਮੰਨਦਾ ਹੈ ਕਿ (ਉਸ ਵਿਚ ਜੋ) ਤਾਕਤ ਹੈ, (ਉਹ ਉਸ ਦੀ) ਅਪਣੇ ਕਰਕੇ ਹੈ; (ਮਨੁੱਖ ਹਰ ਕੰਮ ਕਰਨ ਵਿਚ) ਅਪਣੀ ਤਾਕਤ ਮੰਨਦਾ ਹੈ।੧।ਹੇ ਮੂਰਖ ਮਨ! ਮਾਲਕ ਪ੍ਰਭੂ (ਤੇਰੇ ਸਾਰੇ ਕਰਮ) ਦੇਖ ਰਿਹਾ ਹੈ।ਜੋ ਕੁਛ ਤੂੰ (ਲੁਕ ਛਿਪ ਕੇ ਕਰਮ) ਕਰਦਾ ਹੈਂ, (ਤੇਰਾ) ਓਹ ਓਹ ਕਰਮ ਪ੍ਰਭੂ ਜਾਣਦਾ ਹੈ, (ਉਸ ਤੋਂ) ਕੁਛ ਵੀ ਲੁਕਿਆ ਛਿਪਿਆ ਨਹੀਂ ਰਹਿ ਸਕਦਾ।ਰਹਾਉ।(ਹੇ ਭਾਈ! ਮਨੁੱਖ) ਜੀਭ ਦੇ ਸੁਆਦ, ਪਦਾਰਥਾਂ ਦੇ ਲੋਭ ਅਤੇ ਹੰਕਾਰ ਦੇ ਨਸ਼ੇ ਵਿਚ ਮਸਤ ਰਹਿੰਦਾ ਹੈ, (ਜਿਸ ਕਰਕੇ ਇਸ ਦੇ ਮਨ ਵਿਚ) ਅਨੇਕਾਂ ਵਿਕਾਰ ਪੈਦਾ ਹੋ ਜਾਂਦੇ ਹਨ। ਹਉਮੈ ਆਦਿਕ ਬੰਧਨਾਂ ਦੇ ਭਾਰ ਕਰਕੇ (ਮਨੁੱਖ ਨੇ) ਬਹੁਤ ਜੋਨੀਆਂ ਵਿਚ ਭਟਕਦਿਆਂ ਦੁਖ ਹੀ ਪਾਇਆ ਹੈ।੨ (ਹੇ ਮਨੁੱਖ! ਤੂੰ) ਬੂਹੇ ਬੰਦ ਕਰਕੇ ਅਨੇਕਾਂ ਪੜਦਿਆਂ ਵਿਚ (ਲੁਕ ਕੇ) ਪਰਾਈ ਇਸਤ੍ਰੀ ਨਾਲ ਵਿਸ਼ੇ ਭੋਗਦਾ ਹੈ।ਚਿਤ੍ਰ ਗੁਪਤ ਜਦ (ਕੀਤੇ ਕੁਕਰਮਾਂ ਦਾ) ਲੇਖਾ ਮੰਗਣਗੇ, ਤਦ (ਉਸ ਵੇਲੇ ਤੇਰਾ) ਪੜਦਾ ਕੌਣ ਢਕੇਗਾ? (ਉਸ ਵੇਲੇ ਸਾਰੇ ਮਾੜੇ ਕਰਮ ਉਘੜ ਆਉਣਗੇ)।੩।ਹੇ

ਦੀਨਾਂ ਤੇ ਦਇਆ ਕਰਨ ਵਾਲੇ ਪ੍ਰਭੂ! ਹੇ ਦੁੱਖ ਦੇ ਨਾਸ਼ ਕਰਨ ਵਾਲੇ ਪਰੀ ਪੂਰਨ ਪ੍ਰਭੂ! ਤੇਰੇ ਬਿਨਾ ਮੇਰਾ ਕੋਈ ਆਸਰਾ ਨਹੀਂ ਹੈ। ਹੇ ਪ੍ਰਭੂ! ਨਾਨਕ ਤੇਰੀ ਸ਼ਰਣ ਵਿਚ ਆਇਆ ਹੈ, ਸੰਸਾਰ ਸਾਗਰ ਵਿਚ (ਡੁਬਦੇ ਨੂੰ ਬਾਹਰ) ਕੱਢ ਲਵੋ ਜੀ।੪।੧੫।੨੬।

ਪਦਾਰਥ = ਮਗਨੁ-ਮਸਤ।ਅੰਧਿਆਰੈ-ਹਨ੍ਹੇਰੇ ਵਿਚ।ਦੇਵਨਹਾਰੁ-ਦੇਣ ਵਾਲਾ।ਨ ਜਾਨੈ-ਨਹੀਂ ਜਾਣਦਾ।ਜੀਉ-ਜਿੰਦ।ਪਿੰਡੁ-ਸਰੀਰ।ਸਾਜਿ-ਬਣਾ ਕੇ।ਜਿਨਿ-ਜਿਸ ਨੇ।ਰਚਿਆ-ਪੈਦਾ ਕੀਤਾ।ਬਲੁ-ਤਾਕਤ।ਮਾਨੈ-ਮੰਨਦਾ ਹੈ।੧।ਮਨ ਮੂੜੇ-ਹੇ ਮੂਰਖ ਮਨ!।ਦੇਖਿ ਰਹਿਓ-ਦੇਖ ਰਿਹਾ ਹੈ।ਸੁਆਮੀ-ਮਾਲਕ।ਸੋਈ-ਉਹ ਹੀ।ਕਛੂਐ-ਕੁਛ ਵੀ।ਛਾਨੀ-ਲੁਕੀ ਛਿਪੀ।ਰਹਾਉ।ਜਿਹਵਾ-ਜੀਭ।ਮਦਿ-(ਹੰਕਾਰ ਦੇ) ਨਸ਼ੇ ਵਿਚ।ਮਾਤੌ-ਮਸਤ ਹੈ।ਉਪਜੇ-ਪੈਦਾ ਹੁੰਦੇ ਹਨ।ਜੋਨਿ-ਜੋਨੀਆਂ ਵਿਚ।ਭਰਮਤ-ਭਟਕਦਿਆਂ।ਭਾਰਾ-ਭਾਰ।੨।ਦੇਇ ਕਿਵਾੜ-ਦਰਵਾਜੇ ਬੰਦ ਕਰਕੇ।ਪਰ ਦਾਰਾ-ਪਰਾਈ ਇਸਤ੍ਰੀ।ਸੰਗਿ-ਨਾਲ।ਫਾਕੈ-ਵਿਸ਼ੇ ਭੋਗਦਾ (ਕੁਕਰਮ ਕਰਦਾ) ਹੈ।ਚਿਤ੍ਰ ਗੁਪਤੁ-(ਪੁਰਾਣਾਂ ਅਨੁਸਾਰ ਧਰਮਰਾਜ ਦੇ ਦੋ ਮੁਨਸ਼ੀ, ਜੋ ਜੀਵਾਂ ਦੇ ਕਰਮਾਂ ਦਾ) ਹਿਸਾਬ ਲਿਖਣ ਵਾਲੇ ਹਨ (ਗੁਰਮਤ ਅਨੁਸਾਰ ਸਾਖੀ ਆਤਮਾ, ਜੋ) ਗੁਪਤ ਰੀਤ ਨਾਲ ਸ਼ੁੱਭ ਅਸ਼ੁੱਭ ਕਰਮਾਂ ਨੂੰ ਚਿਤ੍ਰ ਕਰਦਾ ਹੈ (ਮ.ਕੋ.)।ਜਬ-ਜਦੋਂ।ਲੇਖਾ-(ਚੰਗੇ ਮਾੜੇ ਕਰਮਾਂ ਦਾ) ਹਿਸਾਬ।ਮਾਗਹਿ-ਮੰਗਣਗੇ।ਤਬ-ਤਦੋਂ।ਢਾਕੈ-ਢਕੇਗਾ।੩।ਦੀਨ ਦਇਆਲ-ਹੇ ਗਰੀਬਾਂ ਤੇ ਦਇਆ ਕਰਨ ਵਾਲੇ!।ਪੂਰਨ-ਹੇ ਸਰਬ ਵਿਆਪਕ ਪ੍ਰਭੂ!।ਦੁਖ ਭੰਜਨ-ਹੇ ਦੁਖ ਨਾਸ਼ ਕਰਨ ਵਾਲੇ!।ਕਾਈ-ਕੋਈ।ਕਾਢਿ ਲੇਹੁ-ਕੱਢ ਲੈ।੪।੧੫।੨੬।

ਸੋਰਠਿ ਮਹਲਾ ੫ ॥ ਪਾਰਬ੍ਰਹਮੁ ਹੋਆ ਸਹਾਈ, ਕਥਾ ਕੀਰਤਨੁ ਸੁਖਦਾਈ ॥ ਗੁਰ ਪੂਰੇ ਕੀ ਬਾਣੀ, ਜਪਿ ਅਨਦੁ ਕਰਹੁ ਨਿਤ ਪ੍ਰਾਣੀ ॥੧॥ ਹਰਿ ਸਾਚਾ ਸਿਮਰਹੁ ਭਾਈ ॥ ਸਾਧ ਸੰਗਿ ਸਦਾ ਸੁਖੁ ਪਾਈਐ, ਹਰਿ ਬਿਸਰਿ ਨ ਕਬਹੂ ਜਾਈ ॥ਰਹਾਉ॥ ਅੰਮ੍ਰਿਤ ਨਾਮੁ ਪਰਮੇਸਰੁ ਤੇਰਾ, ਜੋ ਸਿਮਰੈ ਸੋ ਜੀਵੈ ॥ ਜਿਸ ਨੋ ਕਰਮਿ ਪਰਾਪਤਿ ਹੋਵੈ, ਸੋ ਜਨੁ ਨਿਰਮਲੁ ਥੀਵੈ ॥੨॥ ਬਿਘਨ ਬਿਨਾਸਨ ਸਭਿ ਦੁਖ ਨਾਸਨ, ਗੁਰ ਚਰਣੀ ਮਨੁ ਲਾਗਾ ॥ ਗੁਣ ਗਾਵਤ ਅਚੁਤ ਅਬਿਨਾਸੀ, ਅਨਦਿਨੁ ਹਰਿ ਰੰਗਿ ਜਾਗਾ ॥੩॥ ਮਨ ਇਛੇ ਸੇਈ ਫਲ ਪਾਏ, ਹਰਿ ਕੀ ਕਥਾ ਸੁਹੇਲੀ ॥ ਆਦਿ ਅੰਤਿ ਮਧਿ ਨਾਨਕ ਕਉ ,ਸੋ ਪ੍ਰਭੁ ਹੋਆ ਬੇਲੀ ॥੪॥੧੬॥੨੭॥ (ਹੇ ਭਾਈ! ਹਰੀ ਦਾ) ਕੀਰਤਨ ਤੇ ਕਥਾ ਸੁਖ ਦੇਣ ਵਾਲੇ ਹਨ, (ਜਿਨ੍ਹਾਂ ਨੇ ਕਥਾ ਤੇ ਕੀਰਤਨ ਸੁਣਿਆ ਹੈ), ਪ੍ਰਭੂ (ਉਨ੍ਹਾਂ ਦਾ ਹਰ ਥਾਂ) ਸਹਾਈ ਹੋਇਆ ਹੈ।ਹੇ ਪ੍ਰਾਣੀ! ਪੂਰੇ ਗੁਰੂ ਦੀ ਬਾਣੀ ਪੜ੍ਹ ਕੇ ਹਰ ਰੋਜ ਆਤਮਕ ਅਨੰਦ ਮਾਣਿਆ ਕਰ।੧।ਹੇ ਭਾਈ! ਸੱਚੇ ਹਰੀ ਨੂੰ ਸਿਮਰੋ।ਸਾਧ ਸੰਗਤ ਵਿਚ (ਹਰੀ ਦਾ ਨਾਮ ਸਿਮਰ ਕੇ) ਸਦਾ ਸੁਖ ਪਾਈਦਾ ਹੈ, (ਸਾਧ ਸੰਗਤ ਦੇ ਪ੍ਰਤਾਪ ਕਰਕੇ) ਹਰੀ ਕਦੇ ਭੁੱਲ ਨਹੀਂ ਜਾਂਦਾ।ਰਹਾਉ।ਹੇ ਪ੍ਰਮੇਸਰ! ਤੇਰਾ ਨਾਮ (ਮਨੁੱਖ ਨੂੰ) ਅਮਰ ਕਰ ਦੇਣ ਵਾਲਾ ਹੈ, ਜੋ (ਇਸ ਨਾਮ ਨੂੰ) ਸਿਮਰਦਾ ਹੈ, ਉਹ (ਸਦਾ) ਜਿਉਂਦਾ ਰਹਿੰਦਾ ਹੈ।(ਇਹ ਨਾਮ ਜਿਸ ਨੂੰ ਚੰਗੇ) ਕਰਮਾਂ ਕੇ (ਜਾਂ ਪ੍ਰਭੂ ਦੀ) ਮੇਹਰ ਨਾਲ ਪ੍ਰਾਪਤ ਹੁੰਦਾ ਹੈ, ਉਹ ਪੁਰਖ ਨਿਰਮਲ (ਜੀਵਨ ਵਾਲਾ) ਹੁੰਦਾ ਹੈ।੨।(ਹੇ ਭਾਈ! ਪ੍ਰਭੂ ਦਾ ਨਾਮ) ਸਾਰੇ ਬਿਘਨ ਨਾਸ਼ ਕਰਨ ਵਾਲਾ ਤੇ ਦੁੱਖ ਨਾਸ਼ ਕਰਨ ਵਾਲਾ ਹੈ, (ਜਿਸ ਮਨੁੱਖ ਦਾ ਮਨ) ਗੁਰੂ ਦੇ ਚਰਨਾਂ ਵਿਚ ਜੁੜਿਆ ਹੈ।ਉਹ ਅਟੱਲ ਤੇ ਨਾਸ਼ ਰਹਿਤ ਪ੍ਰਭੂ ਦੇ ਗੁਣ ਗਾਉਂਦਾ ਹੋਇਆ ਹਰ ਰੋਜ ਹਰੀ ਦੇ ਪ੍ਰੇਮ ਵਿਚ ਜਾਗਦਾ ਰਹਿੰਦਾ ਹੈ (ਸੁਚੇਤ ਰਹਿੰਦਾ ਹੈ, ਕਾਮਾਦਿਕਾਂ ਵੱਲੋਂ ਠੱਗਿਆ ਨਹੀਂ ਜਾ ਸਕਦਾ)।੩।(ਜੋ ਮਨੁੱਖ) ਹਰੀ ਦੀ ਸੁਖ ਦੇਣ ਵਾਲੀ ਕਥਾ ਸੁਣਦਾ ਹੈ, ਮਨ ਵਿਚ (ਉਹ ਜੋ) ਇੱਛਾ ਕਰਦਾ ਹੈ, ਉਹ ਹੀ ਫਲ ਪ੍ਰਾਪਤ ਕਰ ਲੈਂਦਾ ਹੈ।ਨਾਨਕ ਨੂੰ ਬਚਪਨ, ਜਵਾਨੀ ਤੇ ਅੰਤ ਸਮੇਂ ਵਿਚ ਉਹ ਪ੍ਰਭੂ ਸਹਾਈ ਹੋਇਆ ਹੈ।੪।੧੬।੨੭।

ਪਦਾਰਥ = ਸਹਾਈ-ਸਹਾਇਤਾ ਕਰਦਾ ਵਾਲਾ।ਸੁਖਦਾਈ-ਸੁਖ ਦੇਣ ਵਾਲਾ।ਜਪਿ-ਜਪ (ਪੜ੍ਹ) ਕੇ।ਅਨਦੁ ਕਰਹੁ-ਆਤਮਕ ਅਨੰਦ ਮਾਣਿਆ ਕਰ।ਨਿਤ-ਸਦਾ; ਹਰ ਰੋਜ।ਪ੍ਰਾਣੀ-ਹੇ ਮਨੁੱਖ!।੧।ਭਾਈ-ਹੇ ਭਾਈ!।ਬਿਸਰਿ ਨ ਜਾਈ-ਭੁੱਲ ਨਹੀਂ ਜਾਂਦਾ। ਕਬਹੂ-ਕਦੇ।ਰਹਾਉ।ਅੰਮ੍ਰਿਤ-ਅਮਰ ਕਰ ਦੇਣ ਵਾਲਾ।ਸੋ-ਉਹ।ਜੀਵੈ-(ਸਦਾ ਲਈ) ਜਿਉਂਦਾ ਹੈ।ਕਰਮਿ-ਸ਼ੁੱਭ ਕਰਮਾਂ ਕਰਕੇ; ਚੰਗੇ ਭਾਗਾਂ ਕਰਕੇ; ਰੱਬ ਦੀ ਮੇਹਰ ਨਾਲ।ਜਨੁ-ਪੁਰਖ।ਨਿਰਮਲੁ-ਪਵਿਤ੍ਰ।ਥੀਵੈ-ਹੁੰਦਾ ਹੈ।੨।ਬਿਨਾਸਨ-ਨਾਸ਼ ਕਰਨ ਵਾਲਾ। ਨਾਸਨ-ਨਾਸ਼ ਕਰਨ ਵਾਲਾ।ਲਾਗਾ-ਲੱਗਿਆ (ਜੁੜਿਆ) ਹੈ।ਅਚੁਤ-ਅਟੱਲ।ਅਬਿਨਾਸੀ-ਨਾਸ਼ ਰਹਿਤ।ਅਨਦਿਨੁ-ਹਰ ਰੋਜ। ਜਾਗਾ-ਜਾਗਦਾ ਹੈ।੩।ਸੇਈ-ਉਹ ਹੀ।ਸੁਹੇਲੀ-ਸੁਖ ਦੇਣ ਵਾਲੀ।ਆਦਿ-ਸ਼ੁਰੂ (ਬਚਪਨ) ਵਿਚ।ਅੰਤਿ-ਅੰਤ (ਮਰਨ ਦੇ) ਸਮੇਂ। ਮਧਿ-ਵਿਚਕਾਰਲੇ ਸਮੇਂ (ਜੀਵਨ ਵਿਚ)।ਕਉ-ਨੂੰ; ਵਾਸਤੇ।ਬੇਲੀ-ਸਹਾਈ; ਮਿਤ੍ਰ।੪।੧੬।੨੭।

ਸੋਰਠਿ ਮਹਲਾ ੫ ਪੰਚਪਦਾ ॥ ਬਿਨਸੈ ਮੋਹੁ ਮੇਰਾ ਅਰੁ ਤੇਰਾ, ਬਿਨਸੈ ਅਪਨੀ ਧਾਰੀ ॥੧॥ ਸੰਤਹੁ ਇਹਾ ਬਤਾਵਹੁ ਕਾਰੀ ॥ ਜਿਤੁ ਹਉਮੈ ਗਰਬੁ ਨਿਵਾਰੀ ॥੧॥ਰਹਾਉ॥ ਸਰਬ ਭੂਤ ਪਾਰਬ੍ਰਹਮੁ ਕਰਿ ਮਾਨਿਆ, ਹੋਵਾਂ ਸਗਲ ਰੇਨਾਰੀ ॥੨॥ ਪੇਖਿਓ ਪ੍ਰਭ ਜੀਉ ਅਪੁਨੈ ਸੰਗੇ, ਚੁਕੈ ਭੀਤਿ ਭ੍ਰਮਾਰੀ ॥੩॥ ਅਉਖਧੁ ਨਾਮੁ ਨਿਰਮਲ ਜਲੁ ਅੰਮ੍ਰਿਤੁ ,ਪਾਈਐ ਗੁਰੂ ਦੁਆਰੀ ॥੪॥ ਕਹੁ ਨਾਨਕ ਜਿਸੁ

ਮਸਤਕਿ ਲਿਖਿਆ, ਤਿਸੁ ਗੁਰ ਮਿਲਿ ਰੋਗ ਬਿਦਾਰੀ ॥੪॥੧੭॥੨੮॥ (ਹੇ ਸੰਤ ਜਨੋਂ! ਕੋਈ ਐਸੀ ਦਵਾਈ ਦੱਸੋ, ਜਿਸ ਨਾਲ ਪਦਾਰਥਾਂ ਦਾ) ਮੋਹ, ਮੇਰਾ ਤੇਰਾ ਦਾ ਵਿਤਕਰਾ ਦੂਰ ਹੋ ਜਾਵੇ ਅਤੇ ਧਾਰਨ ਕੀਤੀ ਅਪਣੱਤ (ਦੇਹ ਅਭਿਮਾਨ) ਨਾਸ਼ ਹੋ ਜਾਵੇ।੧। ਹੇ ਸੰਤ ਜਨੋਂ! ਮੈਨੂੰ ਇਹੋ ਜਿਹੀ ਦਵਾਈ ਦੱਸੋ। ਜਿਸ ਨਾਲ ਮੈਂ ਹਉਮੈ ਤੇ ਵਡੱਪਣ ਦਾ ਹੰਕਾਰ ਦੂਰ ਕਰ ਲਵਾਂ।੧।ਰਹਾਉ।ਸਾਰੀ ਸ੍ਰਿਸਟੀ ਨੂੰ ਮੈਂ ਹਰੀ ਦਾ ਰੂਪ ਕਰਕੇ ਮੰਨ ਲਵਾਂ ਤੇ ਸਭ ਦੇ ਚਰਨਾਂ ਦੀ ਧੂੜ ਹੋ ਜਾਵਾਂ।੨।ਪ੍ਰਭੂ ਨੂੰ ਅਪਣੇ ਨਾਲ ਵਸਦਾ ਦੇਖ ਲਵਾਂ ਅਤੇ ਭਰਮ ਦੀ ਕੰਧ ਦੂਰ ਹੋ ਜਾਵੇ।੩।(ਹੇ ਭਾਈ! ਉਹ) ਦਵਾਈ ਹੈ ਪ੍ਰਭੂ ਦਾ ਨਾਮ, ਜੋ ਪਵਿਤ੍ਰ ਅੰਮ੍ਰਿਤ ਜਲ ਹੈ, (ਪਰ ਇਹ ਨਾਮ) ਗੁਰੂ ਦੇ ਦਰ ਤੋਂ ਪ੍ਰਾਪਤ ਹੁੰਦਾ ਹੈ।੪।ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ ਮਨੁੱਖ ਦੇ ਮੱਥੇ ਉਤੇ (ਨਾਮ ਪ੍ਰਾਪਤੀ ਦਾ) ਲੇਖ ਲਿਖਿਆ ਹੁੰਦਾ ਹੈ, ਉਸ ਦੇ (ਉਪਰੋਕਤ ਸਾਰੇ) ਰੋਗ ਗੁਰੂ ਨੂੰ ਮਿਲ ਕੇ ਹੋ ਗਏ ਹਨ।੪।੧੭।੨੮।

ਪਦਾਰਥ = ਬਿਨਸੈ–ਨਾਸ਼ ਹੋ ਜਾਵੇ।ਮੇਰਾ ਅਰੁ ਤੇਰਾ–ਮੇਰਾ ਅਤੇ ਤੇਰਾ ਵਾਲਾ ਵਿਤਕਰਾ।ਅਪਨੀ ਧਾਰੀ–ਧਾਰਨ ਕੀਤੀ ਅਪਣੱਤ।੧।ਸੰਤਹੁ–ਹੇ ਸੰਤ ਜਨੋਂ!।ਇਹਾ–ਇਹੋ ਜਿਹੀ।ਬਤਾਵਹੁ–ਦੱਸੋ।ਕਾਰੀ–ਦਵਾਈ।ਜਿਤ–ਜਿਸ ਨਾਲ।ਹਉਮੈ ਗਰਬੁ–ਹਉਮੈ ਦਾ ਹੰਕਾਰ (ਸ਼ਬਦਾਰਥ); ਧਨ ਦਾ ਹੰਕਾਰ ਤੇ ਉਚੀ ਜਾਤੀ ਦਾ ਅਭਿਮਾਨ; ਹੰਕਾਰ ਦੇ ਕਾਰਣ ਵਡੱਪਣ ਦਾ ਖਿਆਲ।ਨਿਵਾਰੀ–ਦੂਰ ਹੋ ਜਾਵੇ।੧। ਰਹਾਉ।ਸਰਬ ਭੂਤ–ਸਭ ਜੀਵਾਂ ਨੂੰ ;ਸਾਰੀ ਸ੍ਰਿਸਟੀ ਨੂੰ।ਕਰਿ ਮਾਨਿਆ–ਕਰਕੇ ਮੰਨ ਲਵਾਂ।ਸਗਲ ਰੇਨਾਰੀ–ਸਭ ਦੇ ਚਰਨਾਂ ਦੀ ਧੂੜ।ਭ੍ਰਮਾਰੀ–ਭਰਮ ਦੀ।੩।ਅਉਖਧੁ–ਦਵਾਈ।ਨਿਰਮਲ–ਮੈਲ ਰਹਿਤ; ਪਵਿਤ੍ਰ।ਗੁਰੂ ਦੁਆਰੀ–ਗੁਰੂ ਦੇ ਦਰ ਤੋਂ; ਗੁਰੂ ਦੁਆਰਾ (ਰਾਹੀਂ)।੪।ਮਸਤਕਿ–ਮੱਥੇ ਉਤੇ।ਤਿਸੁ–ਉਸ ਦੇ।ਬਿਦਾਰੀ–ਨਾਸ਼ ਹੋ ਗਏ ਹਨ।੪।੧੭।੨੮।

ਅੰਗ ੬੧੭ = ਸੋਰਠਿ ਮਹਲਾ ੫ ਘਰੁ ੨ ਦੁਪਦੇ ੴ ਸਤਿਗੁਰ ਪ੍ਰਸਾਦਿ ॥ ਸਗਲ ਬਨਸਪਤਿ ਮਹਿ ਬੈਸੰਤਰੁ ,ਸਗਲ ਦੂਧ ਮਹਿ ਘੀਆ ॥ ਊਚ ਨੀਚ ਮਹਿ ਜੋਤਿ ਸਮਾਣੀ, ਘਟਿ ਘਟਿ ਮਾਧਉ ਜੀਆ ॥੧॥ ਸੰਤਹੁ ਘਟਿ ਘਟਿ ਰਹਿਆ ਸਮਾਹਿਓ ॥ ਪੂਰਨ ਪੂਰਿ ਰਹਿਓ ਸਰਬ ਮਹਿ, ਜਲਿ ਥਲਿ ਰਮਈਆ ਆਹਿਓ ॥੧॥ਰਹਾਉ॥ ਗੁਣ ਨਿਧਾਨ ਨਾਨਕੁ ਜਸੁ ਗਾਵੈ, ਸਤਿਗੁਰਿ ਭਰਮੁ ਚੁਕਾਇਓ ॥ ਸਰਬ ਨਿਵਾਸੀ ਸਦਾ ਅਲੇਪਾ, ਸਭ ਮਹਿ ਰਹਿਆ ਸਮਾਇਓ ॥੨॥੧॥੨੯॥ (ਹੇ ਭਾਈ! ਜਿਵੇਂ) ਸਾਰੀ ਬਨਸਪਤੀ ਵਿਚ ਅੱਗ ਮੌਜੂਦ ਹੈ (ਬਾਲਿਆਂ ਪ੍ਰਗਟ ਹੁੰਦੀ ਹੈ) ਅਤੇ ਸਾਰੇ (ਕਿਸਮ ਦੇ) ਦੁੱਧ ਵਿਚ ਘਿਓ ਹੁੰਦਾ ਹੈ।(ਇਸੇ ਤਰ੍ਹਾਂ) ਉਚੇ ਨੀਵੇਂ (ਛੋਟੇ ਵੱਡੇ ਚੰਗੇ ਮੰਦੇ ਸਭ) ਜੀਵਾਂ ਵਿਚ ਪ੍ਰਭੂ ਦੀ ਜੋਤ ਸਮਾਈ ਹੋਈ ਹੈ, ਹਰੇਕ ਜੀਵ ਦੇ ਹਿਰਦੇ ਵਿਚ ਪ੍ਰਭੂ ਮੌਜੂਦ ਹੈ।੧।ਹੇ ਸੰਤ ਜਨੋਂ! ਪ੍ਰਭੂ ਹਰੇਕ ਜੀਵ ਦੇ ਹਿਰਦੇ ਵਿਚ ਸਮਾ ਰਿਹਾ ਹੈ।ਪ੍ਰਭੂ ਪੂਰੀ ਤਰ੍ਹਾਂ ਸਾਰੇ ਜੀਵਾਂ ਵਿਚ ਪੂਰਨ ਹੋ ਰਿਹਾ ਹੈ, ਉਹ ਪ੍ਰਭੂ ਜਲ ਵਿਚ ਥਲ ਵਿਚ (ਸਭ ਜਗ੍ਹਾ) ਮੌਜੂਦ ਹੈ।੧।ਰਹਾਉ।ਨਾਨਕ ਗੁਣਾਂ ਦੇ ਖਜਾਨੇ ਪ੍ਰਭੂ ਦਾ ਜਸ ਗਾਉਂਦਾ ਹੈ, ਸਤਿਗੁਰੂ ਨੇ ਮੇਰਾ ਭਰਮ ਦੂਰ ਕਰ ਦਿਤਾ ਹੈ।(ਹੁਣ ਮੈਨੂੰ ਦਿਸਦਾ ਹੈ ਕਿ) ਪ੍ਰਭੂ ਸਾਰੇ ਜੀਵਾਂ ਵਿਚ ਨਿਵਾਸ ਕਰਨ ਵਾਲਾ ਹੈ, ਸਭ ਜੀਵਾਂ ਵਿਚ ਸਮਾ ਰਿਹਾ ਹੈ ,(ਪਰ ਉਹ ਸਭ ਤੋਂ) ਸਦਾ ਨਿਰਲੇਪ ਰਹਿੰਦਾ ਹੈ।੨।੧।੨੯।

ਪਦਾਰਥ = ਸਗਲ–ਸਾਰੀ।ਬਨਸਪਤਿ ਮਹਿ–(ਜਮੀਨ ਵਿਚੋਂ ਉਗਣ ਵਾਲੇ) ਬੇਲ ਬੂਟਿਆਂ ਬ੍ਰਿਛਾਂ ਆਦਿਕ ਵਿਚ।ਬੈਸੰਤਰੁ–ਅੱਗ।ਘੀਆ–ਘਿਓ।ਜੋਤਿ–ਪ੍ਰਭੂ ਦੀ ਚੇਤਨ ਸੱਤਾ।ਸਮਾਣੀ–ਸਮਾਈ ਹੋਈ ਹੈ।ਘਟਿ ਘਟਿ–ਹਰੇਕ ਜੀਵ ਦੇ ਹਿਰਦੇ ਵਿਚ।ਮਾਧਉ–ਮਾਇਆ ਦਾ ਪਤੀ ਪ੍ਰਭੂ।ਜੀਆ–ਜੀਵਾਂ ਵਿਚ।੧।ਸੰਤਹੁ–ਹੇ ਸੰਤ ਜਨੋਂ!।ਰਹਿਆ ਸਮਾਹਿਓ–ਸਮਾ ਰਿਹਾ ਹੈ।ਪੂਰਨ–ਪੂਰੀ ਤਰ੍ਹਾਂ। ਪੂਰਿ ਰਹਿਓ–ਵਿਆਪਕ ਹੋ ਰਿਹਾ ਹੈ।ਸਰਬ ਮਹਿ–ਸਭ ਜੀਵਾਂ ਵਿਚ।ਜਲਿ–ਪਾਣੀ ਵਿਚ।ਥਲਿ–ਸੁੱਕੀ ਧਰਤੀ ਵਿਚ।ਰਮਈਆ–ਪ੍ਰਭੂ।ਆਹਿਓ–ਹੈ।੧।ਰਹਾਉ।ਗੁਣ ਨਿਧਾਨ–ਗੁਣਾਂ ਦਾ ਖਜਾਨਾ।ਸਤਿਗੁਰਿ–ਸਤਿਗੁਰੂ ਨੇ।ਚੁਕਾਇਓ–ਦੂਰ ਕਰ ਦਿਤਾ।ਨਿਵਾਸੀ–ਨਿਵਾਸ ਕਰਨ ਵਾਲਾ ਪ੍ਰਭੂ।ਅਲੇਪਾ–ਨਿਰਲੇਪ।੨।੧।੨੯।

ਸੋਰਠਿ ਮਹਲਾ ੫ ॥ ਜਾ ਕੈ ਸਿਮਰਣਿ ਹੋਇ ਅਨੰਦਾ, ਬਿਨਸੈ ਜਨਮ ਮਰਣ ਭੈ ਦੁਖੀ ॥ ਚਾਰਿ ਪਦਾਰਥ ਨਵਨਿਧਿ ਪਾਵਹਿ, ਬਹੁਰਿ ਨ ਤ੍ਰਿਸਨਾ ਭੁਖੀ ॥੧॥ ਜਾ ਕੋ ਨਾਮੁ ਲੈਤ ਤੂ ਸੁਖੀ ॥ ਸਾਸਿ ਸਾਸਿ ਧਿਆਵਹੁ ਠਾਕੁਰ ਕਉ ,ਮਨ ਤਨ ਜੀਅਰੇ ਮੁਖੀ ॥੧॥ ਰਹਾਉ॥ ਸਾਂਤਿ ਪਾਵਹਿ ਹੋਵਹਿ ਮਨ ਸੀਤਲ, ਅਗਨਿ ਨ ਅੰਤਰਿ ਧੁਖੀ ॥ ਗੁਰ ਨਾਨਕ ਕਉ ਪ੍ਰਭੂ ਦਿਖਾਇਆ, ਜਲਿ ਥਲਿ ਤ੍ਰਿਭਵਣਿ ਰੁਖੀ ॥੨॥੨॥੩੦॥ (ਹੇ ਭਾਈ!) ਜਿਸ ਪ੍ਰਭੂ ਦਾ ਸਿਮਰਨ ਕਰਨ ਨਾਲ ਅਨੰਦ ਪ੍ਰਾਪਤ ਹੁੰਦਾ ਹੈ ਅਤੇ ਜਮ ਦਾ ਭੈ ਤੇ ਜਨਮ ਮਰਣ ਦਾ ਦੁਖ ਵੀ ਨਾਸ਼ ਹੋ ਜਾਂਦਾ ਹੈ।(ਉਸ ਦੇ ਸਿਮਰਨ ਨਾਲ ਤੂੰ) ਚਾਰ ਪਦਾਰਥ (ਧਰਮ ਅਰਥ ਕਾਮ ਤੇ ਮੋਖਸ਼) ਤੇ ਨੌਂ ਨਿਧੀਆਂ ਪਾ ਲਵੇਂਗਾ ਅਤੇ ਮੁੜ ਕੇ ਤੈਨੂੰ ਪਦਾਰਥਾਂ ਦੀ ਤ੍ਰਿਸ਼ਨਾ ਤੇ ਭੁਖ ਨਹੀਂ ਰਹੇਗੀ।੧।(ਹੇ ਭਾਈ!) ਜਿਸ ਪ੍ਰਭੂ ਦਾ ਨਾਮ ਲੈਣ ਨਾਲ ਤੂੰ ਸੁਖੀ ਹੋਵੇਂਗਾ।ਪ੍ਰਭੂ ਨੂੰ ਸੁਆਸ ਸੁਆਸ ਮਨ, ਤਨ, ਦਿਲ ਤੇ ਮੂੰਹ ਨਾਲ ਧਿਆਵੋ।੧।ਰਹਾਉ।(ਹੇ ਭਾਈ! ਜਿਸ ਦੇ ਸਿਮਰਨ ਨਾਲ ਤੂੰ)

ਸ਼ਾਂਤੀ ਪਾ ਲਵੇਂਗਾ, ਮਨ ਸੀਤਲ ਹੋ ਜਾਵੇਂਗਾ ਅਤੇ ਹਿਰਦੇ ਅੰਦਰ (ਕਾਮ ਕ੍ਰੋਧ ਦੀ) ਅੱਗ ਨਹੀਂ ਧੁਖੇਗੀ। ਗੁਰੂ (ਰਾਮਦਾਸ ਜੀ) ਨੇ ਨਾਨਕ ਨੂੰ ਪ੍ਰਭੂ ਦਿਖਾ ਦਿਤਾ ਹੈ, ਜੋ ਜਲ ਵਿਚ, ਥਲ ਵਿਚ, ਤਿੰਨ ਭਵਨਾਂ ਵਿਚ ਤੇ ਬ੍ਰਿਛਾਂ ਵਿਚ ਵਿਆਪਕ ਹੈ।੨।੨।੩੦।

ਪਦਾਰਥ = ਜਾ ਕੈ–ਜਿਸ ਦੇ। ਸਿਮਰਣਿ–ਸਿਮਰਨ ਕਰਨ ਨਾਲ। ਬਿਨਸੈ–ਨਾਸ਼ ਹੋ ਜਾਂਦਾ ਹੈ। ਭੈ–ਡਰ। ਦੁਖੀ–ਦੁਖ ਵੀ। ਨਵ ਨਿਧਿ–(ਦੁਨੀਆਂ ਦੇ ਸਾਰੇ) ਨੌਂ ਖਜਾਨੇ। ਬਹੁਰਿ–ਮੁੜ ਕੇ। ਤ੍ਰਿਸਨਾ–ਪਿਆਸ; ਇੱਛਾ। ਭੁਖੀ–ਭੁੱਖ।੧। ਜਾ ਕੋ–ਜਿਸ ਦਾ। ਲੈਤ–ਲੈਣ ਨਾਲ। ਸਾਸਿ ਸਾਸਿ–ਹਰੇਕ ਸਾਹ ਦੇ ਨਾਲ। ਜੀਅਰੇ–ਦਿਲ ਨਾਲ। ਮੁਖੀ–ਮੂੰਹ ਨਾਲ।੧। ਰਹਾਉ। ਹੋਵਹਿ–ਹੋ ਜਾਵੇਂਗਾ। ਸੀਤਲ–ਠੰਢਾ ਠਾਰ। ਅਗਨਿ–(ਕਾਮ ਕ੍ਰੋਧ ਜਾਂ ਤ੍ਰਿਸ਼ਨਾ ਦੀ) ਅੱਗ। ਅੰਤਰਿ–ਹਿਰਦੇ ਅੰਦਰ। ਨ ਧੁਖੀ–ਨਹੀਂ ਧੁਖੇਗੀ; ਸੁਲਘੇਗੀ। ਗੁਰ ਨਾਨਕ ਕਉ–ਗੁਰੂ ਨੇ ਨਾਨਕ ਨੂੰ। ਜਲਿ ਥਲਿ–ਪਾਣੀ ਤੇ ਸੁੱਕੀ ਧਰਤੀ ਵਿਚ। ਤ੍ਰਿਭਣਿ–ਤਿੰਨ ਭਵਨਾਂ ਵਿਚ। ਰੁਖੀ–ਬ੍ਰਿਛਾਂ ਵਿਚ।੨।੨।੩੦।

ਸੋਰਠਿ ਮਹਲਾ ੫ ॥ ਕਾਮ ਕ੍ਰੋਧ ਲੋਭ ਝੂਠ ਨਿੰਦਾ, ਇਨ ਤੇ ਆਪਿ ਛਡਾਵਹੁ ॥ ਇਹ ਭੀਤਰਿ ਤੇ ਇਨ ਕਉ ਡਾਰਹੁ ,ਆਪਨ ਨਿਕਟਿ ਬੁਲਾਵਹੁ ॥੧॥ ਅਪੁਨੀ ਬਿਧਿ ਆਪਿ ਜਨਾਵਹੁ ॥ ਹਰਿ ਜਨ ਮੰਗਲ ਗਾਵਹੁ ॥੧॥ਰਹਾਉ॥ ਬਿਸਰੁ ਨਾਹੀ ਕਬਹੂ ਹੀਏ ਤੇ, ਇਹ ਬਿਧਿ ਮਨ ਮਹਿ ਪਾਵਹੁ ॥ ਗੁਰੁ ਪੂਰਾ ਭੇਟਿਓ ਵਡਭਾਗੀ, ਜਨ ਨਾਨਕ ਕਤਹਿ ਨ ਧਾਵਹੁ ॥੨॥੩॥੩੧॥ (ਹੇ ਪ੍ਰਭੂ!) ਕਾਮ, ਕ੍ਰੋਧ, ਲੋਭ, ਝੂਠ ਤੇ ਨਿੰਦਿਆ ਆਦਿ ਇਨ੍ਹਾਂ ਵਿਕਾਰਾਂ ਤੋਂ ਆਪ (ਕ੍ਰਿਪਾ ਕਰਕੇ ਮੇਰਾ ਖਹਿੜਾ) ਛੁਡਾ ਦਿਓ ਜੀ। ਇਸ ਮਨ ਦੇ ਅੰਦਰ ਤੋਂ ਇਨ੍ਹਾਂ ਵਿਕਾਰਾਂ ਨੂੰ ਕੱਢ ਦਿਓ ਅਤੇ ਮੈਨੂੰ ਅਪਣੇ ਨੇੜੇ ਬੁਲਾ ਲਵੋ।੧। ਹੇ ਹਰੀ! ਅਪਣੇ ਮਿਲਣ ਦੀ ਜੁਗਤੀ ਆਪ ਹੀ ਮੈਨੂੰ ਬੁਝਾ ਦਿਓ। ਹੇ ਹਰੀ! (ਮੇਰੇ ਤੇ ਕ੍ਰਿਪਾ ਕਰ), ਮੈਂ ਤੇਰੇ ਸੰਤ ਜਨਾਂ ਨਾਲ ਮਿਲ ਕੇ ਖੁਸ਼ੀ ਦੇ ਗੀਤ (ਤੇਰਾ ਜਸ) ਗਾਉਂਦਾ ਰਹਾਂ।੧। ਰਹਾਉ। (ਹੇ ਹਰੀ! ਤੁਸੀਂ ਮੇਰੇ) ਮਨ ਵਿਚ ਇਹ ਜੁਗਤੀ ਪਾ ਦਿਓ, (ਕਿ ਆਪ ਮੇਰੇ) ਹਿਰਦੇ ਤੋਂ ਕਦੇ ਨਾ ਭੁੱਲੋ। ਦਾਸ ਨਾਨਕ ਆਖਦਾ ਹੈ ਕਿ ਮੈਨੂੰ ਵੱਡੇ ਭਾਗਾਂ ਨਾਲ ਪੂਰਾ ਗੁਰੂ ਮਿਲਿਆ ਹੈ, (ਹੁਣ ਮੈਂ ਗੁਰੂ ਨੂੰ ਛਡ ਕੇ) ਕਿਸੇ ਪਾਸੇ ਨਹੀਂ ਦੌੜਦਾ।੨।੩।੩੧।

ਪਦਾਰਥ = ਇਨ ਤੇ–ਇਨ੍ਹਾਂ ਤੋਂ। ਇਹ ਭੀਤਰਿ ਤੇ–ਇਸ ਮਨ ਦੇ ਅੰਦਰ ਤੋਂ। ਇਨ ਕਉ–ਇਨ੍ਹਾਂ ਨੂੰ। ਡਾਰਹੁ–ਕੱਢ ਦਿਓ। ਆਪਨ ਨਿਕਟਿ–ਅਪਣੇ ਨੇੜੇ।੧। ਬਿਧਿ–ਜੁਗਤੀ। ਜਨਾਵਹੁ–ਸਮਝਾ ਦਿਓ। ਜਨ–ਸੰਤ ਜਨ। ਗਾਵਹੁ–ਗਾਉਂਦਾ ਰਹਾਂ। ਰਹਾਉ। ਬਿਸਰੁ ਨਾਹੀ –ਨਾ ਭੁੱਲੋ। ਕਬਹੂ–ਕਦੇ ਵੀ। ਹੀਏ ਤੇ–ਹਿਰਦ ਤੋਂ। ਪਾਵਹੁ–ਪਾ ਦਿਓ। ਭੇਟਿਓ–ਮਿਲਿਆ ਹੈ। ਕਤਹਿ–ਕਿਸੇ ਪਾਸੇ।੨।੩।੩੧।

ਸੋਰਠਿ ਮਹਲਾ ੫ ॥ ਜਾ ਕੈ ਸਿਮਰਣਿ ਸਭੁ ਕਛੁ ਪਾਈਐ, ਬਿਰਥੀ ਘਾਲ ਨ ਜਾਈ ॥ ਤਿਸੁ ਪ੍ਰਭ ਤਿਆਗਿ ਅਵਰ ਕਤ ਰਾਚਹੁ ,ਜੋ ਸਭ ਮਹਿ ਰਹਿਆ ਸਮਾਈ ॥੧॥ ਹਰਿ ਹਰਿ ਸਿਮਰਹੁ ਸੰਤ ਗੋਪਾਲਾ ॥ ਸਾਧ ਸੰਗਿ ਮਿਲਿ ਨਾਮੁ ਧਿਆਵਹੁ ,ਪੂਰਨ ਹੋਵੈ ਘਾਲਾ ॥੧॥ਰਹਾਉ॥ ਸਾਰਿ ਸਮਾਲੈ ਨਿਤਿ ਪ੍ਰਤਿਪਾਲੈ, ਪ੍ਰੇਮ ਸਹਿਤ ਗਲਿ ਲਾਵੈ ॥ ਕਹੁ ਨਾਨਕ ਪ੍ਰਭ ਤੁਮਰੇ ਬਿਸਰਤ, ਜਗਤ ਜੀਵਨੁ ਕੈਸੇ ਪਾਵੈ ॥੨॥੪॥੩੨॥ (ਹੇ ਸੰਤ ਜਨੋਂ!) ਜਿਸ ਪ੍ਰਭੂ ਦੇ ਸਿਮਰਨ ਕਰਨ ਨਾਲ ਸਭ ਕੁਛ (ਪਦਾਰਥ) ਪਾ ਲਈਦਾ ਹੈ ਅਤੇ (ਸਿਮਰਨ ਦੀ) ਮੇਹਨਤ ਬਿਰਥੀ ਨਹੀਂ ਜਾਂਦੀ। ਜੋ ਸਭ ਜੀਵਾਂ ਵਿਚ ਸਮਾ ਰਿਹਾ ਹੈ, ਉਸ ਪ੍ਰਭੂ ਨੂੰ ਛਡ ਕੇ ਹੋਰ (ਚੀਜਾਂ; ਹੋਰ ਦੇਵੀ ਦੇਵਤਿਆਂ ਦੀ ਪੂਜਾ) ਵਿਚ ਕਿਉਂ ਲੱਗੇ ਹੋਏ ਹੋ।੧। ਹੇ ਸੰਤ ਜਨੋਂ! ਗੁਪਾਲ ਦਾ ਹਰਿ ਹਰਿ ਨਾਮ ਸਿਮਰਦੇ ਰਹੋ। ਸਾਧ ਸੰਗਤ ਵਿਚ ਮਿਲ ਕੇ ਹਰੀ ਦਾ ਨਾਮ ਸਿਮਰਦੇ ਰਹੋ, ਤੁਹਾਡੀ ਘਾਲ ਕਮਾਈ ਸਫਲੀ ਹੋਵੇਗੀ (ਪ੍ਰਭੂ ਸਿਮਰਨ ਦੀ ਘਾਲ ਬਿਰਥੀ ਨਹੀਂ ਜਾਣ ਦਿੰਦਾ)। ਰਹਾਉ। (ਉਹ ਪ੍ਰਭੂ ਸਭ ਦੀ) ਖਬਰ ਸਾਰ ਲੈ ਕੇ ਸੰਭਾਲ ਕਰਦਾ ਹੈ, ਨਿਤ ਪਾਲਣਾ ਕਰਦਾ ਹੈ ਅਤੇ (ਅਪਣੇ ਸੇਵਕਾਂ ਨੂੰ) ਪ੍ਰੇਮ ਨਾਲ ਗਲੇ ਲਾਉਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਪ੍ਰਭੂ! ਤੈਨੂੰ ਭੁਲ ਜਾਣ ਕਰਕੇ ਜਗਤ ਦੇ ਜੀਵ ਜੀਵਨ ਕਿਵੇਂ ਪ੍ਰਾਪਤ ਕਰਦੇ ਹਨ (ਮਰ ਕਿਉਂ ਨਹੀਂ ਜਾਂਦੇ, ਰੱਬ ਦੇ ਭਜਨ ਤੋਂ ਬਿਨਾ ਜੀਵਨ ਕਾਹਦਾ?)।੨।੪।੩੨।

ਪਦਾਰਥ = ਜਾ ਕੈ–ਜਿਸ ਦੇ। ਸਿਮਰਣਿ–ਸਿਮਰਨ ਕਰਨ ਨਾਲ। ਬਿਰਥੀ–ਬਿਅਰਥ; ਖਾਲੀ। ਘਾਲ–ਮੇਹਨਤ। ਤਿਆਗਿ–ਛਡ ਕੇ। ਅਵਰ–ਹੋਰ ਚੀਜਾਂ ਵਿਚ; ਹੋਰਨਾਂ ਦੀ ਪੂਜਾ ਵਿਚ। ਕਤ–ਕਿਉਂ। ਰਾਚਹੁ–ਲੱਗੇ ਹੋਏ ਹੋ। ਰਹਿਆ ਸਮਾਈ–ਸਮਾ ਰਿਹਾ ਹੈ।੧। ਸੰਤ –ਹੇ ਸੰਤ ਜਨੋਂ!। ਗੋਪਾਲਾ–ਧਰਤੀ ਦੇ ਜੀਵਾਂ ਦੀ ਪਾਲਣਾ ਕਰਨ ਵਾਲਾ ਹਰੀ। ਪੂਰਨ–ਸਫਲ। ਰਹਾਉ। ਸਾਰਿ–ਖਬਰ ਸਾਰ ਲੈ ਕੇ। ਸਮਾਲੈ–ਸੰਭਾਲ ਕਰਦਾ ਹੈ। ਨਿਤਿ–ਹਰ ਰੋਜ। ਪ੍ਰਤਿਪਾਲੈ–ਪਾਲਣਾ ਕਰਦਾ ਹੈ। ਪ੍ਰੇਮ ਸਹਿਤ–ਪ੍ਰੇਮ ਨਾਲ। ਗਲਿ–ਗਲ ਨਾਲ। ਤੁਮਰੇ ਬਿਸਰਤ–ਤੈਨੂੰ ਭੁੱਲ ਜਾਣ ਕਰਕੇ। ਜਗਤ ਜੀਵਨ–ਜਗਤ ਵਿਚ ਜੀਵਨ। ਕੈਸੇ–ਕਿਵੇਂ।੨।੪।੩੨।

ਸੋਰਠਿ ਮਹਲਾ ੫ ॥ ਅਬਿਨਾਸੀ ਜੀਅਨ ਕੋ ਦਾਤਾ, ਸਿਮਰਤ ਸਭ ਮਲੁ ਖੋਈ ॥ ਗੁਣ ਨਿਧਾਨ ਭਗਤਨ ਕੌ ਬਰਤਨਿ, ਬਿਰਲਾ ਪਾਵੈ ਕੋਈ ॥੧॥ ਮੇਰੇ ਮਨ! ਜਪਿ ਗੁਰ ਗੋਪਾਲ ਪ੍ਰਭੁ ਸੋਈ ॥ ਜਾ ਕੀ ਸਰਣਿ ਪਇਆਂ ਸੁਖੁ ਪਾਈਐ, ਬਾਹੁੜਿ ਦੂਖੁ ਨ ਹੋਈ ॥੧॥ ਰਹਾਉ॥ (ਹੇ ਭਾਈ!) ਨਾਸ਼ ਰਹਿਤ ਪ੍ਰਭੂ ਸਾਰੇ ਜੀਵਾਂ ਦਾ ਦਾਤਾ ਹੈ, (ਜਿਸ ਨੂੰ) ਸਿਮਰਦਿਆਂ (ਵਿਸ਼ੇ ਵਿਕਾਰਾਂ ਦੀ) ਸਾਰੀ ਮੈਲ

ਨਾਸ਼ ਹੋ ਜਾਂਦੀ ਹੈ।(ਅਜੇਹਾ ਜੋ) ਗੁਣਾਂ ਦਾ ਖਜਾਨਾ ਪ੍ਰਭੂ ਹੈ, (ਉਹ ਹੀ) ਭਗਤਾਂ ਲਈ ਵਰਤਣ ਵਾਲੀ ਸਮਗਰੀ ਹੈ, ਕੋਈ ਵਿਰਲਾ ਮਨੁੱਖ (ਭਗਤਾਂ ਦੀ ਸੰਗਤ) ਪ੍ਰਾਪਤ ਕਰਦਾ ਹੈ।੧।ਹੇ ਮੇਰੇ ਮਨ! ਤੂੰ ਸ੍ਰਿਸਟੀ ਦੇ ਜੀਵਾਂ ਦੇ ਪਾਲਣਹਾਰ ਉਸ ਪ੍ਰਭੂ ਨੂੰ ਜਪਿਆ ਕਰ ,ਜੋ ਸਭ ਦਾ ਗੁਰੂ ਹੈ।ਜਿਸ ਪ੍ਰਭੂ ਦੀ ਸ਼ਰਣ ਵਿਚ ਪੈਣ ਨਾਲ ਸੁਖ ਪਾਈਦਾ ਹੈ ਅਤੇ ਮੁੜ ਕੇ ਦੁਖ ਨਹੀਂ ਹੁੰਦਾ।ਰਹਾਉ।

ਅੰਗ ੬੧੮ = ਵਡਭਾਗੀ ਸਾਧ ਸੰਗੁ ਪਰਾਪਤਿ, ਤਿਨ ਭੇਟਤ ਦੁਰਮਤਿ ਖੋਈ ॥ ਤਿਨ ਕੀ ਧੂਰਿ ਨਾਨਕੁ ਦਾਸੁ ਬਾਛੈ, ਜਿਨ ਹਰਿ ਨਾਮੁ ਰਿਦੈ ਪਰੋਈ ॥੨॥੫॥੩੩॥ (ਹੇ ਭਾਈ!) ਵੱਡੇ ਭਾਗਾਂ ਨਾਲ ਸਾਧ ਸੰਗਤ ਪ੍ਰਾਪਤ ਹੁੰਦੀ ਹੈ, ਉਨ੍ਹਾਂ (ਸਾਧੂਆਂ) ਦੇ ਮਿਲਣ ਨਾਲ ਖੋਟੀ ਮੱਤ ਨਾਸ਼ ਹੋ ਜਾਂਦੀ ਹੈ।ਦਾਸ ਨਾਨਕ ਉਨ੍ਹਾਂ ਗੁਰਮੁਖਾਂ ਦੇ ਚਰਨਾਂ ਦੀ ਧੂੜ ਚਾਹੁੰਦਾ ਹੈ, ਜਿਨ੍ਹਾਂ ਨੇ ਅਪਣੇ ਹਿਰਦੇ ਵਿਚ ਹਰੀ ਦਾ ਨਾਮ ਪ੍ਰੋਇਆ ਹੋਇਆ ਹੈ।੨।੫।੩੩।

ਪਦਾਰਥ = ਅਬਿਨਾਸੀ–ਨਾਸ਼ ਰਹਿਤ (ਸਦਾ ਕਾਇਮ ਰਹਿਣ ਵਾਲਾ) ਪ੍ਰਭੂ।ਜੀਅਨ ਕੋ–ਸਾਰੇ ਜੀਵਾਂ ਦਾ।ਸਭੁ ਮਲੁ–ਸਾਰੀ ਮੈਲ। ਖੋਈ–ਨਾਸ਼ ਹੋ ਜਾਂਦੀ ਹੈ।ਗੁਣ ਨਿਧਾਨ–ਗੁਣਾਂ ਦਾ ਖਜਾਨਾ।ਕਉ–ਨੂੰ; ਲਈ।ਬਰਤਨਿ–ਵਰਤ ਵਿਹਾਰ; ਹਰ ਵੇਲੇ ਵਰਤੋਂ ਵਿਚ ਆਉਣ ਵਾਲੀ ਸਮੱਗਰੀ (ਸਮਾਨ; ਪੂੰਜੀ)।ਆਚਾਰ; ਕ੍ਰਿਯਾ (ਮ.ਕੋ.) ਧਾਰਮਕ ਕਰਮ।੧।ਜਪਿ–ਜਪਿਆ ਕਰ।ਗੁਰ–ਸਭ ਦੇਵੀ ਦੇਵਤਿਆਂ ਦਾ ਗੁਰੂ ਹੈ।ਗੋਪਾਲ–ਪ੍ਰਿਥਵੀ ਦੇ ਜੀਵਾਂ ਦਾ ਪਾਲਣਹਾਰ।ਸੋਈ–ਉਸ।ਜਾ ਕੀ–ਜਿਸ ਦੀ।ਬਾਹੁੜਿ–ਮੁੜ ਕੇ।੧।ਰਹਾਉ। ਵਡਭਾਗੀ–ਵੱਡੇ ਭਾਗਾਂ ਨਾਲ।ਤਿਨ ਭੇਟਤ–ਉਨ੍ਹਾਂ ਦੇ ਮਿਲਣ ਨਾਲ।ਦੁਰਮਤਿ–ਖੋਟੀ ਮੱਤ (ਕੁਬੁੱਧੀ)।ਤਿਨ ਕੀ–ਉਨ੍ਹਾਂ ਦੀ।ਧੂਰਿ–ਚਰਨਾਂ ਦੀ ਧੂੜ।ਬਾਛੈ–ਚਾਹੁੰਦਾ ਹੈ; ਮੰਗਦਾ ਹੈ।ਜਿਨ–ਜਿਨ੍ਹਾਂ ਨੇ।ਰਿਦੈ–ਹਿਰਦੇ ਵਿਚ।ਪਰੋਈ–ਪਰੋਇਆ ਹੈ।੨।੫।੩੩।

ਸੋਰਠਿ ਮਹਲਾ ੫ ॥ ਜਨਮ ਜਨਮ ਕੇ ਦੂਖ ਨਿਵਾਰੈ, ਸੂਕਾ ਮਨੁ ਸਾਧਾਰੈ ॥ ਦਰਸਨੁ ਭੇਟਤ ਹੋਤ ਨਿਹਾਲਾ, ਹਰਿ ਕਾ ਨਾਮੁ ਬੀਚਾਰੈ ॥੧॥ ਮੇਰਾ ਬੈਦੁ ਗੁਰੂ ਗੋਵਿੰਦਾ ॥ ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ, ਕਾਟੈ ਜਮ ਕੀ ਫੰਧਾ ॥੧॥ਰਹਾਉ॥ ਸਮਰਥ ਪੁਰਖ ਪੂਰਨ ਬਿਧਾਤੇ, ਆਪੇ ਕਰਣੈਹਾਰਾ ॥ ਅਪੁਨਾ ਦਾਸੁ ਹਰਿ ਆਪਿ ਉਬਾਰਿਆ, ਨਾਨਕ ਨਾਮ ਅਧਾਰਾ ॥੨॥੬॥੩੪॥ (ਹੇ ਭਾਈ! ਸਤਿਗੁਰੂ ਮਨੁੱਖ ਦੇ) ਜਨਮਾਂ ਜਨਮਾਂ ਦੇ ਦੁਖ ਦੂਰ ਕਰਦਾ ਹੈ ਅਤੇ ਸੁੱਕੇ (ਨਾਮ ਰਸ ਤੋਂ ਹੀਣ) ਮਨ ਨੂੰ ਆਸਰੇ ਸਹਿਤ ਕਰਦਾ ਹੈ (ਨਾਮ ਜਲ ਨਾਲ ਸਿੰਜ ਕੇ ਹਰਾ ਭਰਾ ਕਰਦਾ ਹੈ)।ਗੁਰੂ ਦਾ ਦਰਸ਼ਨ ਪ੍ਰਾਪਤ ਕੀਤਿਆਂ ਅਨੰਦ ਪ੍ਰਾਪਤ ਹੁੰਦਾ ਹੈ ਅਤੇ (ਮਨੁੱਖ) ਹਰੀ ਦਾ ਨਾਮ ਵਿਚਾਰਨ ਲਗ ਪੈਂਦਾ ਹੈ।੧।ਗੋਵਿੰਦ ਰੂਪ ਗੁਰੂ ਮੇਰਾ ਵੈਦ ਹੈ।(ਗੁਰੂ ਜਿਸ ਮਨੁੱਖ ਦੇ) ਮੂੰਹ ਵਿਚ ਹਰਿ ਹਰਿ ਨਾਮ ਰੂਪ ਦਵਾਈ ਪਾ ਦੇਂਦਾ ਹੈ, (ਉਸ ਦੀ) ਜਮ ਦੀ ਫਾਹੀ ਕੱਟ ਦਿੰਦਾ ਹੈ।੧।ਰਹਾਉ।(ਹੇ ਭਾਈ!) ਪ੍ਰਭੂ ਸਰਬ ਸ਼ਕਤੀਮਾਨ ਹੈ, ਪੂਰਨ ਪੁਰਖ ਤੇ ਜਗਤ ਦਾ ਰਚਨਹਾਰ ਹੈ ਅਤੇ ਆਪੇ ਸਭ ਕੁਛ ਕਰਨ ਵਾਲਾ (ਸਮਰੱਥ) ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਹਰੀ ਨੇ ਅਪਣੇ ਦਾਸ ਨੂੰ ਨਾਮ ਦਾ ਆਸਰਾ ਦੇ ਕੇ ਆਪ (ਜਨਮ ਮਰਨ ਦੇ ਦੁਖਾਂ ਤੋਂ) ਬਚਾ ਲਿਆ ਹੈ।੨।੬।੩੪।

ਪਦਾਰਥ = ਨਿਵਾਰੈ–ਦੂਰ ਕਰਦਾ ਹੈ।ਸੂਕਾ ਮਨ–ਪ੍ਰੇਮ (ਨਾਮ ਰਸ ਜਾਂ ਸ਼ੁੱਭ ਗੁਣਾਂ) ਤੋਂ ਰਹਿਤ ਸੁੱਕੇ ਮਨ ਨੂੰ।ਸਾਧਾਰੈ–ਆਸਰੇ ਸਹਿਤ।ਭੇਟਤ–ਮਿਲਣ (ਪ੍ਰਾਪਤ ਕਰਨ) ਨਾਲ।ਹੋਤ ਨਿਹਾਲਾ–ਅਨੰਦ ਪ੍ਰਾਪਤ ਹੁੰਦਾ ਹੈ।੧।ਬੈਦੁ–ਵੈਦ।ਅਉਖਧੁ–ਦਵਾਈ।ਮੁਖਿ–ਮੂੰਹ ਵਿਚ।ਫੰਧਾ–ਫਾਹੀ।੧।ਰਹਾਉ।ਸਮਰਥ–ਸਰਬ ਸ਼ਕਤੀਮਾਨ।ਪੂਰਨ ਪੁਰਖ–ਸਰਬ ਵਿਆਪਕ ਅਕਾਲ ਪੁਰਖ।ਬਿਧਾਤੇ–ਜਗਤ ਦਾ ਰਚਨਹਾਰ।ਕਰਣੈਹਾਰ–ਸਭ ਕੁਛ ਕਰਨ ਵਾਲਾ।ਉਬਾਰਿਆ–ਬਚਾ ਲਿਆ।ਅਧਾਰਾ–ਆਸਰਾ।੨।੬।੩੪।

ਸੋਰਠਿ ਮਹਲਾ ੫ ॥ ਅੰਤਰ ਕੀ ਗਤਿ ਤੁਮਹੀ ਜਾਨੀ, ਤੁਝਹੀ ਪਾਹਿ ਨਿਬੇਰੋ ॥ ਬਖਸਿ ਲੈਹੁ ਸਾਹਿਬ ਪ੍ਰਭ ਅਪਨੇ, ਲਾਖ ਖਤੇ ਕਰਿ ਫੇਰੋ ॥੧॥ ਪ੍ਰਭ ਜੀ ਤੂ ਮੇਰੋ ਠਾਕੁਰੁ ਨੇਰੋ ॥ ਹਰਿ ਚਰਣ ਸਰਣ ਮੋਹਿ ਚੇਰੋ ॥੧॥ਰਹਾਉ॥ ਬੇਸੁਮਾਰ ਬੇਅੰਤ ਸੁਆਮੀ, ਊਚੋ ਗੁਨੀ ਗਹੇਰੋ ॥ ਕਾਟਿ ਸਿਲਕ ਕੀਨੋ ਅਪੁਨੋ ਦਾਸਰੋ, ਤਉ ਨਾਨਕ ਕਹਾ ਨਿਹੋਰੋ ॥੨॥੭॥੩੫॥ ਹੇ ਪ੍ਰਭੂ! ਮੇਰੇ ਅੰਦਰ ਦੀ ਹਾਲਤ ਤੁਸੀਂ ਜਾਣਦੇ ਹੀ ਹੋ, (ਮੇਰੇ ਕਰਮਾਂ ਦਾ) ਫੈਸਲਾ ਤੇਰੇ ਪਾਸ ਹੀ ਹੋਣਾ ਹੈ।ਹੇ ਮੇਰੇ ਮਾਲਕ ਪ੍ਰਭੂ! ਅਪਣੇ ਦਾਸ ਨੂੰ ਬਖਸ਼ ਲਵੋ, ਮੈਂ ਲੱਖਾਂ ਪਾਪ ਕਰਮ ਕਰਦਾ ਫਿਰਦਾ ਹਾਂ; ਲੱਖਾਂ ਪਾਪ ਕਰਕੇ (ਜਨਮ ਮਰਨ ਦੇ) ਫੇਰ ਵਿਚ ਪਿਆ ਰਿਹਾ ਹਾਂ।੧।ਹੇ ਪ੍ਰਭੂ ਜੀ! ਤੂੰ ਮੇਰਾ ਮਾਲਕ ਹੈਂ ਅਤੇ ਮੇਰੇ ਨੇੜੇ ਵਸਦਾ ਹੈ।ਹੇ ਹਰੀ! ਮੈਂ ਤੇਰਾ ਦਾਸ ਹਾਂ, ਮੈਨੂੰ ਅਪਣੇ ਚਰਨਾਂ ਦੀ ਸ਼ਰਨ ਵਿਚ ਰੱਖ।ਰਹਾਉ।ਹੇ ਬੇਸ਼ੁਮਾਰ ਬੇਅੰਤ ਸੁਆਮੀ! (ਤੂੰ ਸਭ ਤੋਂ) ਉਚੇ ਤੇ ਅਥਾਹ ਗੁਣਾਂ ਵਾਲਾਂ ਹੈਂ।ਨਾਨਕ ਗੁਰੂ ਜੀ ਆਖਦੇ ਹਨ (ਕਿ ਪ੍ਰਭੂ ਨੇ) ਪਾਪਾਂ ਦੀ ਫਾਹੀ ਕਟ ਕੇ (ਜਿਸ ਮਨੁੱਖ ਨੂੰ) ਅਪਣਾ ਦਾਸ ਬਣਾ ਲਿਆ ਤਾਂ (ਉਸ ਨੂੰ) ਕਿਸੇ ਦਾ ਕੀ ਅਹਿਸਾਨ ਰਹਿ ਜਾਂਦਾ ਹੈ?।੨।੭।੩੫।

ਪਦਾਰਥ = ਅੰਤਰ ਕੀ–ਦਿਲ ਦੇ ਅੰਦਰ ਦੀ।ਗਤਿ–ਹਾਲਤ।ਤੁਮਹੀ–ਤੂੰ ਹੀ।ਜਾਨੀ–ਜਾਣਦਾ ਹੈਂ।ਤੁਝਹੀ ਪਾਹਿ–ਤੇਰੇ ਪਾਸ ਹੀ। ਨਿਬੇਰੋ–ਫੈਸਲਾ; ਨਿਆਂ।ਸਾਹਿਬ ਪ੍ਰਭ–ਹੇ ਮਾਲਕ ਪ੍ਰਭੂ!।ਲਾਖ–ਲੱਖਾਂ।ਖਤੇ ਕਰਿ ਫੇਰੋ–ਪਾਪ ਕਰਦਾ ਫਿਰਦਾ ਹਾਂ; ਪਾਪਾ ਕਰਦਾ

ਹਾਂ, ਪਾਪ ਕਰਨ ਤੋਂ ਮਨ ਨੂੰ ਮੋੜ ਦੇਵੋਂ; ਪਾਪ ਕਰਕੇ (ਜਨਮ ਮਰਨ ਦੇ) ਗੇੜ ਵਿਚ ਪਿਆ ਰਿਹਾ; (ਖਤਾ) ਭੁੱਲਾਂ ਤੇ (ਫੇੜ) ਬਦੀਆਂ ਕੀਤੀਆਂ ਹਨ।੧।ਠਾਕੁਰੁ-ਮਾਲਕ ਪ੍ਰਭੂ।ਨੇਰੋ-ਨੇੜੇ ਵਸਦਾ ਹੈਂ।ਮੋਹਿ-ਮੈਨੂੰ।ਚੇਰੋ-ਦਾਸ।੧।ਰਹਾਉ।ਬੇਸੁਮਾਰ-ਗਿਣਤੀ ਰਹਿਤ।ਸੁਆਮੀ-ਹੇ ਮਾਲਕ!।ਗੁਨੀ ਗਹੇਰੋ-ਹੇ ਅਥਾਹ ਗੁਣਾਂ ਵਾਲੇ!।ਸਿਲਕ-ਫਾਹੀ।ਕੀਨੋ-ਕੀਤਾ; ਬਣਾ ਲਿਆ।ਦਾਸਰੋ-ਦਾਸ।ਤਉ-ਤਾਂ; ਤਦ।ਨਿਹੋਰੋ-ਅਹਿਸਾਨ; ਗੁਲਾਮੀ।੨।੭।੩੫।

ਸੋਰਠਿ ੫ ॥ ਭਏ ਕ੍ਰਿਪਾਲ ਗੁਰੂ ਗੋਵਿੰਦਾ, ਸਗਲ ਮਨੋਰਥ ਪਾਏ ॥ ਅਸਥਿਰ ਭਏ ਲਾਗਿ ਹਰਿ ਚਰਣੀ, ਗੋਵਿੰਦ ਕੇ ਗੁਣ ਗਾਏ ॥੧॥ ਭਲੋ ਸਮੂਰਤੁ ਪੂਰਾ ॥ ਸਾਂਤਿ ਸਹਜ ਆਨੰਦ ਨਾਮੁ ਜਪਿ, ਵਾਜੇ ਅਨਹਦ ਤੂਰਾ ॥੧॥ਰਹਾਉ॥ ਮਿਲੇ ਸੁਆਮੀ ਪ੍ਰੀਤਮ ਅਪੁਨੇ, ਘਰ ਮੰਦਰ ਸੁਖਦਾਈ ॥ ਹਰਿ ਨਾਮੁ ਨਿਧਾਨੁ ਨਾਨਕ ਜਨ ਪਾਇਆ, ਸਗਲੀ ਇਛ ਪੁਜਾਈ ॥੨॥੮॥੩੬॥ (ਫਰੀਦਕੋਟ ਸਟੀਕ ਤੇ ਸ਼ਬਦਾਰਥ ਵਿਚ ਪਾਠ 'ਸੋਰਠਿ ਮਃ ੫' ਹੈ।ਹੇ ਭਾਈ! ਜਿਸ ਸਿੱਖ ਉਤੇ) ਗੋਬਿੰਦ ਰੂਪ ਗੁਰੂ ਕ੍ਰਿਪਾਲ ਹੋਏ ਹਨ, ਮਨ ਦੀਆਂ ਸਾਰੀਆਂ ਇੱਛਾਵਾਂ (ਉਸ ਨੇ) ਪ੍ਰਾਪਤ ਕਰ ਲਈਆਂ ਹਨ।(ਉਹ ਸਿੱਖ) ਹਰੀ ਦੇ ਚਰਨਾਂ ਨਾਲ ਜੁੜ ਕੇ ਅਤੇ ਗੋਬਿੰਦ ਦੇ ਗੁਣ ਗਾ ਕੇ ਅਡੋਲ ਚਿਤ ਹੋ ਗਿਆ ਹੈ।੧।(ਹੇ ਭਾਈ! ਮਨੁੱਖ ਦੇ ਜੀਵਨ ਵਿਚ) ਉਹ ਸਮਾਂ ਬਹੁਤ ਭਲਾ, ਸ਼ੁੱਭ ਤੇ ਪੂਰਾ (ਸਫਲ) ਹੁੰਦਾ ਹੈ।(ਜਿਸ ਸਮੇਂ) ਨਾਮ ਜਪ ਕੇ ਸ਼ਾਂਤੀ ਤੇ ਅਨੰਦ ਦੇਣ ਵਾਲਾ ਆਤਮਕ ਗਿਆਨ ਪ੍ਰਾਪਤ ਹੋ ਜਾਂਦਾ ਹੈ ਅਤੇ ਇਕ ਰਸ ਲਗਾਤਾਰ ਵਾਜੇ ਵਜਦੇ ਹਨ।੧।ਰਹਾਉ।(ਜਿਸ ਸਿੱਖ ਨੂੰ) ਅਪਣੇ ਪਿਆਰੇ ਸੁਆਮੀ ਜੀ ਮਿਲ ਪਏ ਹਨ, (ਉਸ ਦਾ) ਹਿਰਦਾ ਤੇ ਘਰ ਸੁਖ ਦੇਣ ਵਾਲੇ ਹੋ ਗਏ ਹਨ।ਦਾਸ ਨਾਨਕ ਨੇ ਹਰੀ ਦਾ ਨਾਮ ਰੂਪ ਖਜਾਨਾ ਪਾ ਲਿਆ ਹੈ, (ਜਿਸ ਨਾਮ ਦੇ ਸਿਮਰਨ ਨੇ ਮੇਰੀਆਂ) ਸਾਰੀਆਂ ਇੱਛਾਵਾਂ ਪੂਰੀਆਂ ਕਰ ਦਿਤੀਆਂ ਹਨ।੨।੮।੩੬।

ਪਦਾਰਥ = ਭਏ-ਹੋਏ ਹਨ।ਕ੍ਰਿਪਾਲ-ਮੇਹਰਵਾਨ।ਸਗਲ-ਸਾਰੀਆਂ।ਮਨੋਰਥ-ਮਨ ਦੀਆਂ ਇਛਾਵਾਂ।ਅਸਥਿਰ-ਅਡੋਲ; ਸ਼ਾਂਤ।੧।ਭਲੋ-ਚੰਗਾ।ਸਮੂਰਤੁ-ਸ਼ੁੱਭ ਸਮਾਂ।ਪੂਰਾ-ਸਫਲ।ਸਹਜ-ਆਤਮਕ ਗਿਆਨ।ਵਾਜੇ-ਵੱਜਦੇ ਹਨ।ਅਨਹਦ ਤੂਰਾ-ਇਕ ਰਸ ਬਿਨਾ ਵਜਾਏ ਲਗਾਤਾਰ ਵੱਜਣ ਵਾਲਾ ਵਾਜਾ (ਆਤਮਕ ਅਨੰਦ ਦੀ ਸੰਗੀਤਕ ਸ਼ਕਲ)।੧।ਰਹਾਉ।ਸੁਆਮੀ ਪ੍ਰੀਤਮ-ਪਿਆਰਾ ਪ੍ਰਭੂ।ਘਰ-ਹਿਰਦਾ।ਮੰਦਰ-ਘਰ।ਸੁਖਦਾਈ-ਸੁਖ ਦੇਣ ਵਾਲੇ।ਨਿਧਾਨੁ-ਖਜਾਨਾ।ਪੁਜਾਈ-ਪੂਰੀਆਂ ਕਰ ਦਿਤੀਆਂ।੨।੮।੩੬।

ਨੋਟ = ਗੁਰੂ ਅਰਜਨ ਦੇਵ ਜੀ ਅਗਲੇ ਸ਼ਬਦਾਂ ਵਿਚ ਗੁਰੂ ਦਾ ਧੰਨਵਾਦ ਕਰਦੇ ਹਨ, ਜਿਸ ਨੇ ਨਾਮ ਦੀ ਦਾਤ ਬਖਸ਼ੀ ਅਤੇ ਹਰ ਤਰ੍ਹਾਂ ਦੇ ਦੁਖ ਕੱਟ ਕੇ ਸੁਖ ਵਰਤਾਇਆ।ਕੁਝ ਸ਼ਬਦ ਬਾਲਕ ਹਰਿਗੋਬਿੰਦ ਸਾਹਿਬ ਦੇ ਰਾਜੀ ਹੋਣ ਤੇ ਉਚਾਰੇ ਹੋਏ ਹਨ।

ਸੋਰਠਿ ਮਹਲਾ ੫ ॥ ਗੁਰ ਕੇ ਚਰਨ ਬਸੇ ਰਿਦ ਭੀਤਰਿ, ਸੁਭ ਲਖਣ ਪ੍ਰਭਿ ਕੀਨੇ ॥ ਭਏ ਕ੍ਰਿਪਾਲ ਪੂਰਨ ਪਰਮੇਸਰ, ਨਾਮ ਨਿਧਾਨ ਮਨਿ ਚੀਨੇ ॥੧॥ ਮੇਰੋ ਗੁਰੁ ਰਖਵਾਰੋ ਮੀਤ ॥ ਦੂਣ ਚਊਣੀ ਦੇ ਵਡਿਆਈ, ਸੋਭਾ ਨੀਤਾ ਨੀਤ ॥੧॥ਰਹਾਉ॥ ਜੀਅ ਜੰਤ ਪ੍ਰਭਿ ਸਗਲ ਉਧਾਰੇ, ਦਰਸਨੁ ਦੇਖਣਹਾਰੇ ॥ ਗੁਰ ਪੂਰੇ ਕੀ ਅਚਰਜ ਵਡਿਆਈ, ਨਾਨਕ ਸਦ ਬਲਿਹਾਰੇ ॥੨॥੯॥੩੭॥ (ਹੇ ਭਾਈ! ਜਦ) ਗੁਰੂ ਦੇ ਚਰਨ ਮੇਰੇ ਹਿਰਦੇ ਵਿਚ ਵਸ ਗਏ ਤਾਂ ਪ੍ਰਭੂ ਨੇ ਮੇਰੇ ਚੰਗੇ ਭਾਗ ਬਣਾ ਦਿਤੇ ਹਨ।ਪਰੀ ਪੂਰਨ ਪ੍ਰਮੇਸਰ ਮੇਹਰਵਾਨ ਹੋਏ, (ਜਿਸ ਦਾ ਸਦਕਾ ਮੈਂ) ਨਾਮ ਦੇ ਖਜਾਨੇ ਮਨ ਵਿਚ ਜਾਣ ਲਏ ਹਨ।੧।ਹੇ ਮਿਤ੍ਰ! ਗੁਰੂ ਮੇਰਾ ਰਖਵਾਲਾ ਹੋਇਆ ਹੈ।(ਗੁਰੂ ਨੇ ਮੈਨੂੰ) ਦੂਣੀ ਚਉਣੀ (ਜਿਆਦਾ ਤੋਂ ਜਿਆਦਾ) ਵਡਿਆਈ ਦਿਤੀ ਹੈ, (ਜਿਸ ਦੇ ਕਾਰਣ ਮੇਰੀ) ਹਰ ਰੋਜ ਸੋਭਾ ਹੋ ਰਹੀ ਹੈ।੧।ਰਹਾਉ।ਪ੍ਰਭੂ ਨੇ ਸਾਰੇ ਸਥੂਲ ਜੀਵ ਤੇ ਸੂਖਮ ਜੰਤ ਮੁਕਤ ਕਰ ਦਿਤੇ, ਜੋ ਦਰਸ਼ਨ (ਸਤਿਗੁਰੂ ਦੇ) ਦੇਖਣ ਵਾਲੇ ਸਨ।ਪੂਰੇ ਗੁਰੂ ਦੀ ਅਸਚਰਜ ਵਡਿਆਈ ਹੈ, ਨਾਨਕ (ਗੁਰੂ ਤੋਂ) ਸਦਾ ਬਲਿਹਾਰ ਜਾਂਦਾ ਹੈ।੨।੯।੩੭।

ਪਦਾਰਥ = ਬਸੇ-ਵਸ ਗਏ ਹਨ।ਰਿਦ ਭੀਤਰਿ-ਹਿਰਦੇ ਵਿਚ।ਸੁਭ ਲਖਣ-ਚੰਗੇ ਲਗਨ; ਚੰਗੀ ਕਿਸਮਤ।ਭਏ-ਹੋਏ।ਪੂਰਨ-ਪਰੀ ਪੂਰਨ ਪ੍ਰਭੂ।ਨਿਧਾਨ-ਖਜਾਨੇ।ਮਨਿ-ਮਨ ਵਿਚ।ਚੀਨੇ-ਜਾਣ ਲਏ; ਦੇਖ ਲਏ।੧।ਮੇਰੋ-ਮੇਰਾ।ਰਖਵਾਰੋ-ਰਖਵਾਲਾ।ਮੀਤ-ਹੇ ਮਿਤ੍ਰ!।ਦੂਣ ਚਉਣੀ-ਦੁਗਣੀ ਚੌਗਣੀ (ਜਿਆਦਾ ਤੋਂ ਜਿਆਦਾ)।ਦੇ-ਦੇਂਦਾ ਹੈ।ਨੀਤਾ ਨੀਤ-ਨਿਤ ਤੋਂ ਨਿਤ (ਸਦਾ)।੧।ਰਹਾਉ।ਜੀਅ ਜੰਤ-ਸਥੂਲ ਜੀਵ ਅਤੇ ਸੂਖਮ ਜੀਵ (ਛੋਟੇ ਵੱਡੇ ਦਭ ਜੀਵ)।ਪ੍ਰਭਿ-ਪ੍ਰਭੂ ਨੇ।ਸਗਲੇ-ਸਾਰੇ।ਉਧਾਰੇ-ਮੁਕਤ ਕਰ ਦਿਤੇ।ਦੇਖਣ ਹਾਰੇ-ਦੇਖਣ ਵਾਲੇ।ਅਚਰਜ-ਹੈਰਾਨ ਕਰਨ ਵਾਲੀ।ਸਦ-ਸਦਾ; ਸੌ ਵਾਰ।ਬਲਿਹਾਰੇ-ਕੁਰਬਾਨ ਜਾਂਦਾ ਹੈ।੨।੯।੩੭।

ਸੋਰਠਿ ਮਹਲਾ ੫ ॥ ਸੰਚਨਿ ਕਰਉ ਨਾਮ ਧਨੁ ਨਿਰਮਲ, ਥਾਤੀ ਅਗਮ ਅਪਾਰ ॥ ਬਿਲਛਿ ਬਿਨੋਦ ਆਨੰਦ ਸੁਖ ਮਾਣਹੁ ,ਖਾਇ ਜੀਵਹੁ ਸਿਖ ਪਰਵਾਰ ॥੧॥ ਹਰਿ ਕੇ ਚਰਨ ਕਮਲ ਆਧਾਰ ॥ ਸੰਤ ਪ੍ਰਸਾਦਿ ਪਾਇਓ ਸਚ ਬੋਹਿਥੁ ,ਚੜਿ ਲੰਘਉ ਬਿਖੁ ਸੰਸਾਰ ॥੧॥ਰਹਾਉ॥ ਭਏ ਕ੍ਰਿਪਾਲ ਪੂਰਨ ਅਬਿਨਾਸੀ, ਆਪਹਿ ਕੀਨੀ ਸਾਰ ॥ ਪੇਖਿ ਪੇਖਿ ਨਾਨਕ ਬਿਗਸਾਨੋ, ਨਾਨਕ ਨਾਹੀ ਸੁਮਾਰ ॥੨॥

੧੦॥ ੩੮॥ (ਹੇ ਭਾਈ!) ਮੈਂ ਨਾਮ ਦਾ ਪਵਿਤ੍ਰ ਧਨ ਇੱਕੱਠਾ ਕਰਦਾ ਹੈ, (ਇਹ) ਧਨ ਅਚੱਲ ਹੈ ਤੇ ਅਮੁੱਕ ਹੈ। ਹੇ ਗੁਰ ਸਿੱਖ ਅਤੇ ਮੇਰੇ ਪਰਵਾਰ ਵਾਲਿਓ! (ਤੁਸੀਂ ਵੀ ਇਸ ਨਾਮ ਭੋਜਨ ਨੂੰ) ਖਾ ਕੇ ਸਦਾ ਲਈ ਜਿਉਂਦੇ ਰਹੋ ਅਤੇ ਆਤਮਕ ਖੁਸ਼ੀਆਂ, ਖੇਡਾਂ ਦਾ ਅਨੰਦ ਤੇ ਸੁਖ ਮਾਣੋ।੧।(ਹੇ ਭਾਈ! ਮੈਨੂੰ) ਹਰੀ ਦੇ ਚਰਨਾਂ ਕਮਲਾਂ ਦਾ ਆਸਰਾ ਹੈ। ਸੰਤ ਗੁਰੂ ਦੀ ਕ੍ਰਿਪਾ ਨਾਲ ਮੈਂ ਸੱਚਾ ਨਾਮ ਰੂਪ ਜਹਾਜ ਪ੍ਰਾਪਤ ਕਰ ਲਿਆ ਹੈ (ਜਿਸ ਉਤੇ) ਚੜ੍ਹ ਕੇ ਜਹਿਰ ਭਰੇ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਵਾਂਗਾ।੧। ਰਹਾਉ। ਨਾਸ਼ ਰਹਿਤ ਪੂਰਨ ਪ੍ਰਭੂ (ਮੇਰੇ ਤੇ) ਕ੍ਰਿਪਾਲੂ ਹੋਏ ਹਨ, (ਉਸ ਨੇ ਮੇਰੀ) ਆਪ ਹੀ ਸੰਭਾਲ ਕੀਤੀ ਹੈ। ਨਾਨਕ (ਪ੍ਰਭੂ ਨੂੰ) ਦੇਖ ਦੇਖ ਕੇ ਖੁਸ਼ ਹੋ ਰਿਹਾ ਹੈ, ਨਾਨਕ ਗੁਰੂ ਜੀ ਆਖਦੇ ਹਨ (ਕਿ ਉਸ ਦਾ ਕੋਈ) ਅੰਤ ਨਹੀਂ।੨।੧੦।੩੮।

ਪਦਾਰਥ = ਸੰਚਨਿ ਕਰਉ–ਮੈਂ ਇਕੱਠਾ ਕਰਦਾ ਹਾਂ। ਨਿਰਮਲ–ਪਵਿਤ੍ਰ। ਥਾਤੀ–ਧਨ; ਪੂੰਜੀ; ਥੈਲੀ। ਅਗਮ–ਅਚੱਲ (ਸਦਾ ਰਹਿਣ ਵਾਲਾ)। ਅਪਾਰ–ਅਮੁੱਕ। ਬਿਲਛਿ–ਖੁਸ਼ੀਆਂ। ਬਿਨੋਦ–ਖੇਡਾਂ; ਤਮਾਸ਼ੇ। ਜੀਵਹੁ–(ਸਦਾ ਲਈ) ਜਿਉਂਦੇ ਰਹੋ। ਸਿਖ ਪਰਵਾਰ–ਹੇ ਸਿੱਖੋ ਤੇ ਮੇਰੇ ਪਰਵਾਰ ਵਾਲਿਓ!।੧। ਆਧਾਰ–ਆਸਰਾ। ਸੰਤ ਪ੍ਰਸਾਦਿ–ਸੰਤ ਗੁਰੂ ਦੀ ਕ੍ਰਿਪਾ ਨਾਲ। ਸਚ ਬੋਹਿਥੁ–ਸੱਚਾ ਨਾਮ ਰੂਪ ਜਹਾਜ। ਲੰਘਉ–ਪਾਰ ਲੰਘ ਜਾਵਾਂਗਾ। ਬਿਖੁ ਸੰਸਾਰ–ਜਹਿਰ ਭਰੇ ਸੰਸਾਰ ਸਮੁੰਦਰ ਤੋਂ।੧। ਰਹਾਉ। ਭਏ–ਹੋਏ। ਪੂਰਨ–ਸਰਬ ਵਿਆਪਕ ਹਰੀ। ਅਬਿਨਾਸੀ–ਨਾਸ਼ ਰਹਿਤ। ਆਪਹਿ–ਆਪ ਹੀ। ਸਾਰ–ਸੰਭਾਲ। ਪੇਖਿ ਪੇਖਿ–ਮਨ ਤੇ ਤਨ ਨਾਲ ਦੇਖ ਦੇਖ ਕੇ। ਬਿਗਸਾਨੋ–ਖੁਸ਼ ਹੋ ਰਿਹਾ ਹੈ। ਨਾਹੀ–ਸੁਮਾਰ–ਅੰਤ ਨਹੀਂ; ਗਿਣਤੀ ਨਹੀਂ ਹੋ ਸਕਦੀ।੨।੧੦।੩੮।

ਸੋਰਠਿ ਮਹਲਾ ੫ ॥ ਗੁਰਿ ਪੂਰੈ ਅਪਨੀ ਕਲ ਧਾਰੀ ਸਭ ਘਟ ਉਪਜੀ ਦਇਆ ॥ (ਹੇ ਭਾਈ!) ਪੂਰੇ ਗੁਰੂ ਨੇ ਅਪਣੀ ਐਸੀ ਕਲਾ ਵਰਤਾਈ ਹੈ, ਜੋ ਸਾਰੇ ਜੀਵਾਂ ਵਿਚ (ਮੇਰੇ ਲਈ) ਦਇਆ ਪੈਦਾ ਹੋ ਗਈ ਹੈ (ਸਾਰੇ ਮੇਰੇ ਨਾਲ ਪਿਆਰ ਕਰਨ ਲਗ ਪਏ ਹਨ)।

ਅੰਗ ੬੧੯ = ਆਪੇ ਮੇਲਿ ਵਡਾਈ ਕੀਨੀ, ਕੁਸਲ ਖੇਮ ਸਭ ਭਇਆ ॥੧॥ ਸਤਿਗੁਰੁ ਪੂਰਾ ਮੇਰੈ ਨਾਲਿ ॥ ਪਾਰਬ੍ਰਹਮੁ ਜਪਿ ਸਦਾ ਨਿਹਾਲ ॥ਰਹਾਉ॥ ਅੰਤਰਿ ਬਾਹਰਿ ਥਾਨ ਥਨੰਤਰਿ, ਜਤ ਕਤ ਪੇਖਉ ਸੋਈ ॥ ਨਾਨਕ ਗੁਰੁ ਪਾਇਓ ਵਡਭਾਗੀ, ਤਿਸੁ ਜੇਵਡੁ ਅਵਰੁ ਨ ਕੋਈ ॥੨॥੧੧॥੩੯॥ ਹਰੀ ਨੇ ਆਪੇ ਜੀਵਾਂ ਨੂੰ ਅਪਣੇ ਨਾਲ ਮੇਲ ਕੇ ਵਡਿਆਈ ਦਿਤੀ ਹੈ ਅਤੇ ਸਭ ਖੁਸ਼ੀ ਤੇ ਅਨੰਦ ਮੰਗਲ ਹੋ ਗਿਆ ਹੈ।(ਰੱਖਿਆ ਕਰਨ ਵਾਲਾ) ਪੂਰਾ ਸਤਿਗੁਰੂ ਮੇਰੇ ਨਾਲ (ਅੰਗ ਸੰਗ) ਹੈ।(ਉਸ ਦੀ ਕ੍ਰਿਪਾ ਨਾਲ ਮੈਂ) ਪਾਰਬ੍ਰਹਮ ਨੂੰ ਜਪ ਕੇ ਸਦਾ ਲਈ ਸੁਖੀ ਹੋ ਗਿਆ ਹਾਂ। ਰਹਾਉ।(ਹੁਣ ਮੈਂ ਅਪਣੇ) ਅੰਦਰ ਤੇ ਬਾਹਰ (ਸੰਸਾਰ ਵਿਚ) ਹਰ ਥਾਂ ਅਤੇ ਥਾਵਾਂ ਦੇ ਅੰਦਰ ਜਿੱਥੇ ਕਿਥੇ ਦੇਖਦਾ ਹਾਂ, ਉਥੇ ਉਹ ਹਰੀ ਹੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਮੈਨੂੰ ਵੱਡੇ ਭਾਗਾਂ ਨਾਲ ਗੁਰੂ ਪ੍ਰਾਪਤ ਹੋਇਆ ਹੈ, ਉਸ ਦੇ ਜਿੰਨਾ ਵੱਡਾ (ਦਾਤਾ) ਹੋਰ ਕੋਈ ਨਹੀਂ ਹੈ।੨।੧੧।੩੯।

ਪਦਾਰਥ = ਗੁਰਿ ਪੂਰੈ–ਪੂਰੇ ਗੁਰੂ ਨੇ। ਕਲ–ਸ਼ਕਤੀ; ਤਾਕਤ। ਧਾਰੀ–ਕੀਤੀ (ਵਰਤਾਈ)। ਸਭ ਘਟ–ਸਾਰੇ ਜੀਵਾਂ ਵਿਚ। ਉਪਜੀ–ਪੈਦਾ ਹੋ ਗਈ। ਵਡਾਈ–ਵਡਿਆਈ; ਉਚੀ ਪਦਵੀ। ਕੁਸਲ ਖੇਮ–ਸੁਖ ਤੇ ਅਨੰਦ ਮੰਗਲ। ਭਇਆ–ਹੋ ਗਿਆ।੧। ਜਪਿ–ਜਪ ਕੇ। ਨਿਹਾਲ–ਸੁਖੀ। ਰਹਾਉ। ਅੰਤਰਿ–ਸਰੀਰ ਦੇ ਅੰਦਰ। ਥਾਨ ਥਨੰਤਰਿ–ਹਰ ਥਾਂ ਤੇ ਥਾਵਾਂ ਦੇ ਅੰਦਰ (ਵਿੱਥਾਂ ਵਿਚ)। ਜਤ ਕਤ–ਜਿੰਥੇ ਕਿਥੇ। ਪੇਖਉ–ਮੈਂ ਦੇਖਦਾ ਹਾਂ। ਸੋਈ–ਉਹ (ਪ੍ਰਭੂ) ਹੀ। ਜੇਵਡੁ–ਜਿਤਨਾ ਵੱਡਾ (ਬਰਾਬਰ ਦਾ)। ਅਵਰੁ–ਹੋਰ।੨।੧੧।੩੯।

ਉਥਾਨਕਾ = ਇਥੋਂ ਅਗਲੇ ੧੧ ਸ਼ਬਦਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦਾ ਸ਼ੁਕਰਾਨਾ ਕੀਤਾ ਹੈ, ਜਦ ਉਨ੍ਹਾਂ ਦੇ ਸਪੁਤ੍ਰ ਬਾਲਕ ਹਰਿਗੋਬਿੰਦ ਸਾਹਿਬ ਜੀ ਬੁਖਾਰ ਤੋਂ ਅਰੋਗ ਹੋਏ ਸਨ।

ਸੋਰਠਿ ਮਹਲਾ ੫ ॥ ਸੂਖ ਮੰਗਲ ਕਲਿਆਣ ਸਹਜ ਧੁਨਿ, ਪ੍ਰਭ ਕੇ ਚਰਣ ਨਿਹਾਰਿਆ ॥ ਰਾਖਨਹਾਰੈ ਰਾਖਿਓ ਬਾਰਿਕੁ ,ਸਤਿਗੁਰਿ ਤਾਪੁ ਉਤਾਰਿਆ ॥੧॥ ਉਬਰੇ ਸਤਿਗੁਰ ਕੀ ਸਰਣਾਈ ॥ ਜਾ ਕੀ ਸੇਵ ਨ ਬਿਰਥੀ ਜਾਈ ॥ਰਹਾਉ॥ ਘਰਿ ਮਹਿ ਸੂਖ ਬਾਹਰਿ ਫੁਨਿ ਸੂਖਾ, ਪ੍ਰਭ ਅਪੁਨੇ ਭਏ ਦਇਆਲਾ ॥ ਨਾਨਕ ਬਿਘਨੁ ਨ ਲਾਗੈ ਕੋਊ ,ਮੇਰਾ ਪ੍ਰਭੁ ਹੋਆ ਕਿਰਪਾਲਾ ॥੨॥੧੨॥੪੦॥ (ਹੇ ਭਾਈ!) ਸਾਰੇ ਸੁਖ, ਖੁਸ਼ੀਆਂ, ਆਤਮਕ ਅਨੰਦ ਦੀ ਲਗਾਤਾਰ ਧੁਨੀ ਤੇ ਮੁਕਤੀ ਪ੍ਰਾਪਤ ਹੋ ਗਈ, ਜਦੋਂ ਪ੍ਰਭੂ ਦੇ ਚਰਨ ਦੇਖੇ (ਦਰਸ਼ਨ ਕੀਤੇ)। ਸਤਿਗੁਰੂ ਨੇ (ਕ੍ਰਿਪਾ ਕਰਕੇ ਬਾਲਕ ਹਰਿਗੋਬਿੰਦ ਦਾ) ਬੁਖਾਰ ਉਤਾਰ ਦਿਤਾ ਹੈ, ਰੱਖਿਆ ਕਰਨ ਵਾਲੇ ਗੁਰੂ (ਨਾਨਕ ਦੇਵ ਜੀ) ਨੇ ਬਾਲਕ ਦੀ ਰੱਖਿਆ ਕੀਤੀ ਹੈ।੧।(ਹੇ ਭਾਈ!) ਸਤਿਗੁਰੂ ਦੀ ਸ਼ਰਣ ਵਿਚ ਪੈ ਕੇ (ਬੁਖਾਰ ਦੇ ਦੁਖਾਂ ਤੋਂ) ਬਚ ਗਏ ਹਾਂ। ਜਿਸ ਗੁਰੂ ਦੀ ਕੀਤੀ ਸੇਵਾ ਬਿਅਰਥ ਨਹੀਂ ਜਾਂਦੀ। ਰਹਾਉ।(ਹੇ ਭਾਈ! ਸਾਡੇ ਉਤੇ) ਪ੍ਰਭੂ ਜੀ ਦਿਆਲ ਹੋਏ ਹਨ, (ਹੁਣ) ਘਰ ਵਿਚ ਵੀ ਸੁਖ ਹੈ ਤੇ ਬਾਹਰ ਭੀ ਸੁਖ ਬਣਿਆ ਹੋਇਆ ਹੈ। ਨਾਨਕ ਗੁਰੂ ਜੀ ਆਖਦੇ ਹਨ (ਕਿ ਜਿਸ ਮਨੁੱਖ ਉਤੇ) ਮੇਰਾ ਪ੍ਰਭੂ ਕ੍ਰਿਪਾਲ ਹੋਇਆ ਹੈ (ਉਸ ਨੂੰ) ਕੋਈ ਬਿਘਨ ਨਹੀਂ ਲਗਦਾ।੨।੧੨।੪੦ ।

ਪਦਾਰਥ = ਮੰਗਲ–ਖੁਸ਼ੀਆਂ।ਕਲਿਆਣ–ਮੁਕਤੀ।ਸਹਜਿ ਧੁਨਿ–ਅਖੰਡ ਨਾਮ ਚਿੰਤਨ (ਅਜਪਾ ਜਾਪ ਦੀ ਧੁਨੀ)।ਨਿਹਾਰਿਆ–ਦੇਖੇ।ਰਾਖਨਹਾਰੈ–ਰੱਖਿਆ ਕਰਨ ਵਾਲੇ ਨੇ।ਸਤਿਗੁਰਿ–ਸਤਗੁਰੂ ਨੇ।ਤਾਪੁ–ਬੁਖਾਰ।੧।ਉਬਰੇ–ਬਚ ਗਏ ਹਾਂ।ਜਾ ਕੀ–ਜਿਸ ਦੀ।ਬਿਰਥੀ–ਬਿਅਰਥ; ਨਿਸਫਲ।ਰਹਾਉ।ਘਰ ਮਹਿ–ਹਿਰਦੇ ਵਿਚ।ਫੁਨਿ–ਫਿਰ; ਭੀ।ਭਏ–ਹੋਏ।ਕੋਊ–ਕੋਈ।੨।੧੨।੪੦।

ਸੋਰਠਿ ਮਹਲਾ ੫ ॥ ਸਾਧੂ ਸੰਗਿ ਭਇਆ ਮਨਿ ਉਦਮੁ ,ਨਾਮੁ ਰਤਨੁ ਜਸੁ ਗਾਈ ॥ ਮਿਟਿ ਗਈ ਚਿੰਤਾ ਸਿਮਰਿ ਅਨੰਤਾ, ਸਾਗਰੁ ਤਰਿਆ ਭਾਈ ॥੧॥ ਹਿਰਦੈ ਹਰਿ ਕੇ ਚਰਣ ਵਸਾਈ ॥ ਸੁਖੁ ਪਾਇਆ ਸਹਜ ਧੁਨਿ ਉਪਜੀ, ਰੋਗਾ ਘਾਣਿ ਮਿਟਾਈ ॥ਰਹਾਉ॥ ਕਿਆ ਗੁਣ ਤੇਰੇ ਆਖਿ ਵਖਾਣਾ, ਕੀਮਤਿ ਕਹਣੁ ਨ ਜਾਈ ॥ ਨਾਨਕ ਭਗਤ ਭਏ ਅਬਿਨਾਸੀ, ਅਪੁਨਾ ਪ੍ਰਭੁ ਭਇਆ ਸਹਾਈ ॥੨॥੧੩॥੪੧॥ (ਹੇ ਭਾਈ! ਸਾਡੇ) ਸਾਧ ਸੰਗਤ ਵਿਚ ਜਾਣ ਕਰਕੇ ਮਨ ਵਿਚ ਉਦਮ ਪੈਦਾ ਹੋਇਆ ਹੈ, ਤੇ ਹਰੀ ਦਾ ਅਮੋਲਕ ਨਾਮ ਰਤਨ ਪ੍ਰਾਪਤ ਕਰਕੇ ਹਰੀ ਦਾ ਜਸ ਗਾਇਆ ਹੈ।ਹੇ ਭਾਈ! ਬੇਅੰਤ ਹਰੀ ਨੂੰ ਸਿਮਰ ਕੇ ਚਿੰਤਾ ਮਿਟ ਗਈ ਹੈ ਅਤੇ ਸੰਸਾਰ ਸਾਗਰ ਨੂੰ ਤਰ ਗਏ ਹਾਂ।੧।(ਹੇ ਭਾਈ! ਅਸੀਂ) ਹਰੀ ਦੇ ਚਰਣ ਹਿਰਦੇ ਵਿਚ ਵਸਾਈ ਰੱਖੇ ਹਨ।(ਜਿਸ ਕਰਕੇ) ਸੁਖ ਪਾ ਲਿਆ ਹੈ ਤੇ (ਹਿਰਦੇ ਅੰਦਰ) ਨਾਮ ਸਿਮਰਨ ਦੀ ਅਖੰਡ ਧੁਨੀ ਪੈਦਾ ਹੋ ਗਈ ਹੈ ਅਤੇ ਰੋਗਾਂ ਦਾ ਸਮੂੰਹ ਵੀ ਮਿਟਾ ਲਿਆ ਹੈ।ਰਹਾਉ।(ਹੇ ਪ੍ਰਭੂ!) ਤੇਰੇ ਕਿਹੜੇ ਕਿਹੜੇ ਗੁਣ ਬੋਲ ਕੇ ਬਿਆਨ ਕਰਾਂ, (ਤੇਰੇ ਗੁਣਾਂ ਦੀ) ਕੀਮਤ ਕਹੀ ਨਹੀਂ ਜਾ ਸਕਦੀ।ਨਾਨਕ ਗੁਰੂ ਜੀ ਆਖਦੇ ਹਨ ਕਿ (ਪ੍ਰਭੂ ਦੇ) ਭਗਤ ਨਾਸ਼ ਰਹਿਤ ਹੋ ਗਏ ਹਨ, (ਕਿਉਂਕਿ ਉਨ੍ਹਾਂ ਦਾ) ਅਪਣਾ ਪ੍ਰਭੂ ਸਹਾਈ ਹੋਇਆ ਹੈ।੨।੧੩।੪੧।

ਪਦਾਰਥ = ਸਾਧੂ ਸੰਗਿ–ਸਾਧ ਸੰਗਤ ਵਿਚ।ਭਇਆ–ਹੋਇਆ।ਮਨਿ–ਮਨ ਵਿਚ।ਨਾਮੁ ਰਤਨੁ–ਰਤਨ ਵਰਗਾ ਅਮੋਲਕ ਨਾਮ। ਗਾਈ–ਗਾਇਆ।ਸਿਮਰਿ–ਸਿਮਰ ਕੇ।ਅਨੰਤਾ–ਬੇਅੰਤ ਪ੍ਰਭੂ।ਸਾਗਰੁ–ਸੰਸਾਰ ਸਮੁੰਦਰ।ਭਾਈ–ਹੇ ਭਾਈ!।੧।ਹਿਰਦੈ–ਹਿਰਦੇ ਵਿਚ।ਵਸਾਈ–ਵਸਾ ਰੱਖੇ ਹਨ।ਸਹਜ ਧੁਨਿ–ਸਿਮਰਨ ਦੀ ਲਗਾਤਾਰ ਅਖੰਡ ਧੁਨੀ।ਰੋਗਾ ਘਾਣਿ–ਰੋਗਾਂ ਦਾ ਸਮਦਾਇ; ਰੋਗਾਂ ਦਾ ਪੂਰ।ਰਹਾਉ।ਆਖਿ–ਬੋਲ ਕੇ।ਵਖਾਣਾ–ਬਿਆਨ ਕਰਾਂ।ਭਏ–ਹੋ ਗਏ।ਅਬਿਨਾਸੀ–ਨਾਸ਼ ਰਹਿਤ (ਅਮਰ)।੨।੧੩।੪੧।

ਸੋਰਠਿ ਮਃ ੫ ॥ ਗਏ ਕਲੇਸ ਰੋਗ ਸਭਿ ਨਾਸੇ, ਪ੍ਰਭਿ ਅਪੁਨੈ ਕਿਰਪਾ ਧਾਰੀ ॥ ਆਠ ਪਹਰ ਆਰਾਧਹੁ ਸੁਆਮੀ, ਪੂਰਨ ਘਾਲ ਹਮਾਰੀ ॥੧॥ ਹਰਿ ਜੀਉ ਤੂ ਸੁਖ ਸੰਪਤਿ ਰਾਸਿ ॥ ਰਾਖਿ ਲੈਹੁ ਭਾਈ ਮੇਰੇ ਕਉ, ਪ੍ਰਭ ਆਗੈ ਅਰਦਾਸਿ ॥ਰਹਾਉ॥ ਜੋ ਮਾਗਉ ਸੋਈ ਸੋਈ ਪਾਵਉ ,ਅਪਨੇ ਖਸਮ ਭਰੋਸਾ ॥ ਕਹੁ ਨਾਨਕ ਗੁਰੁ ਪੂਰਾ ਭੇਟਿਓ, ਮਿਟਿਓ ਸਗਲ ਅੰਦੇਸਾ ॥੨॥੧੪॥੪੨॥ (ਹੇ ਭਾਈ! ਜਦ) ਅਪਨੇ ਪ੍ਰਭੂ ਨੇ ਕ੍ਰਿਪਾ ਕੀਤੀ ਤਾਂ ਸਾਰੇ ਕਲੇਸ਼ ਦੂਰ ਹੋ ਗਏ ਅਤੇ ਸਾਰੇ ਰੋਗ ਵੀ ਦੌੜ ਗਏ।(ਹੇ ਭਾਈ!) ਅੱਠੇ ਪਹਿਰ ਮਾਲਕ ਪ੍ਰਭੂ ਨੂੰ ਸਿਮਰਦੇ ਰਹੋ, ਸਾਡੀ ਜੀਵਾਂ ਦੀ ਘਾਲ ਕਮਾਈ (ਉਹ ਜਰੂਰ) ਸਫਲ ਕਰਦਾ ਹੈ।੧।ਹੇ ਹਰਿ ਜੀਉ! ਤੂੰ ਸੁਖਾਂ ਦੀ ਸੰਪਤੀ ਤੇ ਪੂੰਜੀ ਹੈਂ।ਹੇ ਪ੍ਰਭੂ! ਤੇਰੇ ਅੱਗੇ ਮੇਰੀ ਅਰਦਾਸ ਹੈ, ਮੇਰੇ ਪਿਆਰੇ (ਬਾਲਕ ਹਰਿਗੋਬਿੰਦ) ਨੂੰ ਬਚਾ ਲਵੋ।ਰਹਾਉ।ਜੋ ਜੋ (ਮੰਗ ਮੈਂ ਪ੍ਰਭੂ ਤੋਂ) ਮੰਗਦਾ ਹਾਂ, ਉਹ ਉਹ ਹੀ ਚੀਜ ਮੈਂ ਪਾ ਲੈਂਦਾ ਹਾਂ, (ਮੈਨੂੰ) ਅਪਣੇ ਮਾਲਕ ਤੇ ਭਰੋਸਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਮੈਨੂੰ ਪੂਰਾ ਗੁਰੂ ਮਿਲਿਆ ਹੈ, (ਜਿਸ ਦੀ ਕ੍ਰਿਪਾ ਨਾਲ ਮੇਰੇ) ਸਾਰੇ ਫਿਕਰ ਮਿਟ ਗਏ ਹਨ।੨।੧੪।੪੨।

ਪਦਾਰਥ = ਕਲੇਸ–ਮਾਨਸਕ ਦੁਖ।ਨਾਸੇ–ਦੌੜ ਗਏ।ਪ੍ਰਭਿ–ਪ੍ਰਭੂ ਨੇ।ਧਾਰੀ–ਕੀਤੀ।ਆਠ ਪਹਰ–ਅੱਠੇ ਪਹਿਰ (ਹਰ ਸਮੇਂ)। ਆਰਾਧਹੁ–ਸਿਮਰੋ।ਪੂਰਨ–ਸਫਲ।ਘਾਲ–ਮੇਹਨਤ।ਹਮਾਰੀ–ਸਾਡੀ (ਸਭ ਜੀਵਾਂ ਦੀ)।੧।ਸੰਪਤਿ–ਮਾਲ ਧਨ; ਸਮੱਗਰੀ।ਰਾਸਿ–ਰਾਸ਼ੀ (ਪੂੰਜੀ)।ਰਾਖਿ ਲੈਹੁ–ਬਚਾ ਲਵੋ।ਭਾਈ ਕਉ–ਪਿਆਰੇ ਨੂੰ।ਰਹਾਉ।ਸੋਈ ਸੋਈ–ਉਹ ਉਹ (ਵਸਤੂ) ਹੀ।ਪਾਵਉ–ਪਾ ਲੈਂਦਾ ਹਾਂ।ਖਸਮ–ਮਾਲਕ ਪ੍ਰਭੂ।ਭੇਟਿਓ–ਮਿਲਿਆ ਹੈ।ਸਗਲ–ਸਾਰੇ।ਅੰਦੇਸਾ–ਫਿਕਰ।੨।੧੪।੪੨।

ਸੋਰਠਿ ਮਹਲਾ ੫ ॥ ਸਿਮਰਿ ਸਿਮਰਿ ਗੁਰੁ ਸਤਿਗੁਰੁ ਅਪਨਾ, ਸਗਲਾ ਦੂਖੁ ਮਿਟਾਇਆ ॥ ਤਾਪ ਰੋਗ ਗਏ ਗੁਰ ਬਚਨੀ, ਮਨ ਇਛੇ ਫਲ ਪਾਇਆ ॥੧॥ ਮੇਰਾ ਗੁਰੁ ਪੂਰਾ ਸੁਖ ਦਾਤਾ ॥ ਕਰਣ ਕਾਰਣ ਸਮਰਥ ਸੁਆਮੀ, ਪੂਰਨ ਪੁਰਖੁ ਬਿਧਾਤਾ ॥ਰਹਾਉ॥ ਅਨੰਦ ਬਿਨੋਦ ਮੰਗਲ ਗੁਣ ਗਾਵਹੁ ,ਗੁਰ ਨਾਨਕ ਭਏ ਦਇਆਲਾ ॥ ਜੈ ਜੈਕਾਰ ਭਏ ਜਗ ਭੀਤਰਿ, ਹੋਆ ਪਾਰਬ੍ਰਹਮੁ ਰਖਵਾਲਾ ॥੨॥੧੫॥੪੩॥ (ਹੇ ਭਾਈ! ਅਸੀਂ) ਅਪਣੇ ਪੂਜਨੀਕ ਸਤਿਗੁਰੂ ਨੂੰ ਸਿਮਰ ਸਿਮਰ ਕੇ ਸਾਰਾ ਦੁਖ ਮਿਟਾ ਲਿਆ ਹੈ।ਗੁਰੂ ਦੇ ਬਚਨਾਂ ਦੇ ਸਦਕੇ ਸਰੀਰਕ ਤਾਪ ਤੇ ਮਾਨਸਕ ਰੋਗ ਦੂਰ ਹੋ ਗਏ ਹਨ ਅਤੇ ਮਨ ਇੱਛੇ ਫਲ ਪਾ ਲਏ ਹਨ।੧।ਮੇਰਾ ਪੂਰਾ ਗੁਰੂ ਸੁੱਖਾਂ ਦਾ ਦਾਤਾ ਹੈ।(ਗੁਰੂ) ਸਾਰੇ ਕਾਰਨਾਂ ਦੇ ਕਰਨ ਵਾਲੇ ਸਰਬ ਸ਼ਕਤੀਮਾਨ ਮਾਲਕ ਪੂਰਨ ਪੁਰਖ ਤੇ ਸਿਰਜਨਹਾਰ ਪ੍ਰਭੂ ਦਾ ਰੂਪ ਹੈ।ਰਹਾਉ।(ਹੇ ਭਾਈ!) ਗੁਰੂ ਨਾਨਕ ਦੇਵ ਜੀ ਮੇਹਰਵਾਨ ਹੋਏ ਹਨ, (ਜੋ ਹਰਿਗੋਬਿਦ ਦਾ ਬੁਖਾਰ ਉਤਰ ਗਿਆ ਹੈ, ਇਸ ਲਈ ਸਾਰੇ ਮਿਲ ਕੇ) ਅਨੰਦ ਤੇ ਖੁਸ਼ੀਆਂ ਮਾਣੋ ਅਤੇ ਪ੍ਰਭੂ ਦੇ ਮੰਗਲ ਮਈ ਗੁਣ ਗਾਵੋ।ਪਾਰਬ੍ਰਹਮ (ਸਾਡਾ ਸਭ ਦਾ) ਰਖਵਾਲਾ ਹੋਇਆ ਹੈ, (ਇਸ

ਲਈ) ਜਗਤ ਦੇ ਅੰਦਰ (ਗੁਰੂ ਦੀ) ਜੈ ਜੈਕਾਰ ਹੋ ਰਹੀ ਹੈ।੨।੧੫।੪੩।

ਪਦਾਰਥ = ਸਿਮਰਿ ਸਿਮਰਿ–ਬਾਰ ਬਾਰ ਸਿਮਰ ਕੇ।ਸਗਲਾ–ਸਾਰਾ।ਗੁਰ ਬਚਨੀ–ਗੁਰੂ ਦੇ ਬਚਨਾਂ ਦਾ ਸਦਕਾ।੧।ਕਰਣ ਕਾਰਣ–ਸਾਰੇ ਕਾਰਣਾਂ ਦੇ ਕਰਨ ਵਾਲਾ; ਜਗਤ ਰਚਨਾ ਦਾ ਮੂਲ ਕਾਰਣ।ਸਮਰਥ–ਸਰਬ ਸ਼ਕਤੀਮਾਨ।ਪੂਰਨ ਪੁਰਖ–ਸਰਬ ਵਿਆਪਕ ਅਕਾਲ ਪੁਰਖ।ਬਿਧਾਤਾ–ਸਿਰਜਨਹਾਰ; ਕੀਤੇ ਕਰਮਾਂ ਅਨੁਸਾਰ ਫਲ ਦੇਣ ਵਾਲਾ ਪ੍ਰਭੂ।ਰਹਾਉ।ਬਿਨੋਦ–ਕੌਤਕ; ਖੁਸ਼ੀਆਂ।ਭਏ–ਹੋਏ ਹਨ।ਜਗ ਭੀਤਰਿ–ਜਗਤ ਦੇ ਅੰਦਰ।ਰਖਵਾਲਾ–ਰੱਖਿਆ ਕਰਨ ਵਾਲਾ।੨।੧੫।੪੩।

ਸੋਰਠਿ ਮਹਲਾ ੫ ॥ ਹਮਰੀ ਗਣਤ ਨ ਗਣੀਆ ਕਾਈ, ਅਪਣਾ ਬਿਰਦੁ ਪਛਾਣਿ ॥ ਹਾਥ ਦੇਇ ਰਾਖੇ ਕਰਿ ਅਪੁਨੇ, ਸਦਾ ਸਦਾ ਰੰਗੁ ਮਾਣਿ ॥੧॥ ਸਾਚਾ ਸਾਹਿਬੁ ਸਦ ਮਿਹਰਵਾਣ ॥ ਬੰਧੁ ਪਾਇਆ ਮੇਰੈ ਸਤਿਗੁਰਿ ਪੂਰੈ, ਹੋਈ ਸਰਬ ਕਲਿਆਣਿ ॥ਰਹਾਉ॥ (ਹੇ ਭਾਈ! ਹਰੀ ਨੇ ਬਖਸ਼ਣ ਵਾਲਾ) ਅਪਣਾ ਸੁਭਾਵ ਪਛਾਣ ਕੇ ਸਾਡੀ ਕੋਈ ਗਿਣਤੀ ਨਹੀਂ ਗਿਣੀ (ਸਾਡੇ ਕਰਮ ਤੇ ਗੁਣ ਔਗੁਣ ਨਹੀਂ ਵਿਚਾਰੇ)।ਅਪਣੇ ਦਾਸ ਬਣਾ ਕਰਕੇ ਹੱਥ ਦੇ ਕੇ (ਉਸ ਨੇ ਸਾਡੀ) ਰੱਖਿਆ ਕੀਤੀ, (ਜਿਸ ਕਰਕੇ ਅਸੀਂ) ਸਦਾ ਖੁਸ਼ੀਆਂ ਮਾਣ ਰਹੇ ਹਾਂ।੧।(ਹੇ ਭਾਈ!) ਸੱਚਾ ਵਾਹਿਗੁਰੂ ਸਦਾ ਹੀ ਮੇਹਰਾਂ ਕਰਨ ਵਾਲਾ ਹੈ।ਮੇਰੇ ਪੂਰੇ ਸਤਿਗੁਰੂ ਨੇ ਬੰਨ੍ਹ ਪਾ (ਰੋਗ ਤੇ ਦੁੱਖਾਂ ਨੂੰ ਰੋਕ) ਦਿਤਾ ਹੈ, (ਜਿਸ ਕਰਕੇ ਸਾਨੂੰ) ਸਭ ਤਰ੍ਹਾਂ ਦੀ ਸੁੱਖ ਸਾਂਦ ਪ੍ਰਾਪਤ ਹੋਈ ਹੈ।ਰਹਾਉ।

ਅੰਗ ੬੨੦ = ਜੀਉ ਪਾਇ ਪਿੰਡੁ ਜਿਨਿ ਸਾਜਿਆ, ਦਿਤਾ ਪੈਨਣੁ ਖਾਣੁ ॥ ਅਪਣੇ ਦਾਸ ਕੀ ਆਪਿ ਪੈਜ ਰਾਖੀ, ਨਾਨਕ ਸਦ ਕੁਰਬਾਣੁ ॥੨॥੧੬॥੪੪॥ (ਹੇ ਭਾਈ) ਜਿਸ ਪ੍ਰਭੂ ਨੇ ਜਿੰਦ ਜਾਨ ਪਾ ਕੇ (ਸਾਡਾ ਸਭ ਜੀਵਾਂ ਦਾ) ਸਰੀਰ ਸਾਜਿਆ ਹੈ ਅਤੇ ਪੈਨ੍ਹਣ ਲਈ ਕੱਪੜੇ ਤੇ ਖਾਣ ਲਈ ਭੋਜਨ ਦਿਤਾ ਹੈ।(ਉਸ ਹਰੀ ਨੇ) ਅਪਣੇ ਦਾਸ ਦੀ ਆਪ ਪੈਜ ਰੱਖੀ ਹੈ, ਨਾਨਕ (ਉਸ ਪ੍ਰਭੂ ਤੋਂ) ਸਦਾ ਕੁਰਬਾਨ ਜਾਂਦਾ ਹੈ।੨।੧੬।੪੪।

ਪਦਾਰਥ = ਹਮਰੀ–ਸਾਡੀ।ਗਣਤ–ਕੀਤੇ ਕਰਮਾਂ ਦੀ ਗਿਣਤੀ (ਹਿਸਾਬ)।ਨ ਗਣੀਆ–ਨਹੀਂ ਗਿਣੀ (ਗਿਣਤੀ ਨਹੀਂ ਕੀਤੀ)।ਕਾਈ –ਕੋਈ।ਬਿਰਦ–ਸੁਭਾਵ; ਫਰਜ।ਦੇਇ–ਦੇ ਕੇ।ਰਾਖੇ–ਰੱਖ ਲਏ (ਰੱਖਿਆ ਕੀਤੀ)।ਰੰਗੁ–ਖੁਸ਼ੀਆਂ।ਮਾਣਿ–ਮਾਣਦੇ ਹਾਂ।੧।ਸਾਚਾ ਸਾਹਿਬੁ–ਸੱਚਾ ਮਾਲਕ ਪ੍ਰਭੂ।ਸਦ–ਸਦਾ।ਮਿਹਰਵਾਣ–ਮੇਹਰਾਂ ਕਰਨ ਵਾਲਾ ਹੈ।ਬੰਧੁ–ਬੰਨ੍ਹ; ਰੋਕ।ਸਤਿਗੁਰਿ ਪੂਰੈ–ਪੂਰੇ ਸਤਿਗੁਰੂ ਨੇ।ਸਰਬ ਕਲਿਆਣਿ–ਸਭ ਸੁੱਖ ਸਾਂਦ ਹੋ ਗਈ।ਰਹਾਉ।ਜੀਉ–ਜਿੰਦ ਜਾਨ (ਚੇਤਨ ਸੱਤਾ)।ਪਾਇ–ਪਾ ਕੇ।ਪਿੰਡੁ–ਸਰੀਰ।ਜਿਨਿ–ਜਿਸ ਪ੍ਰਭੂ ਨੇ।ਸਾਜਿਆ–ਪੈਦਾ ਕੀਤਾ ਹੈ।ਪੈਜ–ਇੱਜਤ।ਕੁਰਬਾਣੁ–ਕੁਰਬਾਨ ਜਾਂਦਾ ਹੈ।੨।੧੬।੪੪।

ਸੋਰਠਿ ਮਹਲਾ ੫ ॥ ਦੁਰਤੁ ਗਵਾਇਆ ਹਰਿ ਪ੍ਰਭਿ ਆਪੇ, ਸਭੁ ਸੰਸਾਰੁ ਉਬਾਰਿਆ ॥ ਪਾਰਬ੍ਰਹਮਿ ਪ੍ਰਭਿ ਕਿਰਪਾ ਧਾਰੀ ,ਅਪਣਾ ਬਿਰਦੁ ਸਮਾਰਿਆ ॥੧॥ ਹੋਈ ਰਾਜੇ ਰਾਮ ਕੀ ਰਖਵਾਲੀ ॥ ਸੂਖ ਸਹਜ ਆਨਦ ਗੁਣ ਗਾਵਹੁ ,ਮਨੁ ਤਨੁ ਦੇਹ ਸੁਖਾਲੀ ॥ਰਹਾਉ॥ ਪਤਿਤ ਉਧਾਰਣੁ ਸਤਿਗੁਰੁ ਮੇਰਾ, ਮੋਹਿ ਤਿਸ ਕਾ ਭਰਵਾਸਾ ॥ ਬਖਸਿ ਲਏ ਸਭਿ ਸਚੈ ਸਾਹਿਬਿ, ਸੁਣਿ ਨਾਨਕ ਕੀ ਅਰਦਾਸਾ ॥੨॥੧੭॥੪੫॥ (ਹੇ ਭਾਈ!) ਹਰੀ ਪ੍ਰਭੂ ਨੇ ਆਪ ਹੀ ਪਾਪ ਦੂਰ ਕਰ ਦਿਤੇ ਅਤੇ ਸਾਰੇ ਸੰਸਾਰ ਨੂੰ (ਪਾਪਾਂ ਤੋਂ) ਬਚਾ ਲਿਆ ਹੈ।ਪ੍ਰਭੂ ਨੇ ਕ੍ਰਿਪਾ ਕੀਤੀ ਹੈ, ਅਪਣਾ (ਬਖਸ਼ਿਸ਼ ਕਰਨ ਵਾਲਾ) ਸੁਭਾਉ ਸੰਭਾਲਿਆ (ਨਿਬਾਹਿਆ) ਹੈ।੧।(ਹੇ ਭਾਈ!) ਰਾਜਾ ਰਾਮ ਦੀ ਕ੍ਰਿਪਾ (ਸਾਡੀ) ਰੱਖਿਆ ਕਰਨ ਵਾਲੀ ਹੋਈ ਹੈ।ਕੁਦਰਤੀ ਸੁਖ ਤੇ ਅਨੰਦ ਦੇਣ ਵਾਲੇ ਪ੍ਰਭੂ ਦੇ ਗੁਣ ਗਾਓ, (ਉਸ ਦੇ ਗੁਣ ਗਾਉਣ ਨਾਲ ਹੀ) ਮਨ, ਸੂਖਮ ਤਨ ਤੇ ਸਥੂਲ ਸਰੀਰ ਸੁਖੀ ਹੁੰਦੇ ਹਨ।ਰਹਾਉ।ਮੇਰਾ ਸਤਿਗੁਰੂ ਪਾਪੀਆਂ ਦਾ ਉਧਾਰ ਕਰਨ ਵਾਲਾ ਹੈ, ਮੈਨੂੰ ਉਸ ਦਾ ਭਰੋਸਾ ਹੈ।ਨਾਨਕ ਦੀ ਅਰਦਾਸ ਸੁਣ ਕੇ ਸੱਚੇ ਮਾਲਕ ਨੇ ਜੀਵਾਂ ਦੇ ਸਾਰੇ ਔਗੁਣ ਬਖਸ਼ ਲਏ ਹਨ।੨।੧੭।੪੫।

ਪਦਾਰਥ = ਦੁਰਤੁ–ਪਾਪ।ਪ੍ਰਭਿ–ਪ੍ਰਭੂ ਨੇ।ਉਬਾਰਿਆ–(ਪਾਪਾ ਤੋਂ) ਬਚਾ ਲਿਆ।ਧਾਰੀ–ਕੀਤੀ।ਸਮਾਰਿਆ–ਸੰਭਾਲਿਆ; ਚੇਤੇ ਰੱਖਿਆ; ਨਿਬਾਹਿਆ।ਬਿਰਦੁ–ਸੁਭਾਵ; ਫਰਜ।੧।ਰਾਜੇ ਰਾਮ ਕੀ–ਪ੍ਰਭੂ ਪਾਤਸ਼ਾਹ ਦੀ।ਸੂਖ ਸਹਜ–ਕੁਦਰਤੀ ਸੁਖ (ਸਹਿਜ ਅਵਸਥਾ ਦਾ ਸੁਖ)।ਦੇਹ–ਸਥੂਲ ਸਰੀਰ।ਸੁਖਾਲੀ–ਸੁਖੀ।ਰਹਾਉ।ਪਤਿਤ–ਪਾਪੀ (ਰੱਬ ਤੋਂ ਬੇਮੁਖ ਲੋਕ)।ਉਧਾਰਣ–ਮੁਕਤ ਕਰਨ ਵਾਲਾ।ਮੋਹਿ–ਮੈਨੂੰ।ਭਰਵਾਸਾ–ਭਰੋਸਾ।ਸਚੈ ਸਾਹਿਬਿ–ਸੱਚੇ ਮਾਲਕ ਨੇ।ਸੁਣਿ–ਸੁਣ ਕੇ।੨।੧੭।੪੫।

ਸੋਰਠਿ ਮਹਲਾ ੫ ॥ ਬਖਸਿਆ ਪਾਰਬ੍ਰਹਮ ਪਰਮੇਸਰਿ, ਸਗਲੇ ਰੋਗ ਬਿਦਾਰੇ ॥ ਗੁਰ ਪੂਰੇ ਕੀ ਸਰਣੀ ਉਬਰੇ, ਕਾਰਜ ਸਗਲ ਸਵਾਰੇ ॥੧॥ ਹਰਿ ਜਨਿ ਸਿਮਰਿਆ ਨਾਮ ਅਧਾਰਿ ॥ ਤਾਪੁ ਉਤਾਰਿਆ ਸਤਿਗੁਰਿ ਪੂਰੈ, ਅਪਣੀ ਕਿਰਪਾ ਧਾਰਿ ॥ਰਹਾਉ॥ ਸਦਾ ਅਨੰਦ ਕਰਹ ਮੇਰੇ ਪਿਆਰੇ, ਹਰਿ ਗੋਵਿੰਦੁ ਗੁਰਿ ਰਾਖਿਆ ॥ ਵਡੀ ਵਡਿਆਈ ਨਾਨਕ ਕਰਤੇ ਕੀ, ਸਾਚੁ ਸਬਦੁ ਸਤਿ ਭਾਖਿਆ ॥੨॥੧੮॥੪੬॥ (ਹੇ ਭਾਈ!) ਪਾਰਬ੍ਰਹਮ ਪ੍ਰਮੇਸਰ ਨੇ (ਹਰਗੋਬਿੰਦ ਸਾਹਿਬ ਤੇ) ਬਖਸ਼ਿਸ਼ ਕੀਤੀ ਹੈ, (ਸੀਤਲਾ ਆਦਿ ਦੇ) ਸਾਰੇ ਰੋਗ ਨਾਸ਼

ਕਰ ਦਿਤੇ ਹਨ।ਪੂਰੇ ਗੁਰੂ ਦੀ ਸ਼ਰਣ ਵਿਚ ਪੈ ਕੇ (ਅਸੀਂ) ਬਚ ਗਏ ਹਾਂ ਅਤੇ (ਗੁਰੂ ਨੇ ਸਾਡੇ) ਸਾਰੇ ਕੰਮ ਸਵਾਰ ਦਿਤੇ ਹਨ।੧।ਹਰੀ ਦੇ ਸੇਵਕਾਂ ਨੇ (ਭਾਵ ਅਸੀਂ) ਨਾਮ ਦੇ ਆਸਰੇ ਨਾਲ ਹਰੀ ਨੂੰ ਸਿਮਰਿਆ ਹੈ।ਪੂਰੇ ਸਤਿਗੁਰੂ ਨੇ ਅਪਣੀ ਕ੍ਰਿਪਾ ਧਾਰ ਕੇ (ਹਰਿਗਬਿੰਦ ਦਾ) ਬੁਖਾਰ ਉਤਾਰ ਦਿਤਾ ਹੈ।ਰਹਾਉ।ਹੇ ਮੇਰੇ ਪਿਆਰੇ (ਗੁਰਸਿੱਖੋ!) ਗੁਰੂ ਨੇ ਹਰਿਗੋਬਿੰਦ ਨੂੰ (ਬੁਖਾਰ ਤੋਂ) ਬਚਾ ਲਿਆ ਹੈ, (ਇਸ ਲਈ ਅਸੀਂ) ਸਦਾ ਅਨੰਦ ਮਾਣਨਾ ਕਰਦੇ ਹਾਂ।ਨਾਨਕ ਗੁਰੂ ਜੀ ਆਖਦੇ ਕਿ ਕਰਤਾਰ ਦੀ ਵਡਿਆਈ ਵੱਡੀ ਹੈ, ਨਿਸਚੇ ਕਰ ਕੇ (ਅਸੀਂ ਇਹ) ਸੱਚਾ ਸ਼ਬਦ ਕਥਨ ਕੀਤਾ ਹੈ।੨।੧੮।੪੬। ਸਤਿ ਭਾਖਿਆ = ੧. (ਅਸੀਂ ਇਹ) ਸੱਚਾ ਸ਼ਬਦ ਉਚਰਿਆ ਹੈ, ਜੋ ਸੱਤ ਸਰੂਪ (ਕਰਤਾਰ ਦਾ ਰੂਪ) ਹੈ। ੨. ਸਤਿ ਸਰੂਪ (ਗੁਰੂ ਨੇ) ਸੱਚਾ ਵਾਕ ਕਥਨ ਕੀਤਾ ਹੈ।

ਪਦਾਰਥ = ਬਖਸਿਆ–ਬਖਸ਼ਿਸ਼ ਕੀਤੀ।ਪਰਮੇਸਰਿ–ਪ੍ਰਮੇਸਰ ਨੇ।ਸਗਲੇ–ਸਾਰੇ।ਬਿਦਾਰੇ–ਨਾਸ਼ ਕਰ ਦਿਤੇ।ਉਬਰੇ–ਬਚ ਗਏ। ਸਵਾਰੇ–ਸਵਾਰ (ਪੂਰੇ ਕਰ) ਦਿਤੇ।੧।ਜਨਿ–ਸੇਵਕ ਨੇ।ਅਧਾਰਿ–ਆਸਰੇ ਨਾਲ।ਤਾਪੁ–ਬੁਖਾਰ।ਸਤਿਗੁਰਿ ਪੂਰੈ–ਪੂਰੇ ਸਤਿਗੁਰੂ ਨੇ ।ਕਿਰਪਾ ਧਾਰਿ–ਕ੍ਰਿਪਾ ਕਰਕੇ।ਰਹਾਉ।ਕਰਹ–ਕਰਦੇ ਹਾਂ।ਗੁਰਿ–ਗੁਰੂ ਨੇ।ਕਰਤੇ ਕੀ–ਕਰਤਾਰ ਦੀ।ਸਾਚੁ ਸਬਦੁ–ਸੱਚਾ ਵਾਕ। ਸਤਿ–ਨਿਸਚੇ ਕਰਕੇ; ਸਹੀ (ਠੀਕ)।ਭਾਖਿਆ–ਕਥਨ ਕੀਤਾ ਹੈ।੨।੧੮।੪੬।

ਸੋਰਠਿ ਮਹਲਾ ੫ ॥ ਭਏ ਕ੍ਰਿਪਾਲ ਸੁਆਮੀ ਮੇਰੇ, ਤਿਤੁ ਸਾਚੈ ਦਰਬਾਰਿ ॥ ਸਤਿਗੁਰਿ ਤਾਪੁ ਗਵਾਇਆ ਭਾਈ, ਠਾਂਢਿ ਪਈ ਸੰਸਾਰਿ ॥ ਅਪਣੇ ਜੀਅ ਜੰਤ ਆਪੇ ਰਾਖੇ, ਜਮਹਿ ਕੀਓ ਹਟਤਾਰਿ ॥੧॥ ਹਰਿ ਕੇ ਚਰਣ ਰਿਦੈ ਉਰ ਧਾਰਿ ॥ ਸਦਾ ਸਦਾ ਪ੍ਰਭੁ ਸਿਮਰੀਐ ਭਾਈ, ਦੁਖ ਕਿਲਬਿਖ ਕਾਟਣਹਾਰੁ ॥੧॥ਰਹਾਉ॥ ਤਿਸ ਕੀ ਸਰਣੀ ਊਬਰੈ ਭਾਈ, ਜਿਨਿ ਰਚਿਆ ਸਭੁ ਕੋਇ ॥ ਕਰਣ ਕਾਰਣ ਸਮਰਥੁ ਸੋ ਭਾਈ, ਸਚੈ ਸਚੀ ਸੋਇ ॥ ਨਾਨਕ ਪ੍ਰਭੂ ਧਿਆਈਐ ਭਾਈ, ਮਨੁ ਤਨੁ ਸੀਤਲੁ ਹੋਇ ॥੨॥੧੯॥੪੭॥ (ਹੇ ਭਾਈ!) ਉਸ ਸੱਚੇ ਦਰਬਾਰ ਵਿਚ ਮੇਰੇ ਮਾਲਕ ਪ੍ਰਭੂ ਜੀ ਕ੍ਰਿਪਾਲੂ ਹੋਏ।ਹੇ ਭਾਈ! ਸਤਿਗੁਰੂ ਨੇ (ਹਰਿਗੋਬਿੰਦ ਜੀ ਦਾ) ਤਾਪ ਦੂਰ ਕਰ ਦਿਤਾ ਹੈ (ਮਾਨੋ ਸਾਡੇ ਭਾਣੇ) ਸਾਰੇ ਸੰਸਾਰ ਵਿਚ ਠੰਢ ਪੈ ਗਈ ਹੈ।ਪ੍ਰਭੂ ਨੇ ਅਪਣੇ ਜੀਵ ਜੰਤਾਂ ਦੀ ਆਪੇ ਰੱਖਿਆ ਕੀਤੀ ਹੈ, ਜਮ ਨੇ (ਨਿਰਾਸ ਜੋ ਕੇ) ਹੜਤਾਲ ਕਰ ਦਿਤੀ (ਕਿਉਂਕਿ ਉਸ ਦੀ ਕੋਈ ਪੇਸ਼ ਨਹੀਂ ਚੱਲੀ)।੧।(ਹੇ ਭਾਈ!) ਹਰੀ ਦੇ ਚਰਨ ਅਪਣੇ ਧੁਰ ਹਿਰਦੇ ਵਿਚ ਟਿਕਾ ਲੈ।ਹੇ ਭਾਈ! ਪ੍ਰਭੂ ਨੂੰ ਸਦਾ ਸਦਾ ਸਿਮਰਨਾ ਚਾਹੀਦਾ ਹੈ, ਜੋ ਦੁਖ ਤੇ ਪਾਪ ਕੱਟਣ ਵਾਲਾ ਹੈ।ਰਹਾਉ।ਜਿਸ ਹਰੀ ਨੇ ਸਭ ਕੋਈ (ਹਰੇਕ ਜੀਵ) ਪੈਦਾ ਕੀਤਾ ਹੈ, (ਅਸੀਂ) ਉਸ ਦੀ ਸ਼ਰਣ ਵਿਚ ਪੈ ਕੇ (ਦੁੱਖਾਂ ਪਾਪਾਂ ਤੋਂ) ਬਚ ਗਏ ਹਾਂ।ਉਹ ਸਰਬ ਸ਼ਕਤੀਮਾਨ ਪ੍ਰਭੂ ਸਾਰੇ ਕਾਰਨਾਂ ਦੇ ਕਰਨ ਵਾਲਾ ਹੈ, (ਉਸ) ਸਚੇ ਹਰੀ ਦੀ ਸੱਚੀ ਸੋਭਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਭਾਈ! ਪ੍ਰਭੂ ਨੂੰ ਸਿਮਰਨਾ ਚਾਹੀਦਾ ਹੈ, (ਜਿਸ ਦੇ ਸਿਮਰਨ ਨਾਲ) ਮਨ ਤੇ ਤਨ ਸ਼ਾਂਤ ਹੋ ਜਾਂਦਾ ਹੈ।੨।੧੯।੪੭।

ਪਦਾਰਥ = ਭਏ–ਹੋਏ।ਤਿਤੁ ਦਰਬਾਰਿ–ਉਸ ਦਰਬਾਰ ਵਿਚ।ਸਤਿਗੁਰਿ–ਸਤਿਗੁਰੂ ਨੇ।ਗਵਾਇਆ–ਦੂਰ ਕਰ ਦਿਤਾ।ਭਾਈ–ਹੇ ਭਾਈ!।ਠਾਂਢਿ–ਠੰਢ (ਸ਼ਾਂਤੀ)।ਸੰਸਾਰਿ–ਸੰਸਾਰ ਵਿਚ।ਜੀਅ ਜੰਤ–ਸਥੂਲ ਜੀਵ ਤੇ ਸੂਖਮ ਜੀਵ।ਜਮਹਿ–ਜਮ ਨੇ।ਕੀਓ ਹਟਤਾਰਿ–ਹੜਤਾਲ ਕਰ ਦਿਤੀ (ਕੰਮ ਛਡ ਦਿਤਾ); ਤਾੜਨਾ ਕੀਤੀ ਤੇ ਹਟਾ ਦਿਤਾ; ਤਾਲਾ ਬੰਦੀ (ਦੁਕਾਨ ਬੰਦ) ਕਰ ਦਿਤੀ।੧।ਰਿਦੈ ਉਰ ਧਾਰਿ–ਧੁਰ ਹਿਰਦੇ ਵਿਚ।ਕਿਲਬਿਖ–ਪਾਪ।ਕਾਟਣਹਾਰੁ–ਕੱਟਣ ਵਾਲਾ।ਰਹਾਉ।ਊਬਰੈ–ਬਚ ਗਏ ਹਾਂ।ਜਿਨਿ–ਜਿਸ ਨੇ।ਰਚਿਆ–ਪੈਦਾ ਕੀਤਾ।ਕਰਣ ਕਾਰਣ–ਸਾਰੇ ਕਾਰਣਾਂ ਦੇ ਕਰਨ ਵਾਲਾ; ਜਗਤ ਰਚਨਾ ਦਾ ਮੂਲ ਕਾਰਣ।ਸਮਰਥੁ–ਸਭ ਤਾਕਤਾਂ ਦਾ ਮਾਲਕ। ਸੋ–ਉਹ।ਸਚੈ–ਸੱਚੇ ਹਰੀ ਦੀ।ਸਚੀ ਸੋਇ–ਸੱਚੀ (ਸਦਾ ਕਾਇਮ ਰਹਿਣ ਵਾਲੀ) ਸੋਭਾ।ਸੀਤਲੁ–ਠੰਢਾ; ਸ਼ਾਂਤ।੨।੧੯।੪੭।

ਸੋਰਠਿ ਮਹਲਾ ੫ ॥ ਸੰਤਹੁ ਹਰਿ ਹਰਿ ਨਾਮੁ ਧਿਆਈ ॥ ਸੁਖ ਸਾਗਰ ਪ੍ਰਭੁ ਵਿਸਰਉ ਨਾਹੀ, ਮਨ ਚਿੰਦਿਅੜਾ ਫਲੁ ਪਾਈ ॥੧॥ ਰਹਾਉ॥ ਸਤਿਗੁਰਿ ਪੂਰੈ ਤਾਪੁ ਗਵਾਇਆ, ਅਪਣੀ ਕਿਰਪਾ ਧਾਰੀ ॥ ਪਾਰਬ੍ਰਹਮ ਪ੍ਰਭ ਭਏ ਦਇਆਲਾ, ਦੁਖੁ ਮਿਟਿਆ ਸਭ ਪਰਵਾਰੀ ॥੧॥ ਸਰਬ ਨਿਧਾਨ ਮੰਗਲ ਰਸ ਰੂਪਾ, ਹਰਿ ਕਾ ਨਾਮੁ ਅਧਾਰੋ ॥ ਨਾਨਕ ਪਤਿ ਰਾਖੀ ਪਰਮੇਸਰਿ, ਉਧਰਿਆ ਸਭੁ ਸੰਸਾਰੋ ॥੨॥੨੦॥੪੮॥ ਹੇ ਸੰਤ ਜਨੋਂ! ਮੈਂ ਹਰਿ ਹਰਿ ਨਾਮ ਸਿਮਰਦਾ ਹਾਂ।ਸੁੱਖਾਂ ਦਾ ਸਾਗਰ ਪ੍ਰਭੂ ਮੈਨੂੰ ਭੁਲਦਾ ਨਹੀਂ, ਮਨ ਦਾ ਚਿਤਵਿਆ ਫਲ ਪਾ ਲਿਆ ਹੈ।੧।ਰਹਾਉ।ਪੂਰੇ ਸਤਿਗੁਰੂ ਨੇ ਅਪਣੀ ਕ੍ਰਿਪਾ ਕਰਕੇ (ਹਰਿਗੋਬਿੰਦ ਜੀ, ਜਾਂ ਅਪਣੇ ਸੇਵਕਾਂ ਦਾ) ਤਾਪ ਦੂਰ ਕਰ ਦਿਤਾ ਹੈ।ਪਾਰਬ੍ਰਹਮ ਪ੍ਰਭੂ ਦਿਆਲ ਹੋਏ ਹਨ, (ਜਿਸ ਕਰਕੇ) ਸਾਰੇ ਪ੍ਰਵਾਰ ਦਾ ਦੁਖ ਮਿਟ ਗਿਆ ਹੈ।੧।(ਹੇ ਸੰਤ ਜਨੋਂ!) ਹਰੀ ਦਾ ਨਾਮ ਹੀ ਮੇਰਾ ਆਸਰਾ ਹੈ, ਜੋ ਸਭ ਖੁਸ਼ੀਆਂ, ਰਸ ਤੇ ਰੂਪ ਦਾ ਖਜਾਨਾ ਹੈ।ਪ੍ਰਮੇਸਰ ਨੇ ਨਾਨਕ ਦੀ ਇੱਜਤ ਰੱਖ ਲਈ ਹੈ, (ਜਿਸ ਪ੍ਰਮੇਸਰ ਦੀ ਕ੍ਰਿਪਾ ਨਾਲ) ਸਾਰਾ ਸੰਸਾਰ ਮੁਕਤ ਹੋ ਗਿਆ ਹੈ।੨।੨੦।੪੮।

ਪਦਾਰਥ = ਸੰਤਹੁ–ਹੇ ਸੰਤ ਜਨੋਂ!।ਧਿਆਈ–ਸਿਮਰਦਾ ਹਾਂ।ਸੁਖ ਸਾਗਰ–ਸੁੱਖਾਂ ਦਾ ਸਮੁੰਦਰ ਪ੍ਰਭੂ।ਵਿਸਰਉ ਨਾਹੀ–ਭੁਲਦਾ ਨਹੀਂ

।ਮਨ ਚਿੰਦਿਅੜਾ–ਮਨ ਦਾ ਚਿਤਵਿਆ।ਪਾਈ–ਪਾ ਲਿਆ ਹੈ।੧।ਰਹਾਉ।ਸਤਿਗੁਰਿ–ਸਤਿਗੁਰੂ ਨੇ।ਗਵਾਇਆ–ਦੂਰ ਕਰ ਦਿਤਾ। ਧਾਰੀ–ਕੀਤੀ।ਭਏ–ਹੋਏ।ਪਰਵਾਰੀ–ਪਰਵਾਰ ਦਾ।੧।ਸਰਬ–ਸਾਰਾ।ਨਿਧਾਨ–ਖਜਾਨਾ।ਮੰਗਲ–ਖੁਸ਼ੀਆਂ।ਰੂਪਾ–ਸੁੰਦਰਤਾ।ਰਸ–ਸੁਆਦ।ਅਧਾਰੋ–ਆਸਰਾ।ਪਤਿ–ਇੱਜਤ।ਪਰਮੇਸਰਿ–ਪ੍ਰਮੇਸਰ ਨੇ।ਉਧਰਿਆ–ਮੁਕਤ ਹੋ ਗਿਆ ਹੈ।੨।੨੦।੪੮।

ਸੋਰਠਿ ਮਹਲਾ ੫ ॥ ਮੇਰਾ ਸਤਿਗੁਰੁ ਰਖਵਾਲਾ ਹੋਆ ॥ ਧਾਰਿ ਕ੍ਰਿਪਾ ਪ੍ਰਭ ਹਾਥ ਦੇ ਰਾਖਿਆ, ਹਰਿ ਗੋਵਿਦੁ ਨਵਾ ਨਿਰੋਆ ॥੧॥ ਰਹਾਉ॥ ਤਾਪੁ ਗਇਆ ਪ੍ਰਭਿ ਆਪਿ ਮਿਟਾਇਆ, ਜਨ ਕੀ ਲਾਜ ਰਖਾਈ ॥ ਸਾਧ ਸੰਗਤਿ ਤੇ ਸਭ ਫਲ ਪਾਏ, ਸਤਿਗੁਰ ਕੈ ਬਲਿ ਜਾਂਈ ॥੧॥ (ਹੇ ਭਾਈ!) ਸਤਿਗੁਰੂ ਮੇਰਾ ਰਖਵਾਲਾ ਹੋਇਆ ਹੈ।ਪ੍ਰਭੂ ਨੇ ਕ੍ਰਿਪਾ ਕਰਕੇ ਹੱਥ ਦੇ ਕੇ (ਹਰਿਗੋਬਿੰਦ ਦੀ) ਰੱਖਿਆ ਕੀਤੀ ਹੈ, (ਹੁਣ) ਹਰਿਗੋਬਿੰਦ ਨਵੇਂ ਸਿਰੇ ਤੋਂ ਅਰੋਗ ਹੋ ਗਿਆ ਹੈ।੧।ਰਹਾਉ।(ਹੇ ਭਾਈ! ਹਰਿਗੋਬਿੰਦ ਜੀ ਦਾ) ਤਾਪ ਉਤਰ ਗਿਆ ਹੈ, ਪ੍ਰਭੂ ਨੇ (ਤਾਪ) ਆਪ ਮਿਟਾਇਆ ਹੈ, (ਇਉਂ ਅਪਣੇ) ਸੇਵਕ ਦੀ ਇੱਜਤ ਰੱਖ ਲਈ ਹੈ।(ਇਹ) ਸਾਰੇ ਫਲ (ਸਤਿਗੁਰੂ ਦੀ) ਸਾਧ ਸੰਗਤ ਤੋਂ ਪ੍ਰਾਪਤ ਕੀਤੇ ਹਨ, (ਮੈਂ ਅਪਣੇ) ਸਤਿਗੁਰੂ ਤੋਂ ਬਲਹਾਰ ਜਾਂਦਾ ਹਾਂ।੧।

ਅੰਗ ੬੨੧ = ਹਲਤੁ ਪਲਤੁ ਪ੍ਰਭ ਦੋਵੈ ਸਵਾਰੇ, ਹਮਰਾ ਗੁਣੁ ਅਵਗੁਣੁ ਨ ਬੀਚਾਰਿਆ ॥ ਅਟਲ ਬਚਨੁ ਨਾਨਕ ਗੁਰ ਤੇਰਾ, ਸਫਲ ਕਰੁ ਮਸਤਕਿ ਧਾਰਿਆ ॥੨॥੨੧॥੪੯॥ ਪ੍ਰਭੂ ਨੇ (ਸਾਡੇ) ਲੋਕ ਤੇ ਪ੍ਰਲੋਕ ਦੋਵੇਂ ਸਵਾਰ ਦਿਤੇ ਹਨ, ਸਾਡਾ ਗੁਣ ਤੇ ਔਗੁਣ ਕੋਈ ਨਹੀਂ ਬਿਚਾਰਿਆ।ਹੇ ਗੁਰੂ ਨਾਨਕ ਦੇਵ ਜੀ! ਤੇਰਾ ਬਚਨ ਅਟੱਲ (ਸਦਾ ਸੱਚਾ ਹੋਣ ਵਾਲਾ ਹੁੰਦਾ) ਹੈ, ਸਾਰੇ ਫਲ ਦੇਣ ਵਾਲਾ ਅਪਣਾ ਹੱਥ (ਤੁਸੀਂ ਸਾਡੇ) ਮੱਥੇ ਉਤੇ ਰੱਖਿਆ ਹੈ।੨।੨੧।੪੯।

ਪਦਾਰਥ = ਰਖਵਾਲਾ–ਰੱਖਿਆ ਕਰਨ ਵਾਲਾ।ਧਾਰਿ–ਕਰਕੇ।ਦੇ–ਦੇ ਕੇ।ਨਵਾ ਨਿਰੋਆ–ਨਵੇਂ ਸਿਰੇ ਤੋਂ (ਦੁਬਾਰਾ) ਅਰੋਗ ਹੋ ਗਿਆ ਹੈ।੧।ਰਹਾਉ।ਪ੍ਰਭਿ–ਪ੍ਰਭੂ ਨੇ।ਜਨ ਕੀ–ਸੇਵਕ ਦੀ।ਲਾਜ–ਇੱਜਤ।ਤੇ–ਤੋਂ।ਕੈ–ਤੋਂ।ਬਲਿ ਜਾਂਈ–ਕੁਰਬਾਨ ਜਾਂਦਾ ਹਾਂ।੧।ਹਲਤੁ –ਇਹ ਲੋਕ।ਪਲਤੁ–ਪ੍ਰਲੋਕ।ਹਮਰਾ–ਸਾਡਾ।ਅਟਲ ਬਚਨੁ–ਨਾ ਟਲਣ ਵਾਲਾ ਵਾਕ।ਨਾਨਕ ਗੁਰ–ਹੇ ਗੁਰੂ ਨਾਨਕ ਦੇਵ ਜੀ!।ਸਫਲ –ਸਾਰੇ ਫਲ ਦੇਣ ਵਾਲਾ।ਕਰੁ–ਹੱਥ।ਮਸਤਕਿ–ਮੱਥੇ ਉਤੇ।ਧਾਰਿਆ–ਰੱਖਿਆ।੨।੨੧।੪੯।

ਸੋਰਠਿ ਮਹਲਾ ੫ ॥ ਜੀਅ ਜੰਤ੍ਰ ਸਭਿ ਤਿਸ ਕੇ ਕੀਏ, ਸੋਈ ਸੰਤ ਸਹਾਈ ॥ ਅਪੁਨੇ ਸੇਵਕ ਕੀ ਆਪੇ ਰਾਖੈ, ਪੂਰਨ ਭਈ ਬਡਾਈ ॥੧॥ ਪਾਰਬ੍ਰਹਮੁ ਪੂਰਾ ਮੇਰੈ ਨਾਲਿ ॥ ਗੁਰਿ ਪੂਰੈ ਪੂਰੀ ਸਭ ਰਾਖੀ, ਹੋਏ ਸਰਬ ਦਇਆਲ ॥੧॥ਰਹਾਉ॥ ਅਨਦਿਨੁ ਨਾਨਕੁ ਨਾਮੁ ਧਿਆਏ, ਜੀਅ ਪ੍ਰਾਨ ਕਾ ਦਾਤਾ ॥ ਅਪੁਨੇ ਦਾਸ ਕਉ ਕੰਠਿ ਲਾਇ ਰਾਖੈ, ਜਿਉ ਬਾਰਿਕ ਪਿਤ ਮਾਤਾ ॥੨॥੨੨॥੫੦॥ (ਹੇ ਭਾਈ!) ਸਥੂਲ ਜੀਵ ਤੇ ਸੂਖਮ ਜੀਵ ਸਭ ਉਸ ਪ੍ਰਭੂ ਦੇ ਪੈਦਾ ਕੀਤੇ ਹੋਏ ਹਨ, ਉਹ ਹੀ ਸੰਤਾਂ ਦਾ ਸਹਾਈ ਹੈ।(ਉਹ) ਅਪਣੇ ਸੇਵਕ ਦੀ ਆਪੇ ਰਖਿਆ ਕਰਦਾ ਹੈ, (ਉਸ ਦੀ ਕ੍ਰਿਪਾ ਦਾ ਸਦਕਾ ਸੇਵਕ ਦੀ) ਪੂਰਨ ਵਡਿਆਈ ਹੋਈ ਹੈ।੧।(ਹੇ ਭਾਈ!) ਪੂਰਨ ਪਾਰਬ੍ਰਹਮ ਮੇਰੇ ਨਾਲ (ਅੰਗ ਸੰਗ) ਹੈ।ਪੂਰੇ ਗੁਰੂ ਨੇ ਸਭ ਤਰ੍ਹਾਂ ਨਾਲ ਮੇਰੀ ਪੂਰੀ ਰੱਖਿਆ ਕੀਤੀ ਹੈ, (ਉਸ ਦੀ ਕ੍ਰਿਪਾ ਨਾਲ ਸਾਡੇ ਉਤੇ) ਸਾਰੇ ਲੋਕ ਦਇਆਵਾਨ ਹੋਏ ਹਨ; (ਪ੍ਰਭੂ ਜੀ ਸਾਡੇ) ਸਾਰੇ ਪ੍ਰਵਾਰ ਉਤੇ ਮੇਹਰਵਾਨ ਹੋਏ ਹਨ।੧।ਰਹਾਉ।ਨਾਨਕ ਹਰ ਰੋਜ (ਉਸ ਪ੍ਰਭੂ ਦਾ) ਨਾਮ ਸਿਮਰਦਾ ਹੈ, (ਜੋ ਸਭ ਜੀਵਾਂ ਦੇ) ਜਿੰਦ ਤੇ ਪ੍ਰਾਣਾਂ ਦਾ ਦਾਤਾ ਹੈ।ਅਪਣੇ ਦਾਸ ਨੂੰ (ਉਹ ਇਉਂ) ਗਲ ਨਾਲ ਲਾ ਕੇ ਰਖਦਾ ਹੈ, ਜਿਵੇਂ ਮਾਤਾ ਪਿਤਾ (ਅਪਣੇ) ਬੱਚਿਆਂ ਦਾ ਧਿਆਨ ਰਖਦੇ ਹਨ।੨।੨੨।੫੦।

ਪਦਾਰਥ = ਜੀਅ ਜੰਤ੍ਰ–ਸਥੂਲ ਜੀਵ ਤੇ ਸੂਖਮ ਜੀਵ; ਪਸ਼ੂ ਤੇ ਮਨੁੱਖ (ਸ਼ਬਦਾਰਥ; ਨਿਰਣੈ)।ਤਿਸ ਕੇ–ਉਸ (ਪ੍ਰਭੂ) ਦੇ।ਕੀਏ–ਪੈਦਾ ਕੀਤੇ ਹੋਏ ਹਨ।ਸੋਈ–ਉਹ ਹੀ।ਸਹਾਈ–ਸਹਾਇਤਾ ਕਰਨ ਵਾਲਾ।ਭਈ–ਹੋਈ ਹੈ।ਬਡਾਈ–ਵਡਿਆਈ; ਸੋਭਾ।੧।ਨਾਲਿ–ਅੰਗ ਸੰਗ।ਗੁਰਿ ਪੂਰੈ–ਪੂਰੇ ਗੁਰੂ ਨੇ।ਸਰਬ–ਸਾਰੇ।੧।ਰਹਾਉ।ਅਨਦਿਨੁ–ਹਰ ਰੋਜ।ਨਾਨਕ ਧਿਆਏ–ਨਾਨਕ ਸਿਮਰਦਾ ਹੈ।ਜੀਅ ਪ੍ਰਾਨ ਕਾ–ਜਿੰਦ ਤੇ ਪ੍ਰਾਣਾਂ ਦਾ।ਕਉ–ਨੂੰ।ਕੰਠਿ–ਗਲ ਨਾਲ।ਬਾਰਿਕ–ਬੱਚਿਆਂ ਦਾ।ਪਿਤ–ਪਿਤਾ।੨।੨੨।੫੦।

ਉਥਾਨਕਾ = ਅਗਲੇ ੧੪ ਸ਼ਬਦਾਂ ਵਿਚ ਗੁਰੂ ਦੇ ਰਾਹੀਂ ਮਿਲਾਪ ਦੀ ਖੁਸ਼ੀ ਦਾ ਨਕਸ਼ਾ ਖਿਚਿਆ ਹੈ।ਗੁਰੂ ਅਰਜਨ ਦੇਵ ਜੀ ਦੇ ਅਪਣੇ ਨਾਲ ਜੋ ਸੁਖ ਦੇਣ ਵਾਲੇ ਹਾਲਾਤ ਬਣੇ, ਉਨ੍ਹਾਂ ਲਈ ਧੰਨਵਾਦ ਦੇ ਸ਼ਬਦ ਵੀ ਉਚਾਰੇ ਹਨ।ਜਿਵੇਂ 'ਘਰਿ ਆਏ ਕਰਿ ਇਸਨਾਨਾ' 'ਕਰਿ ਇਸਨਾਨੁ ਗ੍ਰਿਹਿ ਆਏ' 'ਸੁਖਿ ਘਰਿ ਆਇਆ' ਆਦਿ ਤੋਂ ਜਾਹਰ ਹੁੰਦਾ ਹੈ ਕਿ ਜਦ ਗੁਰੂ ਜੀ ਵਡਾਲੀ ਤੋਂ ਕਈ ਤਰ੍ਹਾਂ ਦੀਆਂ ਤਕਲੀਫਾਂ ਝੱਲ ਕੇ ਅੰਤ ਸੁਖ ਨਾਲ ਸ੍ਰੀ ਅੰਮ੍ਰਿਤਸਰ ਵਾਪਸ ਆਏ ਤਾਂ ਇਸ ਖੁਸ਼ੀ ਵਿਚ ਕਈ ਸ਼ਬਦ ਉਚਾਰਨ ਕੀਤੇ।ਕੁਝ ਸ਼ਬਦ ਸ਼੍ਰੀ ਦਰਬਾਰ ਸਾਹਿਬ ਦੇ ਤਲਾ ਦੇ ਸੰਪੂਰਨ ਹੋਣ ਦੀ ਖੁਸ਼ੀ ਵਿਚ ਵੀ ਉਚਾਰਨ ਕੀਤੇ ਹੋਏ ਹਨ (ਸ਼ਬਦਾਰਾਥ)।

ਸੋਰਠਿ ਮਹਲਾ ੫ ਘਰੁ ੩ ਚਉਪਦੇ ੴ ਸਤਿਗੁਰ ਪ੍ਰਸਾਦਿ ॥ ਮਿਲਿ ਪੰਚਹੁ ਨਹੀ ਸਹਸਾ ਚੁਕਾਇਆ ॥ ਸਿਕਦਾਰਹੁ ਨਹ

ਪਤੀਆਇਆ ॥ ਉਮਰਾਵਹੁ ਆਗੈ ਝੇਰਾ ॥ ਮਿਲਿ ਰਾਜਨ ਰਾਮ ਨਿਬੇਰਾ ॥੧॥ ਅਬ ਢੂਢਨ ਕਤਹੁ ਨ ਜਾਈ ॥ ਗੋਬਿਦ ਭੇਟੇ ਗੁਰ ਗੋਸਾਈ ॥ਰਹਾਉ॥ ਆਇਆ ਪ੍ਰਭ ਦਰਬਾਰਾ ॥ ਤਾ ਸਗਲੀ ਮਿਟੀ ਪੂਕਾਰਾ ॥ ਲਬਧਿ ਆਪਣੀ ਪਾਈ ॥ ਤਾ ਕਤ ਆਵੈ ਕਤ ਜਾਈ ॥੨॥ ਤਹ ਸਾਚ ਨਿਆਇ ਨਿਬੇਰਾ ॥ ਊਹਾ ਸਮ ਠਾਕੁਰੁ ਸਮ ਚੇਰਾ ॥ ਅੰਤਰਜਾਮੀ ਜਾਨੈ ॥ ਬਿਨੁ ਬੋਲਤ ਆਪਿ ਪਛਾਨੈ ॥੩॥ ਸਰਬ ਥਾਨ ਕੋ ਰਾਜਾ ॥ ਤਹ ਅਨਹਦ ਸਬਦ ਅਗਾਜਾ ॥ ਤਿਸੁ ਪਹਿ ਕਿਆ ਚਤੁਰਾਈ ॥ ਮਿਲੁ ਨਾਨਕ ਆਪੁ ਗਵਾਈ ॥੪॥੧॥੫੧॥ (ਹੇ ਭਾਈ!) ਪੰਚਾਂ ਨੂੰ ਮਿਲ ਕੇ ਵੀ (ਮੇਰੇ ਮਨ ਦਾ) ਸੰਸਾ ਨਹੀਂ ਮਿਟਿਆ। ਹਾਕਮਾਂ ਤੋਂ ਵੀ ਤਸੱਲੀ ਨਹੀਂ ਹੋਈ। ਅਮੀਰਾਂ ਵਜੀਰਾਂ ਅੱਗੇ ਵੀ ਝਗੜਾ ਪੇਸ਼ ਕੀਤਾ (ਪਰ ਕੁਝ ਨਾ ਬਣਿਆ)। ਅਖੀਰ ਰਾਜਾ ਰਾਮ (ਪ੍ਰਭੂ) ਨੂੰ ਮਿਲ ਕੇ ਫੈਸਲਾ ਹੋਇਆ।੧। ਹੁਣ ਮੈਂ ਕਿਤੇ (ਹੋਰ ਜਗ੍ਹਾ ਸ਼ਾਂਤੀ) ਲੱਭਣ ਨਹੀਂ ਜਾਂਦਾ। (ਕਿਉਂਕਿ) ਗੁਰੂ ਦੀ ਕ੍ਰਿਪਾ ਨਾਲ ਪ੍ਰਿਥਵੀ ਦੇ ਮਾਲਕ ਪ੍ਰਭੂ ਜੀ ਮਿਲ ਗਏ ਹਨ। ਰਹਾਉ। (ਹੇ ਭਾਈ! ਜਦ ਮੈਂ) ਪ੍ਰਭੂ ਦੇ ਦਰਬਾਰ ਵਿਚ ਆਇਆ। ਤਾਂ (ਮੇਰੇ ਮਨ ਦੀ) ਸਾਰੀ ਪੁਕਾਰ ਮਿਟ (ਮੁੱਕ) ਗਈ। ਜੋ ਅਪਣੀ ਲੱਭਣ ਵਾਲੀ ਵਸਤੂ ਸੀ, ਉਹ ਪਾ ਲਈ ਹੈ। (ਪ੍ਰਭੂ ਮਿਲ ਪਿਆ) ਤਾਂ (ਹੁਣ ਮਨ) ਕਿਥੇ ਆਉਂਦਾ ਹੈ ਤੇ ਕਿਥੇ ਜਾਂਦਾ ਹੈ? (ਭਾਵ ਮਨ ਦੀ ਭਟਕਣਾ ਮੁੱਕ ਗਈ, ਮਨ ਟਿਕ ਗਿਆ ਹੈ)।੨। ਉਥੇ (ਹਰੀ ਦੇ ਦਰਬਾਰ ਵਿਚ) ਨਿਆਂ ਵਾਲਾ ਸੱਚਾ ਫੈਸਲਾ ਹੁੰਦਾ ਹੈ। ਉਥੇ ਮਾਲਕ ਤੇ ਨੌਕਰ ਬਰਾਬਰ ਸਮਝੇ ਜਾਂਦੇ ਹਨ। ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲਾ ਪ੍ਰਭੂ (ਹਰੇਕ ਦੇ ਦਿਲ ਦੀ ਗੱਲ) ਜਾਣਦਾ ਹੈ। ਉਹ ਬਿਨਾ ਬੋਲਿਆਂ ਆਪੇ (ਸਭ ਦੇ ਦਿਲ ਦਾ ਦੁਖ) ਜਾਣ ਲੈਂਦਾ ਹੈ।੩। ਪ੍ਰਭੂ ਸਾਰੇ ਥਾਵਾਂ ਦਾ ਰਾਜਾ ਹੈ। ਉਥੇ (ਪ੍ਰਭੂ ਦੇ ਦਰਬਾਰ ਵਿਚ) ਅਨਹਦ ਸ਼ਬਦ ਦੀ ਧੁਨੀ ਗੂੰਜ ਰਹੀ ਹੈ। ਉਸ ਪ੍ਰਭੂ ਪਾਸ ਕੀ ਚਤਰਾਈ ਚਲ ਸਕਦੀ ਹੈ? ਨਾਨਕ ਗੁਰੂ ਜੀ ਆਖਦੇ ਹਨ (ਕਿ ਹੇ ਭਾਈ!) ਆਪਾ ਭਾਵ (ਹਉਮੈ) ਗਵਾ ਕੇ ਪ੍ਰਭੂ ਨੂੰ ਮਿਲ।੪।੧।੫੧।

ਪਦਾਰਥ = ਚਉਪਦੇ–ਚਾਰ ਪਦਿਆਂ ਵਾਲੇ ਸ਼ਬਦ। ਮਿਲਿ–ਮਿਲ ਕੇ। ਪੰਚਹੁ–ਚੌਧਰੀਆਂ ਨੂੰ। ਸਹਸਾ–ਸੰਸਾ; ਸ਼ੱਕ; ਭਰਮ। ਚੁਕਾਇਆ –ਮਿਟਿਆ। ਸਿਕਦਾਰਹੁ–ਹਾਕਮਾਂ ਤੋਂ। ਨਹ ਪਤੀਆਇਆ–ਤਸੱਲੀ ਨਹੀਂ ਹੋਈ। ਉਮਰਾਵਹੁ ਆਗੈ–ਵਜੀਰਾਂ ਅੱਗੇ। ਝੇਰਾ–ਝਗੜਾ। ਰਾਜਨ ਰਾਮ–ਰਾਜਾ ਰਾਮ (ਪ੍ਰਭੂ)। ਨਿਬੇਰਾ–ਫੈਸਲਾ।੧। ਅਬ–ਹੁਣ। ਢੂਢਨ–ਲੱਭਣ। ਕਤਹੁ–ਕਿਤੇ ਵੀ। ਨ ਜਾਈ–ਨਹੀਂ ਜਾਂਦਾ। ਭੇਟੇ –ਮਿਲ ਗਏ ਹਨ। ਗੋਸਾਈ–ਪ੍ਰਿਥਵੀ ਦਾ ਮਾਲਕ ਪ੍ਰਭੂ। ਰਹਾਉ। ਤਾ–ਤਾਂ; ਤਦ। ਸਗਲੀ–ਸਾਰੀ। ਪੂਕਾਰਾ–ਸ਼ਿਕਾਇਤ (ਫਰਿਆਦ)। ਲਬਧਿ–ਲਭਣ ਵਾਲੀ ਵਸਤੂ। ਪਾਈ–ਪਾ ਲਈ। ਕਤ–ਕਿਥੇ।੨। ਤਹ–ਉਥੇ (ਰੱਬ ਦੇ ਦਰਬਾਰ ਵਿਚ)। ਸਾਚ ਨਿਆਇ–ਸੱਚਾ ਨਿਆਂ ਵਾਲਾ। ਊਹਾ–ਉਥੇ। ਸਮ–ਬਰਾਬਰ। ਠਾਕੁਰੁ–ਮਾਲਕ। ਚੇਰਾ–ਨੌਕਰ। ਅੰਤਰਜਾਮੀ–ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲਾ ਪ੍ਰਭੂ। ਪਛਾਨੈ–ਜਾਣ ਲੈਂਦਾ ਹੈ।੩। ਸਰਬ–ਸਾਰੇ। ਕੋ–ਦਾ। ਅਨਹਦ–ਇਕ ਰਸ ਲਗਾਤਾਰ। ਅਗਾਜਾ–ਗੂੰਜ ਰਿਹਾ ਹੈ; ਉਠ ਰਹੀ ਹੈ। ਤਿਸੁ ਪਹਿ–ਉਸ (ਪ੍ਰਭੂ) ਪਾਸ। ਆਪੁ–ਆਪਾ ਭਾਵ (ਹਉਮੈ)। ਗਵਾਈ–ਗਵਾ ਕੇ।੪।੧।੫੧।

ਸੋਰਠਿ ਮਹਲਾ ੫ ॥ ਹਿਰਦੈ ਨਾਮੁ ਵਸਾਇਹੁ ॥ ਘਰਿ ਬੈਠੇ ਗੁਰੂ ਧਿਆਇਹੁ ॥ ਗੁਰਿ ਪੂਰੈ ਸਚੁ ਕਹਿਆ ॥ ਸੋ ਸੁਖੁ ਸਾਚਾ ਲਹਿਆ ॥੧॥ ਅਪੁਨਾ ਹੋਇਓ ਗੁਰੁ ਮਿਹਰਵਾਨਾ ॥ ਅਨਦ ਸੂਖ ਕਲਿਆਣ ਮੰਗਲ ਸਿਉ ,ਘਰਿ ਆਏ ਕਰਿ ਇਸਨਾਨਾ ॥ਰਹਾਉ॥ ਸਾਚੀ ਗੁਰ ਵਡਿਆਈ ॥ ਤਾ ਕੀ ਕੀਮਤਿ ਕਹਣੁ ਨ ਜਾਈ ॥ ਸਿਰਿ ਸਾਹਾ ਪਾਤਸਾਹਾ ॥ ਗੁਰ ਭੇਟਤ ਮਨਿ ਓਮਾਹਾ ॥੨॥ ਸਗਲ ਪਰਾਛਤ ਲਾਥੇ ॥ ਮਿਲਿ ਸਾਧ ਸੰਗਤਿ ਕੈ ਸਾਥੇ ॥ ਗੁਣ ਨਿਧਾਨ ਹਰਿ ਨਾਮਾ ॥ ਜਪਿ ਪੂਰਨ ਹੋਏ ਕਾਮਾ ॥੩॥ ਗੁਰਿ ਕੀਨੋ ਮੁਕਤਿ ਦੁਆਰਾ ॥ ਸਭ ਸ੍ਰਿਸਟਿ ਕਰੈ ਜੈਕਾਰਾ ॥ ਨਾਨਕ ਪ੍ਰਭੁ ਮੇਰੈ ਸਾਥੇ ॥ ਜਨਮ ਮਰਨ ਭੈ ਲਾਥੇ ॥੪॥੨॥੫੨॥ (ਹੇ ਭਾਈ ਗੁਰ ਸਿੱਖੋ! ਪ੍ਰਮਾਤਮਾ ਦਾ) ਨਾਮ ਹਿਰਦੇ ਵਿਚ ਵਸਾ ਲਵੋ। ਅਤੇ ਘਰ ਬੈਠੇ (ਹਿਰਦੇ ਵਿਚ ਟਿਕ ਕੇ) ਗੁਰੂ ਨੂੰ ਸਿਮਰੋ। ਪੂਰੇ ਗੁਰੂ ਨੇ ਸੱਚ ਕਿਹਾ (ਨਾਮ ਜਪਣ ਦਾ ਉਪਦੇਸ਼ ਦਿਤਾ) ਹੈ। (ਜਿਸ ਮਨੁੱਖ ਨੇ ਨਾਮ ਜਪਿਆ ਹੈ, ਉਸ ਨੇ) ਉਹ ਆਤਮਕ ਸੁਖ ਪ੍ਰਾਪਤ ਕੀਤਾ ਹੈ, ਜੋ ਸੱਚਾ (ਸਦਾ ਕਾਇਮ ਰਹਿਣ ਵਾਲਾ) ਹੈ।੧। (ਹੇ ਭਾਈ!) ਅਪਣਾ ਗੁਰੂ ਮੇਹਰਵਾਨ ਹੋਇਆ ਹੈ। ਅਨੰਦ, ਸੁਖ, ਕਲਿਆਣ ਤੇ ਖੁਸ਼ੀਆਂ ਨਾਲ ਇਸ਼ਨਾਨ ਕਰਕੇ ਅਪਣੇ ਘਰ ਵਿਚ ਆ (ਨਿਜ ਸਰੂਪ ਵਿਚ ਟਿਕ) ਗਏ ਹਾਂ। ਰਹਾਉ। ਗੁਰੂ ਦੀ ਵਡਿਆਈ ਸੱਚੀ ਹੈ। ਉਸ ਦੀ (ਵਡਿਆਈ ਦੀ) ਕੀਮਤ ਕਥਨ ਨਹੀਂ ਕੀਤੀ ਜਾ ਸਕਦੀ। (ਗੁਰੂ) ਸ਼ਾਹਾਂ ਦੇ ਸਿਰ ਤੇ ਪਾਤਸ਼ਾਹ ਹੈ; ਸ਼ਾਹਾਂ ਪਾਤਸ਼ਾਹਾਂ ਤੋਂ ਵੀ ਸ਼੍ਰੋਮਣੀ ਹੈ। ਗੁਰੂ ਦੇ ਮਿਲਿਆਂ ਮਨ ਵਿਚ ਉਤਸ਼ਾਹ ਭਰ ਜਾਂਦਾ ਹੈ।੨। (ਹੇ ਭਾਈ!) ਸਾਧ ਸੰਗਤ ਨਾਲ ਮਿਲ ਕੇ ਸਾਰੇ ਪਾਪ ਲਹਿ ਗਏ ਹਨ। ਹਰੀ ਦਾ ਨਾਮ ਗੁਣਾਂ ਦਾ ਖਜਾਨਾ ਹੈ। (ਇਸ ਨਾਮ ਨੂੰ) ਜਪ ਕੇ ਕੰਮ ਪੂਰੇ ਹੋ ਗਏ ਹਨ।੩। (ਹੇ ਭਾਈ!) ਗੁਰੂ ਨੇ ਮੁਕਤੀ ਦਾ ਦੁਆਰ ਤਿਆਰ ਕੀਤਾ ਹੈ। (ਜਿਸ ਕਰਕੇ) ਸਾਰੀ ਸ੍ਰਿਸਟੀ (ਗੁਰੂ ਦੀ) ਜੈ ਜੈਕਾਰ ਕਰ ਰਹੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਮੇਰੇ ਨਾਲ ਵਸਦਾ ਹੈ। (ਜਿਸ ਕਰਕੇ) ਜਨਮ ਮਰਨ ਦੇ ਡਰ ਲਹਿ ਗਏ ਹਨ।੪।੨।੫੨।

ਪਦਾਰਥ = ਹਿਰਦੈ–ਹਿਰਦੇ ਵਿਚ।ਵਸਾਇਹੁ–ਵਸਾ ਲਵੋ।ਘਰਿ–ਘਰ ਵਿਚ (ਅੰਤਰ ਆਤਮੇ)।ਗੁਰਿ ਪੂਰੈ–ਪੂਰੇ ਗੁਰੂ ਨੇ।ਸੋ–ਉਹ।ਲਹਿਆ–ਲੱਭ ਲਿਆ; ਪ੍ਰਾਪਤ ਕੀਤਾ।੧।ਸੁਖ ਕਲਿਆਣ–ਸੁੱਖ ਸਾਂਦ।ਮੰਗਲ–ਖੁਸ਼ੀਆਂ।ਸਿਉ–ਨਾਲ।ਕਰਿ ਇਸਨਾਨਾ–(ਸਾਧ ਸੰਗਤ ਰੂਪ ਸਰੋਵਰ ਵਿਚ) ਇਸ਼ਨਾਨ ਕਰਕੇ।ਰਹਾਉ।ਵਡਿਆਈ–ਸੋਭਾ; ਉੱਚਤਾ।ਤਾ ਕੀ–ਉਸ ਦੀ।ਸਿਰਿ ਸਾਹਾ–ਸ਼ਾਹਾਂ ਦੇ ਸਿਰ ਉਤੇ; ਸ਼ਾਹਾਂ ਤੋਂ ਸ਼੍ਰੋਮਣੀ।ਭੇਟਤ–ਮਿਲਿਆਂ।ਮਨਿ–ਮਨ ਵਿਚ।ਓਮਾਹਾ–ਖੁਸ਼ੀ; ਚਾਉ।੨।ਸਗਲ–ਸਾਰੇ।ਪਰਾਛਤ–ਪਾਪ।ਲਾਥੇ–ਲਹਿ ਗਏ।ਸਾਥੇ–ਨਾਲ।ਨਿਧਾਨ–ਖਜਾਨਾ।੩।ਗੁਰਿ–ਗੁਰੂ ਨੇ।ਕੀਨੋ–ਕੀਤਾ।ਭੈ–ਡਰ।੪।੨।੫੨।

ਉਥਾਨਕਾ = ਹਰਿ ਗੋਬਿੰਦ ਜੀ ਦਾ ਜਨਮ ਗੁਰੂ ਕੀ ਵਡਾਲੀ ਵਿਖੇ ਹੋਇਆ, ਉਥੇ ਵੀ ਪ੍ਰਿਥੀ ਆਦਿ ਦੋਖੀਆਂ ਨੇ ਬੜੀਆਂ ਰੁਕਾਵਟਾਂ ਖੜੀਆਂ ਕੀਤੀਆਂ।ਹਰਿ ਗੋਬਿੰਦ ਜੀ ਦੇ ਕੁਝ ਵੱਡੇ ਹੋਣ ਤੇ ਗੁਰੂ ਅਰਜਨ ਦੇਵ ਜੀ ਉਨ੍ਹਾਂ ਨੂੰ ਅੰਮ੍ਰਿਤਸਰ ਸਾਹਿਬ ਲੈ ਆਏ।ਉਸ ਸਮੇਂ ਅਪਣੇ ਘਰ ਆ ਕੇ ਪ੍ਰਮਾਤਮਾ ਦਾ ਸ਼ੁਕਰਾਨਾ ਕਰਦੇ ਹੋਏ ਇਹ ਸ਼ਬਦ ਉਚਾਰਿਆ ਹੈ।

ਸੋਰਠਿ ਮਹਲਾ ੫ ॥ ਗੁਰਿ ਪੂਰੈ ਕਿਰਪਾ ਧਾਰੀ ॥ ਪ੍ਰਭਿ ਪੂਰੀ ਲੋਚ ਹਮਾਰੀ ॥ ਕਰਿ ਇਸਨਾਨੁ ਗ੍ਰਿਹਿ ਆਏ ॥ ਅਨਦ ਮੰਗਲ ਸੁਖ ਪਾਏ ॥੧॥ (ਹੇ ਭਾਈ! ਮੇਰੇ ਉਤੇ) ਪੂਰੇ ਗੁਰੂ ਨੇ ਕ੍ਰਿਪਾ ਕੀਤੀ ਹੈ।ਪ੍ਰਭੂ ਨੇ ਸਾਡੀ (ਨਾਮ ਜਪਣ ਦੀ) ਇੱਛਾ ਪੂਰੀ ਕਰ ਦਿਤੀ ਹੈ।(ਅਸੀਂ ਅੰਮ੍ਰਿਤ ਸਰੋਵਰ ਵਿਚ) ਇਸ਼ਨਾਨ ਕਰਕੇ ਅਪਣੇ ਘਰ ਆ ਗਏ ਹਾਂ; ਸਾਧ ਸੰਗਤ ਰੂਪ ਸਰੋਵਰ ਵਿਚ ਇਸ਼ਨਾਨ ਕਰਕੇ (ਤੇ ਮਨ ਨੂੰ ਪਵਿਤ੍ਰ ਕਰਕੇ) ਹਿਰਦੇ ਘਰ ਵਿਚ ਟਿਕ ਗਏ ਹਾਂ।(ਜਿਸ ਕਰਕੇ ਅਸੀਂ) ਅਨੰਦ ਮੰਗਲ ਤੇ ਸੁਖ ਪਾ ਲਏ ਹਨ।

ਅੰਗ ੬੨੨ = ਸੰਤਹੁ ਰਾਮ ਨਾਮਿ ਨਿਸਤਰੀਐ ॥ ਊਠਤ ਬੈਠਤ ਹਰਿ ਹਰਿ ਧਿਆਈਐ, ਅਨਦਿਨੁ ਸੁਕ੍ਰਿਤੁ ਕਰੀਐ ॥੧॥ਰਹਾਉ॥ ਸੰਤ ਕਾ ਮਾਰਗੁ ਧਰਮ ਕੀ ਪਉੜੀ, ਕੋ ਵਡਭਾਗੀ ਪਾਏ ॥ ਕੋਟਿ ਜਨਮ ਕੇ ਕਿਲਬਿਖ ਨਾਸੇ, ਹਰਿ ਚਰਣੀ ਚਿਤੁ ਲਾਏ ॥੨॥ ਉਸਤਤਿ ਕਰਹੁ ਸਦਾ ਪ੍ਰਭ ਅਪਨੇ, ਜਿਨਿ ਪੂਰੀ ਕਲ ਰਾਖੀ ॥ ਜੀਅ ਜੰਤ ਸਭਿ ਭਏ ਪਵਿਤ੍ਰਾ ,ਸਤਿਗੁਰ ਕੀ ਸਚੁ ਸਾਖੀ ॥੩॥ ਬਿਘਨ ਬਿਨਾਸਨ ਸਭਿ ਦੁਖ ਨਾਸਨ, ਸਤਿਗੁਰਿ ਨਾਮੁ ਦ੍ਰਿੜਾਇਆ ॥ ਖੋਏ ਪਾਪ ਭਏ ਸਭਿ ਪਾਵਨ, ਜਨ ਨਾਨਕ ਸੁਖਿ ਘਰਿ ਆਇਆ ॥ ੪॥੩॥੫੩॥ ਹੇ ਸੰਤ ਜਨੋਂ! ਰਾਮ ਦੇ ਨਾਮ ਦੁਆਰਾ (ਸੰਸਾਰ ਸਮੁੰਦਰ ਤੋਂ) ਤਰ ਸਕੀਦਾ ਹੈ।(ਇਸ ਕਰਕੇ) ਉਠਦਿਆਂ ਬੈਠਦਿਆਂ ਹਰਿ ਹਰਿ ਨਾਮ ਧਿਆਉਣਾ ਚਾਹੀਦਾ ਹੈ, (ਇਹ) ਸ਼ੁੱਭ ਕਰਮ ਦਿਨ ਰਾਤ ਕਰਨਾ ਚਾਹੀਦਾ ਹੈ।੧।ਰਹਾਉ।ਸੰਤਾਂ ਦਾ (ਦਸਿਆ ਗੁਰਮਤਿ ਦਾ) ਰਸਤਾ ਧਰਮ ਦੀ ਪਉੜੀ ਹੈ (ਗੁਰਮਤ, ਧਰਮ ਦੀ ਉਚੀ ਮੰਜਲ ਹਾਸਲ ਕਰਨ ਦਾ ਰਸਤਾ ਹੈ, ਪਰ ਇਹ ਰਸਤਾ) ਕੋਈ ਵੱਡੇ ਭਾਗਾਂ ਵਾਲਾ ਮਨੁੱਖ ਹੀ ਪ੍ਰਾਪਤ ਕਰਦਾ ਹੈ।(ਜੋ ਮਨੁੱਖ) ਹਰੀ ਦੇ ਚਰਨਾਂ ਵਿਚ ਅਪਣਾ ਚਿੱਤ ਜੋੜਦਾ ਹੈ, (ਉਸ ਦੇ) ਕ੍ਰੋੜਾਂ ਜਨਮਾਂ ਦੇ ਪਾਪ ਨਾਸ਼ ਹੋ ਜਾਂਦੇ ਹਨ।੨।(ਹੇ ਭਾਈ!) ਅਪਣੇ ਪ੍ਰਭੂ ਦੀ ਸਦਾ ਉਸਤਤ ਕਰਦੇ ਰਹੋ, ਜਿਸ ਨੇ ਅਪਣੀ ਪੂਰੀ ਸ਼ਕਤੀ ਜਗਤ ਵਿਚ ਰੱਖੀ ਹੋਈ ਹੈ।(ਜਿਨ੍ਹਾਂ ਨੇ) ਸਤਿਗੁਰੂ ਦੀ ਸੱਚੀ ਸਿਖਿਆ ਸੁਣੀ ਹੈ, (ਉਹ) ਸਾਰੇ ਜੀਵ ਜੰਤ ਪਵਿਤ੍ਰ ਹੋ ਗਏ ਹਨ।੩।(ਹੇ ਭਾਈ!) ਬਿਘਨਾਂ ਦਾ ਨਾਸ਼ ਕਰਨ ਵਾਲਾ ਤੇ ਦੁਖਾਂ ਦਾ ਨਾਸ਼ ਕਰਨ ਵਾਲਾ ਨਾਮ (ਜਿਨ੍ਹਾਂ ਨੂੰ) ਸਤਿਗੁਰੂ ਨੇ ਦ੍ਰਿੜ ਕਰਾ ਦਿਤਾ ਹੈ।ਦਾਸ ਨਾਨਕ ਆਖਦਾ ਹੈ (ਕਿ ਇਸ ਨਾਮ ਨੂੰ ਜਪ ਕੇ ਉਨ੍ਹਾਂ ਦੇ ਸਾਰੇ) ਪਾਪ ਦੂਰ ਹੋ ਗਏ ਤੇ ਉਹ ਸਾਰੇ ਪਵਿਤ੍ਰ ਹੋ ਗਏ ਹਨ ਅਤੇ ਉਹ ਸੁੱਖ ਨਾਲ ਅਪਣੇ ਹਿਰਦੇ ਘਰ ਵਿਚ ਆ (ਟਿਕੇ) ਗਏ ਹਨ।੪।੩।੫੩।

ਪਦਾਰਥ = ਗੁਰਿ ਪੂਰੈ–ਪੂਰੇ ਗੁਰੂ ਨੇ।ਧਾਰੀ ਕੀਤੀ।ਪੂਰੀ–ਪੂਰੀ ਕਰ ਦਿਤੀ।ਲੋਚ–ਇੱਛਾ।ਹਮਾਰੀ–ਸਾਡੀ।ਗ੍ਰਿਹਿ–ਹਿਰਦੇ ਘਰ ਵਿਚ।ਆਏ–ਆ ਗਏ (ਟਿਕ ਗਏ) ਹਾਂ।ਮੰਗਲ–ਖੁਸ਼ੀਆਂ।ਪਾਏ–ਪਾ ਲਏ ਹਨ।੧।ਸੰਤਹੁ–ਹੇ ਸੰਤ ਜਨੋਂ!।ਰਾਮ ਨਾਮਿ–ਰਾਮ ਦੇ ਨਾਮ ਦੁਆਰਾ।ਨਿਸਤਰੀਐ–ਤਰ ਸਕੀਦਾ ਹੈ।ਅਨਦਿਨੁ–ਹਰ ਰੋਜ।ਸੁਕ੍ਰਿਤੁ–ਸ਼ੁੱਭ ਕਰਮ।ਕਰੀਐ–ਕਰਨਾ ਚਾਹੀਦਾ ਹੈ।੧।ਰਹਾਉ।ਸੰਤ ਕਾ ਮਾਰਗੁ–ਗੁਰੂ ਸੰਤ ਦਾ ਮਾਰਗੁ (ਗੁਰਮਤਿ ਮਾਰਗ)।ਪਉੜੀ–ਮੰਜਲ; ਪਦਵੀ।ਕੋ ਵਡਭਾਗੀ–ਕੋਈ ਵੱਡੇ ਭਾਗਾਂ ਵਾਲਾ। ਪਾਏ–ਪ੍ਰਾਪਤ ਕਰਦਾ ਹੈ।ਕੋਟਿ–ਕ੍ਰੋੜਾਂ।ਕਿਲਬਿਖ–ਪਾਪ।ਨਾਸੇ–ਨਾਸ਼ ਹੋ ਗਏ।ਲਾਏ–ਲਾਉਂਦਾ (ਜੋੜਦਾ) ਹੈ।੨।ਉਸਤਤਿ–ਸਿਫਤ ਸਲਾਹ।ਜਿਨਿ–ਜਿਸ (ਪ੍ਰਭੂ) ਨੇ।ਕਲ–ਸ਼ਕਤੀ।ਜੀਅ ਜੰਤ–ਵੱਡੇ ਛੋਟੇ ਜੀਵ।ਭਏ–ਹੋ ਗਏ।ਸਾਖੀ–ਸਿੱਖਿਆ।੩।ਬਿਨਾਸਨ–ਨਾਸ਼ ਕਰਨ ਵਾਲਾ।ਨਾਸਨ–ਨਾਸ਼ ਕਰਨ ਵਾਲਾ।ਸਤਿਗੁਰਿ–ਸਤਿਗੁਰੂ ਨੇ।ਦ੍ਰਿੜਾਇਆ–(ਦਿਲ ਵਿਚ) ਪੱਕਾ ਕਰ ਦਿਤਾ।ਖੋਏ–ਦੂਰ ਹੋ ਗਏ।ਪਾਵਨ–ਪਵਿਤ੍ਰ (ਜੀਵਨ ਵਾਲੇ)।ਜਨ–ਦਾਸ।ਸੁਖਿ–ਸੁਖ ਨਾਲ।ਘਰਿ–ਹਿਰਦੇ ਵਿਚ।੪।੩।੫੩।

ਸੋਰਠਿ ਮਹਲਾ ੫ ॥ ਸਾਹਿਬੁ ਗੁਨੀ ਗਹੇਰਾ ॥ ਘਰੁ ਲਸਕਰੁ ਸਭੁ ਤੇਰਾ ॥ ਰਖਵਾਲੇ ਗੁਰ ਗੋਪਾਲਾ ॥ ਸਭਿ ਜੀਅ ਭਏ ਦਇਆਲਾ ॥੧॥ ਜਪਿ ਅਨਦਿ ਰਹਉ ਗੁਰ ਚਰਣਾ ॥ ਭਉ ਕਤਹਿ ਨਹੀ ਪ੍ਰਭ ਸਰਣਾ ॥ਰਹਾਉ॥ ਤੇਰਿਆ ਦਾਸਾ ਰਿਦੈ ਮੁਰਾਰੀ ॥ ਪ੍ਰਭਿ ਅਬਿਚਲ ਨੀਵ ਉਸਾਰੀ ॥ ਬਲੁ ਧਨੁ ਤਕੀਆ ਤੇਰਾ ॥ ਤੂ ਭਾਰੋ ਠਾਕੁਰੁ ਮੇਰਾ ॥੨॥ ਜਿਨਿ ਜਿਨਿ ਸਾਧ ਸੰਗੁ ਪਾਇਆ ॥ ਸੋ ਪ੍ਰਭਿ

ਆਪਿ ਤਰਾਇਆ ॥ ਕਰਿ ਕਿਰਪਾ ਨਾਮ ਰਸੁ ਦੀਆ ॥ ਕੁਸਲ ਖੇਮ ਸਭ ਥੀਆ ॥੩॥ ਹੋਏ ਪ੍ਰਭੂ ਸਹਾਈ ॥ ਸਭ ਉਠਿ ਲਾਗੀ ਪਾਈ ॥ ਸਾਸਿ ਸਾਸਿ ਪ੍ਰਭੁ ਧਿਆਈਐ ॥ ਹਰਿ ਮੰਗਲੁ ਨਾਨਕ ਗਾਈਐ ॥੪॥੪॥੫੪॥ (ਹੇ ਪ੍ਰਭੂ ! ਤੂੰ ਸਾਡਾ) ਮਾਲਕ ਹੈਂ ਤੇ ਤੂੰ ਅਥਾਹ ਗੁਣਾਂ ਵਾਲਾ ਹੈਂ।(ਸਾਡਾ) ਘਰ ਤੇ ਲਸ਼ਕਰ ਸਭ ਤੇਰਾ ਹੈ।ਹੇ ਪ੍ਰਿਥਵੀ ਦੇ ਪਾਲਣਹਾਰ ਪ੍ਰਭੂ ! ਤੂੰ ਗੁਰੂ ਰੂਪ ਹੈਂ ਤੇ ਸਾਡਾ ਰਖਵਾਲਾ ਹੈਂ।(ਜਿਸ ਕਰਕੇ ਸਾਡੇ ਉਤੇ) ਸਾਰੇ ਜੀਵ ਦਿਆਲੂ ਹੋਏ ਹਨ।੧।ਮੈਂ ਗੁਰੂ ਦੇ ਚਰਨੀਂ ਪੈ ਕੇ ਨਾਮ ਜਪ ਕੇ ਅਨੰਦ ਵਿਚ ਰਹਿੰਦਾ ਹਾਂ।ਪ੍ਰਭੂ ਦੀ ਸ਼ਰਣ ਵਿਚ ਪਿਆਂ ਕਿਤੇ ਵੀ ਡਰ ਨਹੀਂ ਲਗਦਾ।ਰਹਾਉ।ਹੇ ਪ੍ਰਭੂ ! ਤੇਰੇ ਦਾਸਾਂ ਦੇ ਹਿਰਦੇ ਵਿਚ ਤੂੰ ਵਸਦਾ ਹੈਂ।ਪ੍ਰਭੂ ਨੇ (ਗੁਰਮਤ ਦੀ) ਅਟੱਲ ਨੀਂਹ ਉਸਾਰੀ ਹੈ।(ਤੂੰ ਹੀ ਮੇਰਾ) ਬਲ ਤੇ ਧਨ ਹੈਂ ਅਤੇ ਤੇਰਾ ਹੀ (ਮੈਨੂੰ) ਆਸਰਾ ਹੈ।ਤੂੰ ਮੇਰਾ ਸਭ ਤੋਂ ਵੱਡਾ ਮਾਲਕ ਹੈਂ।੨।ਜਿਸ ਜਿਸ ਨੇ ਸਾਧ ਸੰਗਤ ਪ੍ਰਾਪਤ ਕੀਤੀ ਹੈ।ਉਹ ਮਨੁੱਖ ਪ੍ਰਭੂ ਨੇ ਆਪ ਭਵਜਲ ਤੋਂ ਤਾਰ ਦਿਤਾ ਹੈ।ਕ੍ਰਿਪਾ ਕਰਕੇ (ਜਿਸ ਮਨੁੱਖ ਨੂੰ) ਨਾਮ ਰਸ ਦਿਤਾ ਹੈ।(ਉਸ ਨੂੰ) ਸਾਰਾ ਸੁਖ ਅਨੰਦ ਪ੍ਰਾਪਤ ਹੋਇਆ ਹੈ।੩।ਪ੍ਰਭੂ ਜੀ (ਸਾਡੇ) ਸਹਾਈ ਹੋਏ ਹਨ।(ਇਸੇ ਕਰਕੇ) ਸਾਰੀ ਦੁਨੀਆਂ ਉਠ ਕੇ (ਸਾਡੇ) ਪੈਰੀਂ ਲੱਗ ਗਈ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਪ੍ਰਭੂ ਨੂੰ ਹਰੇਕ ਸਾਹ ਨਾਲ ਸਿਮਰਨਾ ਚਾਹੀਦਾ ਹੈ।ਅਤੇ ਹਰੀ ਦਾ ਮੰਗਲ ਮਈ ਜਸ ਗਾਉਣਾ ਚਾਹੀਦਾ ਹੈ।੪।੪।੫੪।

ਪਦਾਰਥ = ਸਾਹਿਬੁ–ਮਾਲਕ।ਗੁਨੀ ਗਹੇਰਾ–ਅਥਾਹ ਗੁਣਾਂ ਵਾਲਾ।ਲਸਕਰੁ–ਫੌਜ।ਰਖਵਾਲੇ–ਰੱਖਿਆ ਕਰਨ ਵਾਲੇ।ਗੋਪਾਲਾ–ਪ੍ਰਿਥਵੀ ਦੇ ਜੀਵਾਂ ਦੀ ਪਾਲਣਾ ਕਰਨ ਵਾਲਾ।ਜੀਅ–ਜੀਵ।ਭਏ–ਹੋਏ।੧।ਜਪਿ–ਜਪ ਕੇ।ਅਨਦਿ–ਅਨੰਦ ਵਿਚ।ਰਹਉ–ਰਹਿੰਦਾ ਹਾਂ।ਭਉ–ਡਰ।ਕਤਹਿ–ਕਿਤੇ ਵੀ।ਰਹਾਉ।ਦਾਸਾ ਰਿਦੈ–ਦਾਸਾਂ ਦੇ ਹਿਰਦੇ ਵਿਚ।ਮੁਰਾਰੀ–ਹੰਕਾਰ ਤੇ ਅਗਿਆਨ ਦਾ ਵੈਰੀ ਪ੍ਰਭੂ। ਪ੍ਰਭਿ–ਪ੍ਰਭੂ ਨੇ।ਅਬਿਚਲ–ਅਚੱਲ (ਨਾ ਹਿੱਲਣ ਵਾਲੀ)।ਨੀਵ–ਨੀਂਹ।ਉਸਾਰੀ–ਬਣਾਈ ਹੈ।ਬਲੁ–ਤਾਕਤ।ਤਕੀਆ–ਆਸਰਾ।ਭਾਰੋ–ਵੱਡਾ।ਠਾਕੁਰੁ–ਮਾਲਕ।੨।ਜਿਨਿ–ਜਿਸ ਨੇ।ਤਰਾਇਆ–ਤਾਰ ਦਿਤਾ।ਨਾਮ ਰਸ–ਨਾਮ ਦਾ ਅਨੰਦ।ਦੀਆ–ਦਿਤਾ ਹੈ।ਕੁਸਲ ਖੇਮ–ਸੁਖ ਅਨੰਦ।ਥੀਆ–ਹੋਇਆ ਹੈ।੩।ਪਾਈ–ਪੈਰੀਂ; ਚਰਨੀਂ।ਸਾਸਿ ਸਾਸਿ–ਹਰੇਕ ਸਾਹ ਨਾਲ।ਮੰਗਲ–ਜਸ।੪।੪।੫੪।

ਸੋਰਠਿ ਮਹਲਾ ੫ ॥ ਸੂਖ ਸਹਜ ਆਨੰਦਾ ॥ ਪ੍ਰਭੁ ਮਿਲਿਓ ਮਨਿ ਭਾਵੰਦਾ ॥ ਪੂਰੈ ਗੁਰਿ ਕਿਰਪਾ ਧਾਰੀ ॥ ਤਾ ਗਤਿ ਭਈ ਹਮਾਰੀ ॥੧॥ ਹਰਿ ਕੀ ਪ੍ਰੇਮ ਭਗਤਿ ਮਨੁ ਲੀਨਾ ॥ ਨਿਤ ਬਾਜੇ ਅਨਹਤ ਬੀਨਾ ॥ਰਹਾਉ॥ ਹਰਿ ਚਰਣ ਕੀ ਓਟ ਸਤਾਣੀ ॥ ਸਭ ਚੂਕੀ ਕਾਣਿ ਲੋਕਾਣੀ ॥ ਜਗਜੀਵਨੁ ਦਾਤਾ ਪਾਇਆ ॥ ਹਰਿ ਰਸਕਿ ਰਸਕਿ ਗੁਣ ਗਾਇਆ ॥੨॥ ਪ੍ਰਭ ਕਾਟਿਆ ਜਮ ਕਾ ਫਾਸਾ ॥ ਮਨ ਪੂਰਨ ਹੋਈ ਆਸਾ ॥ ਜਹ ਪੇਖਾ ਤਹ ਸੋਈ ॥ ਹਰਿ ਪ੍ਰਭ ਬਿਨੁ ਅਵਰੁ ਨ ਕੋਈ ॥੩॥ ਕਰਿ ਕਿਰਪਾ ਪ੍ਰਭਿ ਰਾਖੇ ॥ ਸਭਿ ਜਨਮ ਜਨਮ ਦੁਖ ਲਾਥੇ ॥ ਨਿਰਭਉ ਨਾਮੁ ਧਿਆਇਆ ॥ ਅਟਲ ਸੁਖੁ ਨਾਨਕ ਪਾਇਆ ॥੪॥੫॥੫੫॥ (ਹੇ ਭਾਈ ! ਜਦੋਂ) ਮਨ ਵਿਚ ਪਿਆਰਾ ਲੱਗਣ ਵਾਲਾ ਪ੍ਰਭੂ ਮਿਲ ਪਿਆ ਤਾਂ ਕੁਦਰਤੀ ਸੁਖ ਦਾ ਅਨੰਦ ਪ੍ਰਾਪਤ ਹੋ ਗਿਆ।(ਜਦ) ਪੂਰੇ ਗੁਰੂ ਨੇ ਕ੍ਰਿਪਾ ਕੀਤੀ ਹੈ। ਤਾਂ ਸਾਡੀ ਮੁਕਤੀ ਹੋ ਗਈ ਹੈ।੧।(ਸਾਡਾ) ਮਨ ਹਰੀ ਦੀ ਪ੍ਰੇਮਾ ਭਗਤੀ ਵਿਚ ਲੀਨ ਰਹਿੰਦਾ ਹੈ।ਹੁਣ ਸਦਾ ਆਤਮਕ ਅਨੰਦ ਦੀ ਧੁਨੀ ਦਾ ਵਾਜਾ ਲਗਾਤਾਰ ਵਜਦਾ (ਅਜਪਾ ਜਾਪ ਹੁੰਦਾ) ਰਹਿੰਦਾ ਹੈ।ਰਹਾਉ।(ਹੇ ਭਾਈ ! ਅਸੀਂ) ਹਰੀ ਦੇ ਚਰਨਾਂ ਦੀ ਤਾਕਤ ਵਾਲੀ ਓਟ ਲਈ ਹੈ।(ਜਿਸ ਕਰਕੇ) ਲੋਕਾਂ ਦੀ ਮੁਥਾਜੀ ਸਭ ਮੁੱਕ ਗਈ ਹੈ।ਜਗਤ ਨੂੰ ਜੀਵਨ ਦੇਣ ਵਾਲਾ ਪ੍ਰਭੂ (ਅਸੀਂ) ਪਾ ਲਿਆ ਹੈ।ਅਤੇ ਅਨੰਦ ਲੈ ਲੈ ਕੇ ਪ੍ਰਭੂ ਦੇ ਗੁਣ ਗਾ ਰਹੇ ਹਾਂ।੨।(ਹੇ ਭਾਈ ! ਮੇਰੀ ਵੀ) ਪ੍ਰਭੂ ਨੇ ਜਮਾਂ ਦੀ ਫਾਹੀ ਕਟ ਦਿਤੀ ਹੈ।ਅਤੇ ਮਨ ਦੀ ਆਸ ਪੂਰੀ ਹੋ ਗਈ ਹੈ।ਮੈਂ ਜਿਥੇ ਦੇਖਦਾ ਹਾਂ, ਉਥੇ ਉਹ ਪ੍ਰਭੂ ਹੀ (ਨਜਰ ਆਉਂਦਾ) ਹੈ।ਹਰੀ ਪ੍ਰਭੂ ਤੋਂ ਬਿਨਾ ਹੋਰ ਕੋਈ ਨਹੀਂ ਦਿਸਦਾ ਹੈ।੩।ਪ੍ਰਭੂ ਨੇ ਕ੍ਰਿਪਾ ਕਰਕੇ ਰੱਖਿਆ ਕੀਤੀ ਹੈ।ਮੇਰੇ ਜਨਮ ਜਨਮ ਦੇ ਸਭ ਦੁਖ ਲਹਿ ਗਏ ਹਨ।ਹੇ ਨਾਨਕ ! ਮੈਂ ਨਿਰਭਉ ਹਰੀ ਦਾ ਨਾਮ ਸਿਮਰਿਆ ਹੈ।(ਜਿਸ ਦੀ ਬਰਕਤ ਨਾਲ ਮੈਂ) ਅਟੱਲ ਸੁਖ ਪਾ ਲਿਆ ਹੈ।੪।੫।੫੫।

ਪਦਾਰਥ = ਸੂਖ ਸਹਜ–ਕੁਦਰਤੀ ਸੁਖ।ਮਨਿ ਭਾਵੰਦਾ–ਮਨ ਵਿਚ ਪਿਆਰਾ ਲੱਗਣ ਵਾਲਾ।ਪੂਰੈ ਗੁਰਿ–ਪੂਰੇ ਗੁਰੂ ਨੇ।ਧਾਰੀ–ਕੀਤੀ।ਤਾ–ਤਾਂ।ਗਤਿ–ਮੁਕਤੀ; ਉਚੀ ਆਤਮਕ ਅਵਸਥਾ।ਹਮਾਰੀ–ਸਾਡੀ।੧।ਲੀਨਾ–ਮਗਨ ਰਹਿੰਦਾ ਹੈ।ਨਿਤ–ਰੋਜ; ਸਦਾ।ਬਾਜੇ–ਵਜਦਾ ਹੈ।ਅਨਹਤ–ਇਕ ਰਸ ਲਗਾਤਾਰ।ਰਹਾਉ।ਸਤਾਣੀ–ਬਲ ਵਾਲੀ।ਚੂਕੀ–ਮੁੱਕ ਗਈ।ਕਾਣਿ–ਮੁਥਾਜੀ; ਅਹਿਸਾਨ।ਲੋਕਾਣੀ–ਲੋਕਾਂ ਦੀ।ਜਗਜੀਵਨੁ ਦਾਤਾ–ਜਗਤ ਨੂੰ ਜੀਵਨ ਦੇਣ ਵਾਲਾ ਪ੍ਰਭੂ।ਰਸਕਿ ਰਸਕਿ–ਅਨੰਦ ਲੈ ਲੈ ਕੇ।੨।ਫਾਸਾ–ਫਾਹੀ।ਜਹ–ਜਿੱਥੇ।ਪੇਖਾ–ਦੇਖਦਾ ਹਾਂ।ਤਹ–ਉਥੇ।ਸੋਈ–ਉਹ ਹੀ।ਅਵਰੁ–ਹੋਰ।੩।ਪ੍ਰਭਿ–ਪ੍ਰਭੂ ਨੇ।ਰਾਖੇ–ਰੱਖਿਆ ਕੀਤੀ।ਲਾਥੇ–ਲਹਿ ਗਏ। ਨਿਰਭਉ–ਭੈ ਰਹਿਤ ਹਰੀ ਦਾ।ਅਟਲ–(ਅਟੱਲ ਬੋਲੋ) ਨਾ ਟਲਣ ਵਾਲਾ।੪।੫।੫੫।

ਸੋਰਠਿ ਮਹਲਾ ੫ ॥ ਠਾਢਿ ਪਾਈ ਕਰਤਾਰੇ ॥ ਤਾਪੁ ਛੋਡਿ ਗਇਆ ਪਰਵਾਰੇ ॥ ਗੁਰਿ ਪੂਰੈ ਹੈ ਰਾਖੀ ॥ ਸਰਣਿ ਸਚੇ ਕੀ ਤਾਕੀ ॥

੧॥ ਪਰਮੇਸਰੁ ਆਪਿ ਹੋਆ ਰਖਵਾਲਾ ॥ ਸਾਂਤਿ ਸਹਜ ਸੁਖ ਖਿਨ ਮਹਿ ਉਪਜੇ, ਮਨੁ ਹੋਆ ਸਦਾ ਸੁਖਾਲਾ ॥ਰਹਾਉ॥ ਹਰਿ ਹਰਿ ਨਾਮੁ ਦੀਓ ਦਾਰੂ ॥ ਤਿਨਿ ਸਗਲਾ ਰੋਗੁ ਬਿਦਾਰੂ ॥ (ਹਰਿਗੋਬਿੰਦ ਜੀ ਦੇ ਅਰੋਗ ਹੋਣ ਤੇ ਇਹ ਸ਼ਬਦ ਉਚਾਰਿਆ ਹੈ। ਹੇ ਭਾਈ!) ਕਰਤਾਰ ਨੇ ਠੰਢ ਪਾ (ਸ਼ਾਂਤੀ ਵਰਤਾ) ਦਿਤੀ ਹੈ। (ਕਿਉਂਕਿ ਸਾਡੇ) ਪ੍ਰਵਾਰ ਨੂੰ ਤਾਪ ਛਡ ਗਿਆ ਹੈ। ਪੂਰੇ ਗੁਰੂ ਨੇ (ਸਾਡੀ) ਰੱਖਿਆ ਕੀਤੀ ਹੈ। (ਕਿਉਂਕਿ ਅਸੀਂ) ਸੱਚੇ ਪ੍ਰਭੂ ਦੀ ਸ਼ਰਣ ਤੱਕੀ ਹੈ।੧। ਪ੍ਰਮੇਸਰ ਆਪ (ਸਾਡੇ ਪ੍ਰਵਾਰ ਦਾ) ਰਖਵਾਲਾ ਹੋਇਆ ਹੈ। ਸ਼ਾਂਤੀ ਤੇ ਕੁਦਰਤੀ ਸੁਖ ਇਕ ਖਿਨ ਵਿਚ ਪੈਦਾ ਹੋ ਗਏ ਹਨ, (ਜਿਸ ਕਰਕੇ) ਮਨ ਸਦਾ ਲਈ ਸੁਖਾਂ ਦਾ ਘਰ ਹੋ ਗਿਆ ਹੈ। ਰਹਾਉ। (ਹੇ ਭਾਈ! ਗੁਰੂ ਨੇ ਮੈਨੂੰ) ਹਰਿ ਹਰਿ ਨਾਮ ਰੂਪ ਦਵਾਈ ਦਿਤੀ। ਉਸ (ਨਾਮ ਰੂਪ ਦਵਾਈ) ਨੇ ਸਾਰਾ ਰੋਗ ਕੱਟ ਦਿਤਾ ਹੈ।

ਅੰਗ ੬੨੩ = ਅਪਣੀ ਕਿਰਪਾ ਧਾਰੀ ॥ ਤਿਨਿ ਸਗਲੀ ਬਾਤ ਸਵਾਰੀ ॥੨॥ ਪ੍ਰਭਿ ਅਪਨਾ ਬਿਰਦੁ ਸਮਾਰਿਆ ॥ ਹਮਰਾ ਗੁਣੁ ਅਵਗੁਣੁ ਨ ਬੀਚਾਰਿਆ ॥ ਗੁਰ ਕਾ ਸਬਦੁ ਭਇਓ ਸਾਖੀ ॥ ਤਿਨਿ ਸਗਲੀ ਲਾਜ ਰਾਖੀ ॥੩॥ ਬੋਲਾਇਆ ਬੋਲੀ ਤੇਰਾ ॥ ਤੂ ਸਾਹਿਬੁ ਗੁਣੀ ਗਹੇਰਾ ॥ ਜਪਿ ਨਾਨਕ ਨਾਮੁ ਸਚੁ ਸਾਖੀ ॥ ਅਪੁਨੇ ਦਾਸ ਕੀ ਪੈਜ ਰਾਖੀ ॥੪॥੬॥੫੬॥ (ਪ੍ਰਭੂ ਨੇ ਇਹ) ਅਪਣੀ ਕ੍ਰਿਪਾ ਕੀਤੀ। ਉਸ ਨੇ ਸਾਰੀ ਗੱਲ ਸੁਆਰ (ਠੀਕ ਕਰ) ਦਿਤੀ।੨। (ਹੇ ਭਾਈ!) ਪ੍ਰਭੂ ਨੇ ਅਪਣਾ ਦਇਆ ਕਰਨ ਵਾਲਾ ਸੁਭਾਵ ਯਾਦ ਰੱਖਿਆ; ਧਰਮ ਸੰਭਾਲਿਆ। (ਉਸ ਨੇ) ਸਾਡਾ ਗੁਣ ਔਗੁਣ ਨਹੀਂ ਬਿਚਾਰਿਆ। ਗੁਰੂ ਦਾ ਸ਼ਬਦ ਸਾਖਿਆਤ ਹੋਇਆ ਹੈ। ਉਸ (ਸ਼ਬਦ) ਨੇ ਸਾਡੀ ਸਾਰੀ ਲਾਜ ਰੱਖੀ ਹੈ।੩। (ਹੇ ਪ੍ਰਭੂ! ਇਹ ਸਾਰੇ ਬਚਨ ਮੈਂ) ਤੇਰਾ ਬੋਲਾਇਆ ਬੋਲਦਾ ਹਾਂ। ਤੂੰ ਮੇਰਾ ਮਾਲਕ ਹੈਂ ਅਤੇ ਅਥਾਹ ਗੁਣਾਂ ਵਾਲਾ ਹੈਂ। ਨਾਨਕ ਪ੍ਰਭੂ ਦਾ ਸੱਚਾ ਨਾਮ ਜਪਦਾ ਹੈ, (ਜੋ ਰੱਬ ਦੀ ਦਰਗਾਹ ਵਿਚ) ਸਾਖੀ ਭਰਨ ਵਾਲਾ ਹੈ। (ਪ੍ਰਭੂ ਨੇ ਆਪ ਹੀ) ਅਪਣੇ ਦਾਸ ਦੀ ਇੱਜਤ ਰੱਖ ਲਈ ਹੈ।੪।੬।੫੬।

ਪਦਾਰਥ = ਠਾਢਿ-ਠੰਢ (ਸ਼ਾਂਤੀ)। ਕਰਤਾਰੇ-ਕਰਤਾਰ ਨੇ। ਤਾਪੁ-(ਸੀਤਲਾ ਦਾ) ਬੁਖਾਰ। ਪਰਵਾਰੇ-ਪ੍ਰਵਾਰ ਨੂੰ। ਗੁਰਿ ਪੂਰੈ-ਪੂਰੇ ਗੁਰੂ ਨੇ। ਰਾਖੀ-ਰੱਖਿਆ ਕੀਤੀ। ਸਚੇ ਕੀ-ਸੱਚੇ ਪ੍ਰਭੂ ਦੀ। ਤਾਕੀ-ਤੱਕੀ ਹੈ; (ਮਨ ਵਿਚ) ਟਿਕਾਈ ਹੈ।੧। ਰਖਵਾਲਾ-ਰੱਖਿਆ ਕਰਨ ਵਾਲਾ। ਸਹਜ ਸੁਖ-ਸੁਭਾਵਕ (ਕੁਦਰਤੀ) ਸੁਖ। ਉਪਜੇ-ਪੈਦਾ ਹੋ ਗਏ। ਸੁਖਾਲਾ-ਸੁਖਾਂ ਦਾ ਘਰ। ਰਹਾਉ। ਦਾਰੂ-ਦਵਾਈ। ਤਿਨਿ-ਉਸ ਨੇ। ਸਗਲਾ-ਸਾਰਾ। ਬਿਦਾਰੂ-ਕੱਟ ਦਿਤਾ ਹੈ। ਧਾਰੀ-ਕੀਤੀ। ਬਾਤ-ਗੱਲ। ਸਵਾਰੀ-ਸੁਆਰ (ਠੀਕ ਕਰ) ਦਿਤੀ।੨। ਪ੍ਰਭਿ-ਪ੍ਰਭੂ ਨੇ। ਬਿਰਦੁ-ਸੁਭਾਵ; ਧਰਮ ਦਾ ਨਿਤ ਕਰਮ। ਸਮਾਰਿਆ-ਯਾਦ ਰੱਖਿਆ; ਸੰਭਾਲਿਆ। ਹਮਰਾ-ਸਾਡਾ। ਭਇਓ-ਹੋਇਆ। ਸਾਖੀ-ਸਾਖਿਆਤ; ਪਰਗਟ। ਲਾਜ-ਇੱਜਤ।੩। ਬੋਲੀ-ਬੋਲਦਾ ਹਾਂ। ਸਾਹਿਬੁ-ਮਾਲਕ। ਗੁਣੀ ਗਹੇਰਾ-ਅਥਾਹ ਗੁਣਾਂ ਵਾਲਾ। ਸਾਖੀ-ਗਵਾਹੀ ਭਰਨ ਵਾਲਾ ਹੈ। ਪੈਜ ਰਾਖੀ-ਇੱਜਤ ਰੱਖ ਲਈ ਹੈ।੪।੬।੫੬।

ਉਥਾਨਕਾ = ਅਗਲੇ ਕਈ ਸ਼ਬਦ ਸ੍ਰੀ ਹਰਿਮੰਦਰ ਸਾਹਿਬ ਤੇ ਅੰਮ੍ਰਿਤ ਸਰੋਰਵ ਦੇ ਸੰਪੂਰਨ ਹੋਣ ਦੀ ਖੁਸ਼ੀ ਵਿਚ ਉਚਾਰੇ ਹੋਏ ਹਨ। ਸਰੋਵਰ ਦੇ ਇਸ਼ਨਾਨ ਵਿਚ ਸਾਧ ਸੰਗਤ ਦੇ ਦਰਸ਼ਨ ਵੀ ਸ਼ਾਮਲ ਹਨ, ਜੈਸਾ ਕਿ 'ਸੰਤ ਸਰੋਵਰ ਨਾਵੈ' ਕਿਹਾ ਹੈ। (ਸ਼ਬਦਾਰਥ)

ਸੋਰਠਿ ਮਹਲਾ ੫ ॥ ਵਿਚਿ ਕਰਤਾ ਪੁਰਖੁ ਖਲੋਆ ॥ ਵਾਲੁ ਨ ਵਿੰਗਾ ਹੋਆ ॥ ਮਜਨੁ ਗੁਰ ਆਂਦਾ ਰਾਸੇ ॥ ਜਪਿ ਹਰਿ ਹਰਿ ਕਿਲ ਵਿਖ ਨਾਸੇ ॥੧॥ ਸੰਤਹੁ ਰਾਮਦਾਸ ਸਰੋਵਰੁ ਨੀਕਾ ॥ ਜੋ ਨਾਵੈ ਸੋ ਕੁਲੁ ਤਰਾਵੈ, ਉਧਾਰੁ ਹੋਆ ਹੈ ਜੀ ਕਾ ॥੧॥ਰਹਾਉ॥ ਜੈ ਜੈਕਾਰੁ ਜਗੁ ਗਾਵੈ ॥ ਮਨਿ ਚਿੰਦਿਅੜੇ ਫਲ ਪਾਵੈ ॥ ਸਹੀ ਸਲਾਮਤਿ ਨਾਇ ਆਏ ॥ ਅਪਣਾ ਪ੍ਰਭੂ ਧਿਆਏ ॥੨॥ ਸੰਤ ਸਰੋਵਰ ਨਾਵੈ ॥ ਸੋ ਜਨੁ ਪਰਮਗਤਿ ਪਾਵੈ ॥ ਮਰੈ ਨ ਆਵੈ ਜਾਈ ॥ ਹਰਿ ਹਰਿ ਨਾਮੁ ਧਿਆਈ ॥੩॥ ਇਹੁ ਬ੍ਰਹਮ ਬਿਚਾਰੁ ਸੁ ਜਾਨੈ ॥ ਜਿਸੁ ਦਇਆਲੁ ਹੋਇ ਭਗਵਾਨੈ ॥ ਬਾਬਾ ਨਾਨਕ ਪ੍ਰਭ ਸਰਣਾਈ ॥ ਸਭ ਚਿੰਤਾ ਗਣਤ ਮਿਟਾਈ ॥੪॥੭॥੫੭॥ (ਸ੍ਰੀ ਅੰਮ੍ਰਿਤਸਰ ਸਰੋਵਰ ਸੰਪੂਰਨ ਹੋਣ ਦੇ ਕੰਮ) ਵਿਚ ਕਰਤਾ ਪੁਰਖ ਆਪ ਆ ਖੜਾ ਹੋਇਆ ਹੈ। (ਇਸ ਲਈ) ਵਾਲ ਵੀ ਵਿੰਗਾ ਨਹੀਂ ਹੋਇਆ (ਸਰੋਰਵ ਦੀ ਖੁਦਾਈ ਵਿਚ ਕੋਈ ਬਿਘਨ ਨਹੀਂ ਪਿਆ)। ਗੁਰੂ ਨੇ ਇਸ਼ਨਾਨ ਰਾਸ ਲੈਂ ਆਂਦਾ (ਸਫਲ ਕਰ ਦਿਤਾ) ਹੈ। ਹਰਿ ਹਰਿ ਨਾਮ ਜਪ ਕੇ ਪਾਪ ਨਾਸ਼ ਹੋ ਗਏ ਹਨ।੧। ਹੇ ਸੰਤ ਜਨੋਂ! ਗੁਰੂ ਰਾਮਦਾਸ ਜੀ ਦਾ ਰਚਿਆ ਸਰੋਵਰ ਬਹੁਤ ਸੁੰਦਰ ਹੈ। ਜਿਹੜਾ (ਜੀਵ ਇਸ ਵਿਚ) ਨ੍ਹਾਉਂਦਾ ਹੈ, ਉਹ ਅਪਣੀ ਕੁਲ ਨੂੰ (ਭਵਜਲ ਵਿਚੋਂ) ਤਾਰ ਲੈਂਦਾ ਹੈ ਅਤੇ (ਉਸ ਦੀ) ਆਤਮਾ ਵੀ ਮੁਕਤ ਹੋ ਜਾਂਦੀ ਹੈ। ਰਹਾਉ। (ਹੇ ਭਾਈ! ਇਸ ਸਰੋਵਰ ਦੀ) ਜੈ ਜੈਕਾਰ ਦੀ ਸੋਭਾ ਦਾ ਗੀਤ ਸਾਰਾ ਜਗਤ ਗਾਉਂਦਾ ਹੈ। ਅਤੇ (ਇਸ ਵਿਚ ਇਸ਼ਨਾਨ ਕਰਕੇ) ਮਨ ਵਿਚ ਚਾਹੇ ਹੋਏ ਫਲ ਪਾ ਲੈਂਦਾ ਹੈ। ਇਸ਼ਨਾਨ ਕਰਕੇ ਸਹੀ ਸਲਾਮਤ ਆ ਗਏ ਹਾਂ। ਅਤੇ ਅਪਣੇ ਪ੍ਰਭੂ ਨੂੰ ਸਿਮਰਦੇ ਹਾਂ।੨। ਸੰਤ ਗੁਰੂ ਦੇ ਸਰੋਵਰ ਵਿਚ ਜੋ ਜੀਵ ਇਸ਼ਨਾਨ ਕਰਦਾ ਹੈ। ਉਹ ਮਨੁੱਖ ਸਭ ਤੋਂ ਉਚੀ ਆਤਮਕ ਅਵਸਥਾ ਪ੍ਰਾਪਤ ਕਰ ਲੈਂਦਾ ਹੈ। ਜੋ ਮਨੁੱਖ ਪ੍ਰਭੂ ਦਾ ਹਰਿ ਹਰਿ ਨਾਮ ਧਿਆਉਂਦਾ ਹੈ। ਉਹ ਨਾ ਮਰਦਾ ਹੈ ਤੇ ਨਾ ਆਉਂਦਾ ਜਾਂਦਾ ਹੈ (ਆਵਾਗਵਨ ਮੁੱਕ ਜਾਂਦਾ ਹੈ)।੩।

ਬ੍ਰਹਮ ਦੇ ਇਸ ਵਿਚਾਰ ਨੂੰ ਉਹ ਮਨੁੱਖ ਜਾਣਦਾ ਹੈ। ਜਿਸ ਉਤੇ ਭਗਵਾਨ ਮੇਹਰਵਾਨ ਹੁੰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਭਾਈ! ਮੈਂ ਪ੍ਰਭੂ ਦੀ ਸ਼ਰਣ ਪਿਆ ਹਾਂ; (ਗੁਰੂ ਅਰਜਨ ਦੇਵ ਜੀ ਆਖਦੇ ਹਨ ਕਿ) ਪ੍ਰਭੂ ਦਾ ਰੂਪ ਬਾਬਾ ਨਾਨਕ ਦੀ ਸ਼ਰਣ ਵਿਚ ਆਏ ਹਾਂ। (ਜਿਸ ਨੇ ਕ੍ਰਿਪਾ ਕਰਕੇ ਮੇਰੀ ਸਾਰੀ) ਚਿੰਤਾ ਤੇ ਗਿਣਤੀ ਮਿਣਤੀ ਮਿਟਾ ਦਿਤੀ ਹੈ।੪।੭।੫੭।

ਪਦਾਰਥ = ਕਰਤਾ ਪੁਰਖੁ–ਸਰਬ ਵਿਆਪਕ ਵਾਹਿਗੁਰੂ। ਖਲੋਆ–ਖੜਾ ਹੋਇਆ ਹੈ। ਵਾਲੁ ਨ ਵਿੰਗਾ ਹੋਆ–ਵਾਲ ਵੀ ਨਹੀਂ ਵਿੰਗਾ ਹੋਇਆ (ਕੋਈ ਬਿਘਨ ਨਹੀਂ ਪਿਆ)। ਮਜਨੁ–ਇਸ਼ਨਾਨ। ਆਂਦਾ ਰਾਸੇ–ਰਾਸ ਲੈਂ ਆਂਦਾ (ਸਫਲ ਕਰ ਦਿਤਾ)। ਕਿਲਵਿਖ–ਪਾਪ। ਜਪਿ–ਜਪ ਕੇ। ਨਾਸੇ–ਨਾਸ਼ ਹੋ ਗਏ।੧। ਸੰਤਹੁ–ਹੇ ਸੰਤ ਜਨੋਂ!। ਰਾਮਦਾਸ ਸਰੋਵਰੁ–ਗੁਰੂ ਰਾਮਦਾਸ ਜੀ ਦਾ ਤਿਆਰ ਕੀਤਾ ਸਰੋਵਰ; ਸਾਧ ਸੰਗਤ ਰੂਪ ਸਰੋਵਰ। ਨੀਕਾ–ਬਹੁਤ ਸੁੰਦਰ; ਮਹਾਨ। ਨਾਵੈ–ਨ੍ਹਾਉਂਦਾ ਹੈ। ਸੋ–ਉਹ। ਕੁਲੁ–ਖਾਨਦਾਨ ਨੂੰ। ਤਰਾਵੈ–ਤਾਰ ਲੈਂਦਾ ਹੈ। ਉਧਾਰੁ–ਮੁਕਤ। ਜੀ ਕਾ–ਜੀਵਾਤਮਾ ਦਾ। ਰਹਾਉ। ਜੈ ਜੈਕਾਰੁ ਗਾਵੈ–ਸੋਭਾ ਦਾ ਗੀਤ ਗਾਉਂਦਾ ਹੈ। ਜਗੁ–ਜਗਤ। ਮਨਿ ਚਿੰਦਿਅੜੇ –ਮਨ ਵਿਚ ਚਾਹੇ ਹੋਏ। ਸਹੀ ਸਲਾਮਤਿ–ਰਾਜੀ ਖੁਸ਼ੀ ਨਾਲ; ਅਰੋਗ ਤੇ ਬਿਨਾ ਕਿਸੇ ਨੁਕਸਾਨ ਦੇ। ਨਾਇ ਆਏ–ਨਹਾ ਕੇ ਆ ਗਏ ਹਾਂ।੨। ਸੰਤ ਸਰੋਵਰਿ–ਸੰਤ ਗੁਰੂ ਦੇ ਸਰੋਵਰ ਵਿਚ; ਸਾਧ ਸੰਗਤ ਰੂਪ ਸਰੋਵਰ ਵਿਚ। ਨਾਵੈ–ਨ੍ਹਾਉਂਦਾ ਹੈ। ਜਨੁ–ਮਨੁੱਖ। ਪਰਮ ਗਤਿ–ਸਭ ਤੋਂ ਉਚੀ ਆਤਮਕ ਅਵਸਥਾ। ਨ ਆਵੈ ਜਾਈ–ਆਉਂਦਾ ਜਾਂਦਾ (ਜੰਮਦਾ ਮਰਦਾ) ਨਹੀਂ।੩। ਸੁ–ਉਹ। ਬਾਬਾ–ਹੇ ਭਾਈ! (ਦਰਪਣ ਨੇ ਵੀ ਇਹੀ ਅਰਥ ਕੀਤਾ ਹੈ)। ਗਣਤ–ਗਿਣਤੀਆਂ ਮਿਣਤੀਆਂ; ਮਨ ਦੇ ਸੰਸੇ।੪।੭।੫੭।

ਸੋਰਠਿ ਮਹਲਾ ੫ ॥ ਪਾਰਬ੍ਰਹਮਿ ਨਿਬਾਹੀ ਪੂਰੀ ॥ ਕਾਈ ਬਾਤ ਨ ਰਹੀਆ ਊਰੀ ॥ ਗੁਰਿ ਚਰਨ ਲਾਇ ਨਿਸਤਾਰੇ ॥ ਹਰਿ ਹਰਿ ਨਾਮੁ ਸਮ੍ਹਾਰੇ ॥੧॥ ਅਪਨੇ ਦਾਸ ਕਾ ਸਦਾ ਰਖਵਾਲਾ ॥ ਕਰਿ ਕਿਰਪਾ ਅਪੁਨੇ ਕਰਿ ਰਾਖੇ, ਮਾਤ ਪਿਤਾ ਜਿਉ ਪਾਲਾ ॥੧॥ਰਹਾਉ॥ ਵਡਭਾਗੀ ਸਤਿਗੁਰੁ ਪਾਇਆ ॥ ਜਿਨਿ ਜਮ ਕਾ ਪੰਥੁ ਮਿਟਾਇਆ ॥ ਹਰਿ ਭਗਤਿ ਭਾਇ ਚਿਤੁ ਲਾਗਾ ॥ ਜਪਿ ਜੀਵਹਿ ਸੇ ਵਡਭਾਗਾ ॥੨॥ ਹਰਿ ਅੰਮ੍ਰਿਤ ਬਾਣੀ ਗਾਵੈ ॥ ਸਾਧਾ ਕੀ ਧੂਰੀ ਨਾਵੈ ॥ ਅਪੁਨਾ ਨਾਮੁ ਆਪੇ ਦੀਆ ॥ ਪ੍ਰਭ ਕਰਣਹਾਰ ਰਖਿ ਲੀਆ ॥੩॥ ਹਰਿ ਦਰਸਨ ਪ੍ਰਾਨ ਅਧਾਰਾ ॥ ਇਹੁ ਪੂਰਨ ਬਿਮਲ ਬੀਚਾਰਾ ॥ ਕਰਿ ਕਿਰਪਾ ਅੰਤਰਜਾਮੀ ॥ ਦਾਸ ਨਾਨਕ ਸਰਣਿ ਸੁਆਮੀ ॥੪॥ ੮॥੫੮॥ (ਹੇ ਭਾਈ!) ਪਾਰਬ੍ਰਹਮ ਨੇ (ਅਪਣੇ ਸੇਵਕਾਂ ਨੂੰ) ਪੂਰਨ ਸਫਲਤਾ ਬਖਸ਼ੀ (ਪੂਰਾ ਪੱਖ ਕੀਤਾ) ਹੈ। (ਉਸ ਨੇ ਅਪਣੇ ਸੇਵਕਾਂ ਨੂੰ) ਕਿਸੇ ਗੱਲ ਦੀ ਕਮੀ ਨਹੀਂ ਰਹਿਣ ਦਿਤੀ। ਗੁਰੂ ਨੇ ਅਪਣੇ ਚਰਨਾਂ ਵਿਚ ਜੋੜ ਕੇ (ਦਾਸਾਂ ਨੂੰ ਸੰਸਾਰ ਸਾਗਰ ਤੋਂ) ਤਾਰ ਦਿਤਾ ਹੈ। (ਕਿਉਂਕਿ ਉਨ੍ਹਾਂ ਨੇ) ਪ੍ਰਭੂ ਦਾ ਹਰਿ ਹਰਿ ਨਾਮ ਸਿਮਰਿਆ ਹੈ।੧। (ਉਹ ਪ੍ਰਭੂ) ਅਪਣੇ ਦਾਸਾਂ ਦੀ ਸਦਾ ਰੱਖਿਆ ਕਰਨ ਵਾਲਾ ਹੈ। (ਉਸ ਨੇ) ਕ੍ਰਿਪਾ ਕਰਕੇ ਅਪਣੇ ਦਾਸ ਬਣਾ ਕਰਕੇ ਰੱਖਿਆ ਕੀਤੀ ਹੈ, ਜਿਵੇਂ ਮਾਤਾ ਪਿਤਾ (ਅਪਣੇ ਬੱਚੇ ਨੂੰ) ਪਾਲਦੇ ਹਨ।੧। ਰਹਾਉ। (ਹੇ ਭਾਈ!) ਵੱਡੇ ਭਾਗਾਂ ਵਾਲਿਆਂ ਦਾਸਾਂ ਨੇ ਸਤਿਗੁਰੂ ਨੂੰ ਪਾ ਲਿਆ ਹੈ। ਜਿਸ (ਸਤਿਗੁਰੂ) ਨੇ ਜਮ ਦਾ ਰਸਤਾ ਮਿਟਾ ਦਿਤਾ ਹੈ (ਮੁਕਤ ਕਰ ਦਿਤਾ। ਕਿਉਂਕਿ ਦਾਸਾਂ ਦਾ) ਚਿਤ ਹਰੀ ਪ੍ਰੇਮਾ ਭਗਤੀ ਵਿਚ ਲੱਗਾ ਹੋਇਆ ਹੈ। ਉਹ ਵੱਡੇ ਭਾਗਾਂ ਵਾਲੇ ਦਾਸ ਪ੍ਰਭੂ ਦਾ ਨਾਮ ਜਪ ਕੇ ਜਿਉਂਦੇ ਹਨ।੨। (ਪ੍ਰਭੂ ਦਾ ਦਾਸ) ਹਰੀ ਦੀ ਅੰਮ੍ਰਿਤ ਮਈ ਬਾਣੀ ਗਾਉਂਦਾ ਹੈ। ਅਤੇ ਸਾਧੂਆਂ ਦੀ ਚਰਨ ਧੂੜ ਵਿਚ ਨ੍ਹਾਉਂਦਾ ਹੈ (ਸਾਧ ਸੰਗਤ ਵਿਚ ਮਨ ਨੂੰ ਨਿਰਮਲ ਕਰਦਾ ਹੈ। ਪਭੂ ਨੇ ਦਾਸਾਂ ਨੂੰ) ਅਪਣਾ ਨਾਮ ਆਪੇ ਦਿਤਾ ਹੈ। ਸਿਰਜਨਹਾਰ ਪ੍ਰਭੂ ਨੇ ਆਪੇ (ਦਾਸਾਂ ਨੂੰ ਵਿਸ਼ੇ ਵਿਕਾਰਾਂ ਤੋਂ) ਬਚਾ ਲਿਆ ਹੈ।੩। (ਹੇ ਭਾਈ!) ਹਰੀ ਦਾ ਦਰਸ਼ਨ (ਦਾਸਾਂ ਦੇ) ਪ੍ਰਾਣਾਂ ਦਾ ਆਸਰਾ ਹੈ। (ਇਹੋ ਉਨ੍ਹਾਂ ਦਾ) ਪੂਰਾ ਤੇ ਪਵਿਤ੍ਰ ਬਿਚਾਰ ਹੈ। ਹੇ ਅੰਤਰਜਾਮੀ ਪ੍ਰਭੂ! (ਅਰਦਾਸ ਹੈ ਕਿ ਮੇਰੇ ਉਤੇ) ਕ੍ਰਿਪਾ ਕਰ। ਹੇ ਪ੍ਰਭੂ! ਦਾਸ ਨਾਨਕ ਤੇਰੀ ਸ਼ਰਣ ਵਿਚ ਆਇਆ ਹੈ।੪।੮।੫੮।

ਪਦਾਰਥ = ਪਾਰਬ੍ਰਹਮਿ–ਪਾਰਬ੍ਰਹਮ ਨੇ। ਨਿਬਾਹੀ ਪੂਰੀ–ਪੂਰਨ ਸਫਲਤਾ ਬਖਸ਼ੀ ਹੈ। ਕਾਈ ਬਾਤ–ਕਿਸੇ ਗੱਲ ਦੀ। ਊਰੀ–ਕਮੀ। ਗੁਰਿ–ਗੁਰੂ ਨੇ। ਲਾਇ–ਲਾ (ਜੋੜ) ਕੇ। ਨਿਸਤਾਰੇ–ਤਾਰ ਦਿਤੇ। ਸਮ੍ਹਾਰੇ–ਸਿਮਰਿਆ ਹੈ।੧। ਕਾ–ਦਾ। ਰਖਵਾਲਾ–ਰੱਖਿਆ ਕਰਨ ਵਾਲਾ। ਕਰਿ–ਬਣਾ ਕੇ। ਰਾਖੇ–ਰੱਖਿਆ ਕੀਤੀ। ਪਾਲਾ–ਪਾਲਦੇ ਹਨ।੧। ਰਹਾਉ। ਵਡਭਾਗੀ–ਵੱਡੇ ਭਾਗਾਂ ਵਾਲਿਆਂ ਨੇ। ਜਿਨਿ–ਜਿਸ ਨੇ। ਪੰਥੁ–ਰਸਤਾ। ਭਗਤਿ ਭਾਇ–ਪ੍ਰੇਮਾ ਭਗਤੀ ਵਿਚ। ਜਪਿ–ਜਪ ਕੇ। ਜੀਵਹਿ–ਜਿਉਂਦੇ ਹਨ। ਸੇ–ਉਹ।੨। ਸਾਧਾ ਕੀ–ਸਾਧੂਆਂ ਦੀ। ਧੂਰੀ–ਚਰਨ ਧੂੜ ਵਿਚ। ਨਾਵੈ–ਨ੍ਹਾਉਂਦਾ ਹੈ। ਦੀਆ–ਦਿਤਾ ਹੈ। ਕਰਣਹਾਰ–ਸਿਰਜਨਹਾਰ। ਰਖਿ ਲੀਆ–ਬਚਾ ਲਿਆ ਹੈ।੩। ਪ੍ਰਾਨ ਅਧਾਰਾ–ਪ੍ਰਾਣਾਂ ਦਾ ਆਸਰਾ। ਬਿਮਲ–ਮੈਲ ਤੋਂ ਰਹਿਤ (ਪਵਿਤ੍ਰ)। ਹੇ ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲੇ ਪ੍ਰਭੂ!।੪।੮।੫੮।

ਸੋਰਠਿ ਮਹਲਾ ੫ = ਗੁਰ ਪੂਰੈ ਚਰਨੀ ਲਾਇਆ ॥ ਹਰਿ ਸੰਗਿ ਸਹਾਈ ਪਾਇਆ ॥ ਜਹ ਜਾਈਐ ਤਹਾ ਸੁਹੇਲੇ ॥ ਕਰਿ ਕਿਰਪਾ ਪ੍ਰਭਿ ਮੇਲੇ ॥੧॥ ਹਰਿ ਗੁਣ ਗਾਵਹੁ ਸਦਾ ਸੁਭਾਈ ॥ ਮਨ ਚਿੰਦੇ ਸਗਲੇ ਫਲ ਪਾਵਹੁ ,ਜੀਅ ਕੈ ਸੰਗਿ ਸਹਾਈ ॥੧॥ਰਹਾਉ॥

ਨਾਰਾਇਣ ਪ੍ਰਾਣ ਅਧਾਰਾ ॥ ਹਮ ਸੰਤ ਜਨਾਂ ਰੇਨਾਰਾ ॥ ਪਤਿਤ ਪੁਨੀਤ ਕਰਿ ਲੀਨੇ ॥ ਕਰਿ ਕਿਰਪਾ ਹਰਿ ਜਸੁ ਦੀਨੇ ॥੨॥ ਪਾਰ ਬ੍ਰਹਮੁ ਕਰੇ ਪ੍ਰਤਿਪਾਲਾ ॥ ਸਦ ਜੀਅ ਸੰਗਿ ਰਖਵਾਲਾ ॥ (ਹੇ ਭਾਈ!) ਪੂਰੇ ਗੁਰੂ ਨੇ ਸਾਨੂੰ ਅਪਣੇ ਚਰਨੀਂ ਲਾ ਲਿਆ ਹੈ। ਹਰੀ ਜੋ ਅੰਗ ਸੰਗ ਹੋ ਕੇ ਸਹਾਇਤਾ ਕਰਨ ਵਾਲਾ ਹੈ (ਉਸ ਨੂੰ ਅਸੀਂ ਗੁਰੂ ਦੀ ਕ੍ਰਿਪਾ ਨਾਲ) ਪ੍ਰਾਪਤ ਕਰ ਲਿਆ ਹੈ। ਪ੍ਰਭੂ ਨੇ ਕ੍ਰਿਪਾ ਕਰਕੇ (ਸਾਨੂੰ ਅਪਣੇ ਨਾਲ) ਮਿਲਾ ਲਿਆ ਹੈ। (ਹੁਣ) ਜਿਥੇ ਵੀ ਜਾਈਏ, ਉਥੇ ਹੀ ਸੁਖੀ ਹਾਂ।੧। (ਹੇ ਭਾਈ!) ਸ਼ੁੱਭ ਭਾਵਨਾ ਨਾਲ ਹਰੀ ਦੇ ਗੁਣ ਗਾਵੋ। (ਫਿਰ ਤੁਸੀਂ) ਮਨ ਚਿੰਦੇ ਸਾਰੇ ਫਲ ਪਾ ਲਵੋਂਗੇ, (ਅੱਗੇ ਪ੍ਰਲੋਕ ਵਿਚ ਵੀ ਪ੍ਰਭੂ ਤੁਹਾਡੀ) ਜਿੰਦ ਦੇ ਨਾਲ ਸਹਾਈ ਹੋਵੇਗਾ।੧। ਰਹਾਉ। (ਹੇ ਭਾਈ!) ਨਰਾਇਣ ਸਾਡੇ ਪ੍ਰਾਣਾਂ ਦਾ ਆਸਰਾ ਹੈ। ਅਸੀਂ ਸੰਤਾਂ ਦੇ ਚਰਨਾਂ ਦੀ ਧੂੜ ਹਾਂ। (ਪ੍ਰਭੂ ਨੇ) ਪਾਪੀਆਂ ਨੂੰ ਪਵਿਤ੍ਰ ਕਰ ਲਿਆ ਹੈ। ਹਰੀ ਨੇ ਕ੍ਰਿਪਾ ਕਰਕੇ (ਸਾਨੂੰ) ਜਸ ਕਰਨ ਦੀ ਦਾਤ ਬਖਸ਼ ਦਿਤੀ ਹੈ।੨। (ਹੇ ਭਾਈ! ਸਭ ਜੀਵਾਂ ਦੀ) ਪਾਲਣਾ ਪ੍ਰਭੂ ਕਰਦਾ ਹੈ। ਉਹ ਸਦਾ ਜੀਵਾਂ ਦੇ ਨਾਲ ਹੈ ਅਤੇ ਰੱਖਿਆ ਕਰਨ ਵਾਲਾ ਹੈ।

ਅੰਗ ੬੨੪ = ਹਰਿ ਦਿਨੁ ਰੈਨਿ ਕੀਰਤਨੁ ਗਾਈਐ ॥ ਬਹੁੜਿ ਨ ਜੋਨੀ ਪਾਈਐ ॥੩॥ ਜਿਸੁ ਦੇਵੈ ਪੁਰਖੁ ਬਿਧਾਤਾ ॥ ਹਰਿ ਰਸੁ ਤਿਨਹੀ ਜਾਤਾ ॥ ਜਮ ਕੰਕਰੁ ਨੇੜਿ ਨ ਆਇਆ ॥ ਸੁਖੁ ਨਾਨਕ ਸਰਣੀ ਪਾਇਆ ॥੪॥੯॥੫੯॥ ਦਿਨ ਰਾਤ ਹਰੀ ਦਾ ਕੀਰਤਨ ਕਰਨਾ ਚਾਹੀਦਾ ਹੈ। (ਜਿਸ ਦੀ ਬਰਕਤ ਨਾਲ ਤੂੰ) ਮੁੜ ਕੇ ਜੋਨੀਆਂ ਵਿਚ ਨਹੀਂ ਪਾਇਆ ਜਾਵੇਂਗਾ।੩। ਹਰੀ ਦੇ (ਕੀਰਤਨ ਦਾ) ਰਸ ਉਸੇ ਪੁਰਖ ਨੇ ਹੀ ਜਾਣਿਆ ਹੈ। ਜਿਸ ਨੂੰ ਸਿਰਜਨਹਾਰ ਪ੍ਰਭੂ (ਇਹ ਰਸ) ਦੇਂਦਾ ਹੈ। ਹੇ ਨਾਨਕ! (ਉਸ ਮਨੁੱਖ ਨੇ) ਪ੍ਰਭੂ ਦੀ ਸ਼ਰਣ ਵਿਚ ਰਹਿ ਕੇ ਆਤਮਕ ਸੁਖ ਪਾਇਆ ਹੈ। (ਜਿਸ ਕਰਕੇ ਉਸ ਦੇ) ਨੇੜੇ ਜਮ ਦੂਤ ਨਹੀਂ ਆਇਆ।੪।੯।੫੯।

ਪਦਾਰਥ = ਗੁਰਿ ਪੂਰੈ–ਪੂਰੇ ਗੁਰੂ ਨੇ। ਸੰਗਿ–ਅੰਗ ਸੰਗ; ਸੰਗੀ ਸਾਥੀ। ਸਹਾਈ–ਸਹਾਇਤਾ ਕਰਨ ਵਾਲਾ। ਜਹ–ਜਿੱਥੇ। ਤਹਾ–ਉਥੇ। ਸੁਹੇਲੇ–ਸੁਖੀ। ਪ੍ਰਭਿ–ਪ੍ਰਭੂ ਨੇ। ਮੇਲੇ–ਮਿਲਾ ਲਿਆ ਹੈ।੧। ਸੁਭਾਈ–ਸ੍ਰੇਸਟ ਭਾਵਨਾ ਨਾਲ; ਪਿਆਰ ਨਾਲ। ਮਨ ਚਿੰਦੇ–ਮਨ ਮੰਗੇ। ਸਗਲੇ–ਸਾਰੇ। ਜੀਅ ਕੈ ਸੰਗਿ–ਜਿੰਦ ਦੇ ਨਾਲ।੧। ਰਹਾਉ। ਪ੍ਰਾਣ ਅਧਾਰਾ–ਪ੍ਰਾਣਾਂ ਦਾ ਆਸਰਾ। ਹਮ–ਅਸੀਂ। ਰੇਨਾਰਾ–ਚਰਨ ਧੂੜ। ਪਤਿਤ–(ਧਰਮ ਤੋਂ ਗਿਰੇ ਹੋਏ) ਪਾਪੀਆਂ ਨੂੰ। ਪੁਨੀਤ–ਪਵਿਤ੍ਰ। ਦੀਨੇ–ਦਿਤਾ।੨। ਕਰੇ ਪ੍ਰਤਿਪਾਲਾ–ਪਾਲਣਾ ਕਰਦਾ ਹੈ। ਸਦ–ਸਦਾ। ਜੀਅ ਸੰਗਿ–ਜੀਵਾਂ ਦੇ ਨਾਲ ਹੈ। ਰਖਵਾਲਾ–ਰੱਖਿਆ ਕਰਨ ਵਾਲਾ। ਰੈਨਿ–ਰਾਤ। ਬਹੁੜਿ–ਮੁੜ ਦੁਬਾਰਾ। ਜੋਨੀ–ਜੂਨਾਂ ਵਿਚ।੩। ਜਿਸੁ –ਜਿਸ ਨੂੰ। ਪੁਰਖੁ ਬਿਧਾਤਾ–ਸਿਰਜਨਹਾਰ ਪ੍ਰਭੂ; ਕਰਮਾਂ ਅਨੁਸਾਰ ਫਲ ਦੇਣ ਵਾਲਾ ਅਕਾਲ ਪੁਰਖ। ਰਸੁ–ਅਨੰਦ। ਤਿਨ ਹੀ–ਉਸ ਨੇ ਹੀ। ਜਾਤਾ–ਜਾਣਿਆ ਹੈ। ਜਮ ਕੰਕਰੁ–ਜਮ ਦਾ ਸੇਵਕ (ਦੂਤ)। ਸਰਣੀ–ਸ਼ਰਣ ਵਿਚ ਰਹਿ ਕੇ।੪।੯।੫੯।

ਸੋਰਠਿ ਮਹਲਾ ੫ ॥ ਗੁਰਿ ਪੂਰੈ ਕੀਤੀ ਪੂਰੀ ॥ ਪ੍ਰਭੁ ਰਵਿ ਰਹਿਆ ਭਰਪੂਰੀ ॥ ਖੇਮ ਕੁਸਲ ਭਇਆ ਇਸਨਾਨਾ ॥ ਪਾਰਬ੍ਰਹਮ ਵਿਟਹੁ ਕੁਰਬਾਨਾ ॥੧॥ ਗੁਰ ਕੇ ਚਰਨ ਕਵਲ ਰਿਦ ਧਾਰੇ ॥ ਬਿਘਨੁ ਨ ਲਾਗੈ ਤਿਲ ਕਾ ਕੋਈ, ਕਾਰਜ ਸਗਲ ਸਵਾਰੇ ॥੧॥ਰਹਾਉ॥ ਮਿਲਿ ਸਾਧੂ ਦੁਰਮਤਿ ਖੋਏ ॥ ਪਤਿਤ ਪੁਨੀਤ ਸਭ ਹੋਏ ॥ ਰਾਮਦਾਸਿ ਸਰੋਵਰ ਨਾਤੇ ॥ ਸਭ ਲਾਥੇ ਪਾਪ ਕਮਾਤੇ ॥੨॥ ਗੁਨ ਗੋਬਿੰਦ ਨਿਤ ਗਾਈਐ ॥ ਸਾਧ ਸੰਗਿ ਮਿਲਿ ਧਿਆਈਐ ॥ ਮਨ ਬਾਂਛਤ ਫਲ ਪਾਏ ॥ ਗੁਰੁ ਪੂਰਾ ਰਿਦੈ ਧਿਆਏ ॥੩॥ ਗੁਰ ਗੋਪਾਲ ਆਨੰਦਾ ॥ ਜਪਿ ਜਪਿ ਜੀਵੈ ਪਰਮਾਨੰਦਾ ॥ ਜਨ ਨਾਨਕ ਨਾਮੁ ਧਿਆਇਆ ॥ ਪ੍ਰਭ ਅਪਨਾ ਬਿਰਦੁ ਰਖਾਇਆ ॥੪॥੧੦॥੬੦॥ (ਤੀਜੀ ਤੁਕ ਦਾ ਅਰਥ ਪਹਿਲਾਂ ਲਗੇਗਾ। ਹੇ ਭਾਈ! ਅੰਮ੍ਰਿਤਸਰ ਦੇ ਸਰੋਵਰ ਵਿਚ) ਮਾਨਸਕ ਸੁਖ ਤੇ ਅਨੰਦ ਸਹਿਤ ਇਸ਼ਨਾਨ ਹੋਇਆ ਹੈ। ਪੂਰੇ ਗੁਰੂ ਨੇ ਪੂਰੀ ਸਫਲਤਾ ਬਖਸ਼ੀ ਹੈ; ਮੇਰੀ ਇੱਛਾ ਪੂਰੀ ਕੀਤੀ ਹੈ (ਜੋ ਇਹ ਸਰੋਵਰ ਸੰਪੂਰਨ ਹੋਇਆ ਹੈ)। ਪ੍ਰਭੂ ਸਭ ਜਗ੍ਹਾ ਭਰਪੂਰ ਹੈ, ਵਿਆਪਕ ਹੋ ਰਿਹਾ ਹੈ। ਮੈਂ ਪਾਰਬ੍ਰਹਮ ਤੋਂ ਕੁਰਬਾਨ ਜਾਂਦਾ ਹਾਂ।੧। (ਹੇ ਭਾਈ! ਮੈਂ) ਗੁਰੂ ਦੇ ਚਰਨ ਕਮਲ ਅਪਣੇ ਹਿਰਦੇ ਵਿਚ ਟਿਕਾ ਲਏ ਹਨ। (ਜਿਸ ਕਰਕੇ ਮੈਨੂੰ) ਤਿਲ ਜਿੰਨਾ ਵੀ ਕੋਈ ਬਿਘਨ ਨਹੀਂ ਲਗਦਾ ਅਤੇ (ਸਤਿਗੁਰੂ ਨੇ ਮੇਰੇ) ਸਾਰੇ ਕੰਮ ਸੁਆਰ ਦਿਤੇ ਹਨ।੧। ਰਹਾਉ। (ਹੇ ਭਾਈ! ਜਿਸ ਮਨੁੱਖ ਨੇ) ਸਾਧੂ ਗੁਰੂ ਨੂੰ ਮਿਲ ਕੇ ਖੋਟੀ ਬੁੱਧੀ ਗੁਆ ਦਿਤੀ ਹੈ। (ਉਹ) ਧਰਮ ਤੋਂ ਗਿਰੇ ਹੋਏ ਸਾਰੇ ਲੋਕ ਪਵਿਤ੍ਰ ਹੋ ਗਏ ਹਨ। (ਜਿਨ੍ਹਾਂ ਮਨੁੱਖਾਂ ਨੇ) ਗੁਰੂ ਰਾਮਦਾਸ ਜੀ ਦੇ (ਰਾਮ ਦੇ ਦਾਸਾਂ ਦੇ ਸਤ ਸੰਗਤ ਰੂਪ) ਸਰੋਵਰ ਵਿਚ ਇਸ਼ਨਾਨ ਕੀਤਾ ਹੈ। (ਉਨ੍ਹਾਂ ਦੇ ਪਿਛਲੇ) ਕਮਾਏ ਹੋਏ ਸਾਰੇ ਪਾਪ ਲਹਿ ਗਏ ਹਨ।੨। (ਹੇ ਭਾਈ!) ਪ੍ਰਭੂ ਦੇ ਗੁਣ ਨਿਤ ਗਾਉਣੇ ਚਾਹੀਦੇ ਹਨ। ਸਾਧ ਸੰਗਤ ਵਿਚ ਮਿਲ ਕੇ (ਪ੍ਰਭੂ ਨੂੰ) ਜਪਣਾ ਚਾਹੀਦਾ ਹੈ। (ਜਿਹੜਾ ਮਨੁੱਖ ਅਪਣੇ) ਹਿਰਦੇ ਵਿਚ ਪੂਰੇ ਗੁਰੂ ਨੂੰ ਧਿਆਉਂਦਾ ਹੈ, ਉਹ (ਗੁਰ ਦੇ ਦਰ ਤੋਂ) ਮਨ ਇੱਛਤ ਫਲ ਪਾ ਲੈਂਦਾ ਹੈ।੩। (ਹੇ ਭਾਈ!) ਗੁਰੂ ਅਨੰਦ ਸਰੂਪ ਪ੍ਰਭੂ ਦਾ ਰੂਪ ਹੈ। (ਗੁਰੂ ਦਾ ਸਿੱਖ) ਪਰਮ ਅਨੰਦ ਸਰੂਪ ਪ੍ਰਭੂ ਨੂੰ ਜਪ ਜਪ ਕੇ ਜਿਉਂਦਾ ਹੈ। ਦਾਸ ਨਾਨਕ ਆਖਦਾ ਹੈ ਕਿ (ਜਿਸ ਗੁਰਸਿਖ ਨੇ) ਪ੍ਰਭੂ ਦਾ ਨਾਮ ਜਪਿਆ ਹੈ, ਪ੍ਰਭੂ ਨੇ ਅਪਣਾ ਬਿਰਦ ਜਾਣ ਕੇ (ਉਸ ਦੀ) ਰੱਖਿਆ ਕੀਤੀ ਹੈ।੪।੧੦।੬੦।

ਪਦਾਰਥ = ਗੁਰਿ ਪੂਰੈ-ਪੂਰੈ ਗੁਰੂ ਨੇ। ਕੀਤੀ ਪੂਰੀ-ਪੂਰੀ ਸਫਲਤਾ ਬਖਸ਼ੀ ਹੈ (ਸ਼ਬਦਾਰਥ); ਇੱਛਾ ਜਾਂ ਮੰਗ ਪੂਰੀ ਕੀਤੀ ਹੈ। ਰਵਿ ਰਹਿਆ-ਵਿਆਪਕ ਹੋ ਰਿਹਾ ਹੈ। ਭਰਪੂਰੀ-ਭਰਪੂਰ ਹੋ ਕੇ। ਖੇਮ ਕੁਸਲ-ਸੁਖ ਅਨੰਦ ਸਹਿਤ। ਭਇਆ-ਹੋਇਆ। ਵਿਟਹੁ-ਤੋਂ।੧। ਕਵਲ-ਕਮਲ ਫੁੱਲ ਵਰਗੇ ਕੋਮਲ ਤੇ ਪਵਿਤ੍ਰ। ਰਿਦ ਧਾਰੇ-ਹਿਰਦੇ ਵਿਚ ਟਿਕਾ ਲਏ। ਤਿਲਕਾ-ਤਿਲ ਜਿੰਨਾ (ਥੋੜਾ ਜਿਹਾ) ਵੀ। ਸਗਲ -ਸਾਰੇ। ਸਵਾਰੇ-ਸੁਆਰ (ਪੂਰੇ ਕਰ) ਦਿਤੇ।੧। ਰਹਾਉ। ਮਿਲਿ-ਮਿਲ ਕੇ। ਦੁਰਮਤਿ-ਖੋਟੀ ਬੁੱਧੀ। ਖੋਏ-ਗੁਆ ਦਿਤੀ। ਪਤਿਤ-ਧਰਮ ਤੋਂ ਗਿਰੇ ਹੋਏ ਪਾਪੀ। ਪੁਨੀਤ-ਪਵਿਤ੍ਰ। ਨਾਤੇ-ਇਸ਼ਨਾਨ ਕੀਤਾ। ਲਾਥੇ-ਲਹਿ ਗਏ। ਕਮਾਤੇ-ਕਮਾਏ (ਕੀਤੇ) ਹੋਏ।੨। ਨਿਤ-ਸਦਾ; ਰੋਜ। ਮਨ ਬਾਂਛਤ-ਮਨ ਇੱਛਤ। ਰਿਦੈ-ਹਿਰਦੇ ਵਿਚ।੩। ਗੋਪਾਲ-ਪ੍ਰਿਥਵੀ ਦੇ ਜੀਵਾਂ ਦੀ ਪਾਲਣਾ ਕਰਨ ਵਾਲਾ। ਪਰਮਾਨੰਦਾ-ਸਭ ਤੋਂ ਉਚੇ ਅਨੰਦ ਦਾ ਮਾਲਕ ਪ੍ਰਭੂ। ਜਨ-ਦਾਸ। ਬਿਰਦੁ-ਧਰਮ; ਸੁਭਾਉ। ਰਖਾਇਆ-ਰੱਖਿਆ ਕੀਤੀ।੪।੧੦।੬੦।

ਉਥਾਨਕਾ = ਗੁਰੂ ਅਰਜਨ ਦੇਵ ਜੀ ਦਾ ਇਹ ਵੈਰਾਗ ਮਈ ਸ਼ਬਦ ਉਸ ਵੇਲੇ ਦੀ ਅਵਸਥਾ ਨੂੰ ਬਿਆਨ ਕਰਦਾ ਹੈ, ਜਦ ਉਹ ਸਹਾਰੀ ਮਲ (ਗੁਰੂ ਰਾਮਦਾਸ ਜੀ ਦੇ ਤਾਏ ਦਾ ਪੁਤ੍ਰ) ਦੇ ਲੜਕੇ ਦੇ ਵਿਆਹ ਸਮੇਂ ਲਹੌਰ ਗਏ ਹੋਏ ਸਨ। ਪਿਤਾ ਗੁਰੂ ਰਾਮਦਾਸ ਜੀ ਵੱਲੋਂ ਕੋਈ ਚਿੱਠੀ ਪੱਤਰ ਜਾਂ ਸੁਨੇਹਾ ਨਾ ਆਉਣ ਤੇ ਅਪਣੇ ਵਿਛੋੜੇ ਦੀ ਹਾਲਤ ਨੂੰ ਇਸ ਸ਼ਬਦ ਰਾਹੀਂ ਉਚਾਰਨ ਕਰਦੇ ਹਨ।

ਰਾਗੁ ਸੋਰਠਿ ਮਹਲਾ ੫ ॥ ਦਹਦਿਸ ਛਤ੍ਰ ਮੇਘ ਘਟਾ ਘਟ, ਦਾਮਨਿ ਚਮਕ ਡਰਾਇਓ ॥ ਸੇਜ ਇਕੇਲੀ ਨੀਦ ਨਹੁ ਨੈਨਹ, ਪਿਰੁ ਪਰਦੇਸਿ ਸਿਧਾਇਓ ॥੧॥ ਹੁਣਿ ਨਹੀ ਸੰਦੇਸਰੋ ਮਾਇਓ ॥ ਏਕ ਕੋਸਰੋ ਸਿਧਿ ਕਰਤ ਲਾਲੁ ,ਤਬ ਚਤੁਰ ਪਾਤਰੋ ਆਇਓ ॥ਰਹਾਉ॥ ਕਿਉ ਬਿਸਰੈ ਇਹੁ ਲਾਲੁ ਪਿਆਰੋ, ਸਰਬ ਗੁਣਾ ਸੁਖ ਦਾਇਓ ॥ ਮੰਦਰਿ ਚਰਿ ਕੈ ਪੰਥੁ ਨਿਹਾਰਉ ,ਨੈਨ ਨੀਰਿ ਭਰਿ ਆਇਓ ॥੨॥ ਹਉ ਹਉ ਭੀਤਿ ਭਇਓ ਹੈ ਬੀਚੋ, ਸੁਨਤ ਦੇਸਿ ਨਿਕਟਾਇਓ ॥ ਭਾਂਭੀਰੀ ਕੇ ਪਾਤ ਪਰਦੋ, ਬਿਨੁ ਪੇਖੇ ਦੂਰਾਇਓ ॥੩॥ ਭਇਓ ਕਿਰਪਾਲੁ ਸਰਬ ਕੋ ਠਾਕੁਰੁ ,ਸਗਰੋ ਦੂਖੁ ਮਿਟਾਇਓ ॥ ਕਹੁ ਨਾਨਕ ਹਉਮੈ ਭੀਤਿ ਗੁਰਿ ਖੋਈ, ਤਉ ਦਇਆਰੁ ਬੀਠਲੋ ਪਾਇਓ ॥੪॥ ਸਭੁ ਰਹਿਓ ਅੰਦੇਸਰੋ ਮਾਇਓ ॥ ਜੋ ਚਾਹਤ ਸੋ ਗੁਰੂ ਮਿਲਾਇਓ ॥ ਸਰਬ ਗੁਨਾ ਨਿਧਿ ਰਾਇਓ ॥ਰਹਾਉ ਦੂਜਾ ॥੧੧॥੬੧॥

(ਹੇ ਮਾਂ!) ਦਸੀਂ ਪਾਸੀਂ (ਸਾਰੇ ਪਾਸੇ) ਬੱਦਲ ਦੀਆਂ ਘਟਾਂ ਹੀ ਘਟਾਂ ਛਤਰ ਦੀ ਨਿਆਈਂ ਛਾਈਆਂ ਹੋਈਆਂ ਹਨ, ਬਿਜਲੀ ਚਮਕ ਕੇ ਡਰਾਉਂਦੀ ਹੈ। ਮੇਰੀ (ਹਿਰਦੇ ਰੂਪ) ਸੇਜ ਇਕੱਲੀ ਹੈ, ਅੱਖਾਂ ਵਿਚ ਨੀਂਦ ਨਹੀਂ ਆ ਰਹੀ, (ਕਿਉਂਕਿ ਮੇਰਾ) ਪਤੀ ਪ੍ਰਦੇਸ ਗਿਆ ਹੋਇਆ ਹੈ।੧। (ਪਿਆਰੇ ਤੋਂ ਵਿਛੜੀ ਜੀਵ ਇਸਤ੍ਰੀ ਆਖਦੀ ਹੈ ਕਿ) ਹੇ ਮਾਈ! ਹੁਣ ਤਕ ਪਿਆਰੇ ਦਾ ਕੋਈ ਸੁਨੇਹਾ ਨਹੀਂ ਆਇਆ। ਅੱਗੇ ਤਾਂ ਪਿਆਰਾ ਜੇ ਇਕ ਕੋਹ ਵੀ ਬਾਹਰ ਜਾਇਆ ਕਰਦਾ ਸੀ, ਤਦ ਉਸ ਦੀਆਂ ਚਾਰ ਚਿੱਠੀਆਂ ਆ ਜਾਂਦੀਆਂ ਸਨ। ਰਹਾਉ। (ਹੇ ਮਾਂ!) ਇਹ ਪਤੀ ਪਿਆਰਾ ਮੈਨੂੰ ਕਿਵੇਂ ਭੁੱਲ ਸਕਦਾ ਹੈ? ਜੋ ਸਾਰੇ ਗੁਣ ਤੇ ਸੁਖ ਦੇਣ ਵਾਲਾ ਹੈ। (ਜਦੋਂ ਮੈਂ) ਕੋਠੇ ਤੇ ਚੜ੍ਹ ਕੇ (ਮੋਹ ਮਾਇਆ ਤੋਂ ਉਚੀ ਉਠ ਕੇ ਪਤੀ ਦਾ) ਰਾਹ ਦੇਖਦੀ ਹਾਂ ਤਾਂ (ਵੈਰਾਗ ਵਿਚ ਮੇਰੀਆਂ) ਅੱਖਾਂ ਪਾਣੀ ਨਾਲ ਭਰ ਆਉਂਦੀਆਂ ਹਨ।੨। (ਮੇਰਾ ਖਿਆਲ ਹੈ ਕਿ ਮੇਰੇ ਤੇ ਉਸ ਦੇ) ਵਿਚਕਾਰ ਹੰਕਾਰ ਦੀ ਕੰਧ ਪਈ ਹੋਈ ਹੈ, ਮੈਂ ਸੁਣਦੀ ਹਾਂ ਕਿ (ਪਤੀ) ਨੇੜੇ ਹੈ, (ਰਿਦੇ ਰੂਪ) ਦੇਸ਼ ਵਿਚ ਹੀ ਹੈ। (ਮੇਰੇ ਤੇ ਉਸ ਦੇ ਵਿਚਾਲੇ) ਤਿਤਲੀ ਦੇ ਖੰਭਾਂ ਵਰਗਾ ਬਰੀਕ ਪੜਦਾ ਹੈ, (ਪਰ) ਬਿਨਾ ਦੇਖੇ (ਉਹ ਸਾਨੂੰ) ਦੂਰ ਪ੍ਰਤੀਤ ਹੁੰਦਾ ਹੈ।੩। (ਹੇ ਮਾਂ! ਜਦੋਂ) ਸਭ ਦਾ ਮਾਲਕ ਹਰੀ ਮੇਰੇ ਤੇ ਮੇਹਰਵਾਨ ਹੋਇਆ, (ਤਾਂ ਉਸ ਨੇ ਵਿਛੋੜੇ ਦਾ) ਸਾਰਾ ਦੁਖ ਮਿਟਾ ਦਿਤਾ। ਨਾਨਕ ਗੁਰੂ ਜੀ ਕਥਨ ਕਰਦੇ ਹਨ ਕਿ ਗੁਰੂ ਨੇ (ਜਦ) ਹਉਮੈ ਦੀ ਕੰਧ ਢਾਹ ਦਿਤੀ, ਤਾਂ ਮੈਂ ਦਿਆਲੂ ਵਿਆਪਕ ਪ੍ਰਭੂ ਨੂੰ ਪਾ ਲਿਆ (ਦਰਸ਼ਨ ਹੋ ਗਏ)।੪। ਹੇ ਮਾਂ! ਹੁਣ ਮੇਰਾ ਸਾਰਾ ਫਿਕਰ ਮੁੱਕ ਗਿਆ ਹੈ, ਜੋ ਮੈਂ ਚਾਹੁੰਦੀ ਸਾਂ, ਗੁਰੂ ਨੇ ਉਹ (ਪ੍ਰਭੂ ਮੈਨੂੰ) ਮਿਲਾ ਦਿਤਾ ਹੈ। (ਉਹ) ਪਾਤਸ਼ਾਹ ਸਾਰੇ ਗੁਣਾਂ ਦਾ ਖਜਾਨਾ ਹੈ। ਰਹਾਉ ਦੂਜਾ।੧੧।੬੧।

ਪਦਾਰਥ = ਦਹਦਿਸ-ਦਸੇ (ਸਾਰੇ) ਪਾਸੇ। ਛਤ੍ਰ-ਛਤਰੀ ਵਾਂਗ। ਮੇਘ-ਬੱਦਲ। ਘਟਾ ਘਟ-(ਬੱਦਲਾਂ ਦੀਆਂ) ਘਟਾ ਹੀ ਘਟਾ। ਦਾਮਨਿ -ਬਿਜਲੀ। ਚਮਕ-ਚਮਕ ਕੇ। ਸੇਜ-ਪਲੰਘ (ਸੌਣ ਦਾ ਬਿਸਤਰਾ)। ਨਹੁ-ਨਹੀਂ। ਨੈਨਹ-ਅੱਖਾਂ ਵਿਚ। ਪਿਰ-ਪਤੀ। ਪਰਦੇਸਿ-ਪਰਾਏ ਦੇਸ਼ ਵਿਚ। ਸਿਧਾਇਓ-ਗਿਆ ਹੋਇਆ ਹੈ।੧। ਸੰਦੇਸਰੋ-ਸੁਨੇਹਾ। ਮਾਇਓ-ਹੇ ਮਾਂ!। ਕੋਸਰੋ-ਕੋਹ (ਪੁਰਾਣੇ ਮੀਲ)। ਸਿਧਿ ਕਰਤ-ਜਾਇਆ ਕਰਦਾ ਸੀ। ਲਾਲੁ-ਪਤੀ। ਤਬ-ਤਦ। ਚਤੁਰ-ਚਾਰ। ਪਤਰ-ਪਤ੍ਰਕਾ (ਚਿੱਠੀਆਂ)। ਰਹਾਉ। ਬਿਸਰੈ-ਭੁੱਲ ਸਕਦਾ ਹੈ। ਸਰਬ -ਸਾਰੇ। ਦਾਇਓ-ਦੇਣ ਵਾਲਾ ਹੈ। ਮੰਦਰਿ-ਕੋਠੇ ਉਤੇ। ਚਰਿ ਕੈ-ਚੜ੍ਹ ਕੇ। ਪੰਥੁ-ਰਾਹ। ਨਿਹਾਰਉ-ਮੈਂ ਦੇਖਦੀ ਹਾਂ। ਨੈਨ-ਅੱਖਾਂ। ਨੀਰਿ-ਪਾਣੀ ਨਾਲ।੨। ਹਉ ਹਉ-ਹਉਮੈ ਤੇ ਮੈਂ ਮੇਰੀ। ਭੀਤਿ-ਕੰਧ। ਭਇਓ-ਪਈ ਹੋਈ ਹੈ। ਬੀਚੋ-ਵਿਚਕਾਰ। ਸੁਨਤ-ਸੁਣਦੀ ਹਾਂ। ਦੇਸਿ-(ਹਿਰਦੇ ਰੂਪ) ਦੇਸ਼ ਵਿਚ। ਨਿਕਟਾਇਓ-ਨੇੜੇ ਹੀ। ਭਾਂਭੀਰੀ ਕੇ-ਤਿਤਲੀ ਦੇ। ਪਾਤ-ਖੰਭਾਂ (ਵਰਗਾ)। ਪਰਦੋ-(ਅਵਿਦਿਆ ਦਾ) ਪੜਦਾ। ਬਿਨੁ ਪੇਰੇ-ਦੇਖੇ ਬਿਨਾ। ਦੂਰਾਇਓ-ਦੂਰ।੩। ਭਇਓ-ਹੋਇਆ। ਕੋ-ਦਾ। ਠਾਕੁਰੁ-ਮਾਲਕ। ਸਗਰੋ-ਸਾਰਾ। ਗੁਰਿ-ਗੁਰੂ

ਨੇ।ਖੋਈ–ਢਾਹ ਦਿਤੀ।ਤਉ–ਤਾਂ; ਤਦ।ਦਇਆਰੁ–ਦਇਆ ਕਰਨ ਵਾਲਾ।ਬੀਠਲੋ–ਸਰਬ ਵਿਆਪਕ ਪ੍ਰਭੂ।੪।ਰਹਿਓ–ਮੁੱਕ ਗਿਆ।ਅੰਦੇਸਰੋ–ਫਿਕਰ।ਸੋ–ਉਹ।ਗੁਨਾ ਨਿਧਿ–ਗੁਣਾਂ ਦਾ ਖਜਾਨਾ।ਰਾਇਓ–ਪ੍ਰਭੂ ਪਾਤਸ਼ਾਹ।ਰਹਾਉ ਦੂਜਾ।੧੧।੬੧।

ਭਾਵ ਅਰਥ = (ਜਗਿਆਸੂ ਦੀ ਸਮਾਧੀ ਟੁੱਟ ਜਾਣ ਦੇ ਸਮੇਂ ਦਾ ਜਿਕਰ ਹੈ) ਮੋਹ ਦੇ ਬਦਲ ਸਾਰੇ ਪਾਸੇ ਛਾਏ ਹੋਏ ਹਨ, ਮਾਇਆ ਦੀ ਚਮਕ ਦਮਕ ਡਰਾ ਰਹੀ ਹੈ।ਹਿਰਦੇ ਵਿਚ ਪਤੀ ਪ੍ਰਭੂ ਪ੍ਰਗਟ ਨਹੀਂ ਹੋਇਆ, ਜਿਸ ਕਰਕੇ ਅੱਖਾਂ ਵਿਚ ਨੀਂਦ (ਸ਼ਾਂਤੀ) ਨਹੀਂ ਆਈ, ਪਤੀ ਪ੍ਰਦੇਸ ਗਿਆ ਹੋਇਆ ਹੈ (ਮੈਥੋਂ ਦੂਰ ਹੈ)।੧।ਹੇ ਮਾਂ! ਹੁਣ ਸੁਨੇਹਾ (ਉਪਦੇਸ਼) ਨਹੀਂ ਸੁਣਿਆ।ਜਦ ਥੋੜਾ ਜਿਹਾ ਮੋਹ ਮਾਇਆ ਤੋਂ ਉਚਾ ਚੜ੍ਹ ਕੇ ਰੱਬ ਦਾ ਰਸਤਾ ਦੇਖਦਾ ਹਾਂ, ਤਾਂ ਬੈਰਾਗ ਕਰਕੇ ਅੱਖਾਂ ਵਿਚ ਪਾਣੀ ਭਰ ਆਉਂਦਾ ਹੈ।੨।

ਸੋਰਠਿ ਮਹਲਾ ੫ ॥ ਗਈ ਬਹੋੜੁ ਬੰਦੀ ਛੋੜੁ ਨਿਰੰਕਾਰੁ ਦੁਖਦਾਰੀ ॥ ਕਰਮੁ ਨ ਜਾਣਾ ਧਰਮੁ ਨ ਜਾਣਾ, ਲੋਭੀ ਮਾਇਆ ਧਾਰੀ ॥ ਨਾਮੁ ਪਰਿਓ ਭਗਤੁ ਗੋਵਿੰਦ ਕਾ, ਇਹ ਰਾਖਹੁ ਪੈਜ ਤੁਮਾਰੀ ॥੧॥ ਹਰਿ ਜੀਉ ਨਿਮਾਣਿਆ ਤੂ ਮਾਣੁ ॥ ਨਿਚੀਜਿਆ ਚੀਜ ਕਰੇ ਮੇਰਾ ਗੋਵਿੰਦੁ ,ਤੇਰੀ ਕੁਦਰਤਿ ਕਉ ਕੁਰਬਾਣੁ ॥ਰਹਾਉ॥ ਜੈਸਾ ਬਾਲਕੁ ਭਾਇ ਸੁਭਾਈ, ਲਖ ਅਪਰਾਧ ਕਮਾਵੈ ॥ ਕਰਿ ਉਪਦੇਸੁ ਝਿੜਕੇ ਬਹੁ ਭਾਤੀ, ਬਹੁੜਿ ਪਿਤਾ ਗਲਿ ਲਾਵੈ ॥ ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ,ਆਗੈ ਮਾਰਗਿ ਪਾਵੈ ॥੨॥ ਨਿਰੰਕਾਰ ਦੁੱਖਾਂ ਨੂੰ ਦਲਣ ਵਾਲਾ ਹੈ, ਬਿਗੜ ਗਈ ਅਵਸਥਾ ਨੂੰ ਮੁੜ ਕੇ ਸਵਾਰਨ ਵਾਲਾ ਹੈ ਅਤੇ ਕੈਦ ਤੋਂ ਛੁਡਾਉਣ ਵਾਲਾ ਹੈ।ਮੈਂ ਕੋਈ ਨੇਕ ਕਰਮ ਕਰਨ ਨਹੀਂ ਜਾਣਦਾ ਤੇ ਨਾ ਹੀ ਧਰਮ ਪਾਲਣ ਜਾਣਦਾ ਹਾਂ, ਮੈਂ ਮਾਇਆ ਧਾਰੀ ਲੋਭੀ ਹਾਂ।(ਸੰਸਾਰ ਵਿਚ ਮੇਰਾ) ਨਾਮ ਗੋਬਿੰਦ ਦਾ ਭਗਤ ਪਿਆ ਹੋਇਆ ਹੈ, (ਹੇ ਪ੍ਰਭੂ! ਤੂੰ ਅਪਣੇ ਨਾਮ ਦੀ) ਲਾਜ ਰੱਖ ਲੈ, (ਇਹ) ਤੇਰੀ ਹੀ ਇੱਜਤ ਹੈ {ਨਾਮ ਧਾਰੀਕ ਉਧਾਰੇ ਭਗਤਹ ਸੰਸਾ ਕਉਨ ੪੫੮}।੧।ਹੇ ਹਰਿ ਜੀਉ! ਤੂੰ ਨਿਮਾਣਿਆ ਦਾ ਮਾਣ ਹੈਂ (ਜਿਨ੍ਹਾਂ ਦਾ ਕੋਈ ਆਦਰ ਮਾਣ ਨਹੀਂ ਕਰਦਾ, ਉਨ੍ਹਾਂ ਤੂੰ ਆਦਰ ਦੇਂਦਾ ਹੈਂ)।ਮੇਰਾ ਗੋਬਿੰਦ ਨਾਚੀਜ ਬੰਦਿਆਂ ਨੂੰ (ਮਾਣ ਦੇ ਕੇ) ਆਦਰ ਯੋਗ ਕਰ ਦੇਂਦਾ ਹੈ, ਮੈਂ ਤੇਰੀ ਤਾਕਤ ਤੋਂ ਕੁਰਬਾਨ ਜਾਂਦਾ ਹਾਂ।ਰਹਾਉ।ਜਿਸ ਤਰ੍ਹਾਂ ਬੱਚਾ ਸੁਭਾਵਕ ਹੀ ਪ੍ਰੇਮ ਵਿਚ ਲੱਖਾਂ ਗਲਤੀਆਂ ਕਰਦਾ ਹੈ।ਪਿਤਾ (ਉਸ ਨੂੰ) ਉਪਦੇਸ਼ ਦੇ ਕਰਕੇ ਬਹੁਤ ਤਰ੍ਹਾਂ ਨਾਲ ਝਿੜਕਦਾ ਹੈ, ਫਿਰ ਮੁੜ ਕੇ (ਉਸ ਨੂੰ ਅਪਣੇ) ਗਲ ਨਾਲ ਲਾ ਲੈਂਦਾ ਹੈ।(ਇਸੇ ਤਰ੍ਹਾਂ ਮਨੁੱਖ ਦੇ) ਪਿਛਲੇ ਅਉਗੁਣ ਪ੍ਰਭੂ ਬਖਸ਼ ਲੈਂਦਾ ਹੈ ਤੇ ਅੱਗੇ ਲਈ ਸਹੀ ਰਸਤੇ ਤੇ ਪਾ ਦੇਂਦਾ ਹੈ।੨।

ਅੰਗ ੬੨੫ = ਹਰਿ ਅੰਤਰਜਾਮੀ ਸਭ ਬਿਧਿ ਜਾਣੈ, ਤਾ ਕਿਸੁ ਪਹਿ ਆਖਿ ਸੁਣਾਈਐ ॥ ਕਹਣੈ ਕਥਨਿ ਨ ਭੀਜੈ ਗੋਬਿੰਦੁ ,ਹਰਿ ਭਾਵੈ ਪੈਜ ਰਖਾਈਐ ॥ ਅਵਰ ਓਟ ਮੈ ਸਗਲੀ ਦੇਖੀ, ਇਕ ਤੇਰੀ ਓਟ ਰਹਾਈਐ ॥੩॥ ਹੋਇ ਦਇਆਲੁ ਕਿਰਪਾਲੁ ਪ੍ਰਭੁ ਠਾਕੁਰੁ ,ਆਪੇ ਸੁਣੈ ਬੇਨੰਤੀ ॥ ਪੂਰਾ ਸਤਗੁਰੁ ਮੇਲਿ ਮਿਲਾਵੈ, ਸਭ ਚੂਕੈ ਮਨ ਕੀ ਚਿੰਤੀ ॥ ਹਰਿ ਹਰਿ ਨਾਮੁ ਅਵਖਦੁ ਮੁਖਿ ਪਾਇਆ, ਜਨ ਨਾਨਕ ਸੁਖਿ ਵਸੰਤੀ ॥੪॥੧੨॥੬੨॥ ਅੰਤਰਜਾਮੀ ਪ੍ਰਭੂ (ਜਦ ਮਨ ਦੀਆਂ) ਸਾਰੀਆਂ ਹਾਲਤਾਂ ਜਾਣਦਾ ਹੈ, ਤਾਂ (ਉਸ ਤੋਂ ਬਿਨਾ ਅਪਣਾ ਦੁੱਖ ਹੋਰ) ਕਿਸ ਪਾਸ ਆਖ ਕੇ ਸੁਣਾਈਏ? ਗੋਬਿੰਦ ਗੱਲਾਂ ਬਾਤਾਂ ਕਹਿਣ ਨਾਲ ਨਹੀਂ ਭਿਜਦਾ, ਜੇ ਹਰੀ ਦੀ ਮਰਜੀ ਹੋਵੇ ਤਾਂ ਸਾਡੀ ਇੱਜਤ ਰੱਖ ਲੈਂਦਾ ਹੈ।(ਦੁਨੀਆਂ ਦੀ) ਹੋਰ ਸਾਰੀ ਓਟ ਮੈਂ ਦੇਖ ਲਈ ਹੈ, ਮੈਂ ਇਕ ਤੇਰੀ ਓਟ ਰੱਖੀ ਹੋਈ ਹੈ।੩।ਦਇਆ ਦਾ ਘਰ ਮਾਲਕ ਪ੍ਰਭੂ ਕ੍ਰਿਪਾਲ ਹੋ ਕੇ ਆਪੇ (ਅਪਣੇ ਸੇਵਕਾਂ ਦੀ) ਬੇਨਤੀ ਸੁਣਦਾ ਹੈ।(ਪ੍ਰਭੂ ਸੇਵਕ ਨੂੰ) ਪੂਰਾ ਸਤਗੁਰੂ ਮਿਲਾ ਕੇ (ਫਿਰ ਅਪਣੇ ਨਾਲ) ਮਿਲਾ ਲੈਂਦਾ ਹੈ, (ਇਸ ਤਰ੍ਹਾਂ) ਮਨ ਦੀ ਸਾਰੀ ਚਿੰਤਾ ਮੁੱਕ ਜਾਂਦੀ ਹੈ।ਦਾਸ ਨਾਨਕ ਆਖਦਾ ਹੈ (ਕਿ ਜਦ ਸਤਗੁਰੂ ਨੇ ਮੇਰੇ) ਮੂੰਹ ਵਿਚ ਹਰਿ ਹਰਿ ਨਾਮ ਰੂਪ ਦਾਰੂ ਪਾਈ, (ਤਦ ਤੋਂ) ਮੈਂ ਸੁਖ ਨਾਲ ਵਸਣ ਲਗ ਪਿਆ ਹਾਂ।੪।੧੨।੬੨।

ਪਦਾਰਥ = ਗਈ ਬਹੋੜੁ–ਬਿਗੜ ਗਈ ਅਵਸਥਾ ਨੂੰ ਸਵਾਰਨ ਵਾਲਾ; ਸੰਸਾਰ ਵੱਲ ਲਗ ਗਈ ਬਿਰਤੀ ਨੂੰ ਮੋੜਨ (ਸਵਾਰਨ) ਵਾਲਾ ।ਬੰਦੀ ਛੋੜ–(ਮਾਇਆ ਦੀ) ਕੈਦ ਵਿਚੋਂ ਛੁਡਾਉਣ ਵਾਲਾ।ਨਿਰੰਕਾਰੁ–ਅਕਾਰ ਰਹਿਤ ਪ੍ਰਭੂ।ਦੁਖਦਾਰੀ–ਦੁਖਾਂ ਨੂੰ ਦਲਨ (ਨਾਸ਼ ਕਰਨ) ਵਾਲਾ।ਪਰਿਓ–ਪਿਆ ਹੋਇਆ ਹੈ।ਪੈਜ–ਇੱਜਤ; ਲਾਜ।੧।ਨਿਮਾਣਿਆ–ਜਿਨ੍ਹਾਂ ਦਾ ਕੋਈ ਆਦਰ ਮਾਣ ਨਹੀਂ ਕਰਦਾ। ਮਾਣੁ–ਆਦਰ।ਨਿਚੀਜਿਆ–ਤੁੱਛ ਜਿਹੇ (ਨਿਕੰਮੇ) ਬੰਦਿਆਂ ਨੂੰ।ਚੀਜ–ਆਦਰ ਯੋਗ।ਕਰੇ–ਕਰ ਦੇਂਦਾ ਹੈ।ਕੁਦਰਤਿ ਕਉ–ਤਾਕਤ ਤੋਂ।ਰਹਾਉ।ਜੈਸਾ–ਜਿਸ ਤਰ੍ਹਾਂ।ਭਾਇ–ਪ੍ਰੇਮ ਵਿਚ।ਸੁਭਾਈ–ਸੁਭਾਵਕ ਹੀ; (ਅਪਣੇ) ਸੁਭਾਉ ਅਨੁਸਾਰ।ਲਖ–ਲੱਖਾਂ ਹੀ।ਅਪਰਾਧ –ਗਲਤੀਆਂ।ਕਮਾਵੈ–ਕਰਦਾ ਹੈ।ਬਹੁ ਭਾਤੀ–ਬਹੁਤ ਤਰ੍ਹਾਂ ਨਾਲ।ਬਹੁੜਿ–ਮੁੜ ਕੇ।ਗਲਿ–ਗਲ ਨਾਲ।ਬਖਸਿ ਲਏ–ਮਾਫ ਕਰ ਦੇਂਦਾ ਹੈ।ਮਾਰਗਿ–(ਸਿੱਧੇ) ਰਸਤੇ ਤੇ।੨।ਅੰਤਰਜਾਮੀ–ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲਾ।ਸਭ ਬਿਧਿ–ਸਾਰੀਆਂ ਹਾਲਤਾਂ।ਤਾ– ਤਾਂ।ਪਹਿ–ਪਾਸ।ਕਹਣੈ ਕਥਨਿ–ਨਿਰੀਆਂ ਗੱਲਾਂ ਬਾਤਾਂ ਕਹਿਣ ਨਾਲ।ਨ ਭੀਜੈ–ਪ੍ਰਸੰਨ ਨਹੀਂ ਹੁੰਦਾ।ਭਾਵੈ–ਮਰਜੀ ਹੋਵੇ; ਚੰਗਾ ਲਗਦਾ ਹੈ।ਰਖਾਈਐ–ਰੱਖ ਲੈਂਦਾ ਹੈ।ਅਵਰ–ਹੋਰ।ਸਗਲੀ–ਸਾਰੀ।ਰਹਾਈਐ–ਰੱਖੀ ਹੋਈ ਹੈ।੩।ਹੋਇ–ਹੋ ਕੇ।ਠਾਕੁਰੁ–ਮਾਲਕ।

ਚੁਕੈ–ਮੁੱਕ ਜਾਂਦੀ ਹੈ। ਚਿੰਤੀ–ਚਿੰਤਾ। ਅਵਖਦੁ–ਦਾਰੂ। ਮੁਖਿ–ਮੂੰਹ ਵਿਚ। ਸੁਖਿ–ਸੁਖ ਨਾਲ। ਵਸੰਤੀ–ਵਸਦਾ ਹਾਂ।੪।੧੨।੬੨।
ਸੋਰਠਿ ਮਹਲਾ ੫ ॥ ਸਿਮਰਿ ਸਿਮਰਿ ਪ੍ਰਭ ਭਏ ਅਨੰਦਾ, ਦੁਖ ਕਲੇਸ ਸਭਿ ਨਾਠੇ ॥ ਗੁਨ ਗਾਵਤ ਧਿਆਵਤ ਪ੍ਰਭੁ ਅਪਨਾ, ਕਾਰਜ ਸਗਲੇ ਸਾਂਠੇ ॥੧॥ ਜਗ ਜੀਵਨ ਨਾਮੁ ਤੁਮਾਰਾ ॥ ਗੁਰ ਪੂਰੇ ਦੀਓ ਉਪਦੇਸਾ, ਜਪਿ ਭਉਜਲੁ ਪਾਰਿ ਉਤਾਰਾ ॥ਰਹਾਉ॥ ਤੂਹੈ ਮੰਤ੍ਰੀ ਸੁਨਹਿ ਪ੍ਰਭ ਤੂਹੈ, ਸਭੁ ਕਿਛੁ ਕਰਣੈਹਾਰਾ ॥ ਤੂ ਆਪੇ ਦਾਤਾ ਆਪੇ ਭੁਗਤਾ, ਕਿਆ ਇਹੁ ਜੰਤੁ ਵਿਚਾਰਾ ॥੨॥ ਕਿਆ ਗੁਣ ਤੇਰੇ ਆਖਿ ਵਖਾਣੀ, ਕੀਮਤਿ ਕਹਣੁ ਨ ਜਾਈ ॥ ਪੇਖਿ ਪੇਖਿ ਜੀਵੈ ਪ੍ਰਭੁ ਅਪਨਾ, ਅਚਰਜੁ ਤੁਮਹਿ ਵਡਾਈ ॥੩॥ ਧਾਰਿ ਅਨੁਗ੍ਰਹੁ ਆਪਿ ਪ੍ਰਭ ਸ੍ਵਾਮੀ, ਪਤਿ ਮਤਿ ਕੀਨੀ ਪੂਰੀ ॥ ਸਦਾ ਸਦਾ ਨਾਨਕ ਬਲਿਹਾਰੀ, ਬਾਛਉ ਸੰਤਾ ਧੂਰੀ ॥੪॥੧੩॥੬੩॥ (ਹੇ ਭਾਈ!) ਪ੍ਰਭੂ ਨੂੰ ਸਿਮਰ ਸਿਮਰ ਕੇ ਸਾਰੇ (ਅਸੀਂ) ਅਨੰਦ ਸਹਿਤ ਹੋ ਗਏ ਹਾਂ ਅਤੇ (ਸਾਡੇ) ਸਾਰੇ ਦੁਖ ਕਲੇਸ ਨੱਠ ਗਏ ਹਨ। ਅਪਣੇ ਪ੍ਰਭੂ ਨੂੰ ਸਿਮਰਦਿਆਂ ਤੇ (ਉਸ ਦੇ) ਗੁਣ ਗਾਉਂਦਿਆਂ ਸਾਰੇ ਕਾਰਜ ਸਿੰਵਰ (ਸਿਰੇ ਚੜ੍ਹ) ਗਏ ਹਨ।੧। (ਹੇ ਪ੍ਰਭੂ!) ਤੇਰਾ ਨਾਮ ਜਗਤ ਨੂੰ ਜੀਵਨ ਦੇਣ ਵਾਲਾ ਹੈ। ਪੂਰੇ ਗੁਰੂ ਨੇ (ਸਾਨੂੰ ਨਾਮ ਜਪਣ ਦਾ) ਉਪਦੇਸ਼ ਦਿਤਾ ਹੈ, (ਉਹ ਨਾਮ ਅਸੀਂ ਆਪ) ਜਪ ਕੇ (ਅਪਣੇ ਪ੍ਰਵਾਰ ਤੇ ਸਿਖ ਸੰਗਤਾਂ ਨੂੰ) ਭਵਜਲ ਤੋਂ ਪਾਰ ਉਤਾਰਿਆ ਹੈ। ਰਹਾਉ। ਹੇ ਪ੍ਰਭੂ! ਤੂੰ ਆਪ ਹੀ ਮੰਤ੍ਰੀ (ਸਲਾਹਕਾਰ) ਹੈਂ, ਤੂੰ ਹੀ (ਜੀਵਾਂ ਦੀ ਅਰਦਾਸ) ਸੁਣਦਾ ਹੈਂ ਅਤੇ (ਤੂੰ ਆਪ ਹੀ) ਸਭ ਕੁਛ ਕਰਨ ਵਾਲਾ ਹੈਂ। ਤੂੰ ਆਪ ਹੀ ਪਦਾਰਥ ਦੇਣ ਵਾਲਾ ਹੈਂ, ਆਪ ਹੀ (ਜੀਵਾਂ ਦੇ ਅੰਦਰ ਬੈਠਾ ਉਨ੍ਹਾਂ ਪਦਰਥਾਂ ਨੂੰ) ਭੋਗਣ ਵਾਲਾ ਹੈਂ, ਇਹ ਵਿਚਾਰਾ ਜੀਵ (ਤੇਰੀ ਬਖਸ਼ੀ ਸੱਤਾ ਤੋਂ ਬਿਨਾ) ਕੀ ਕਰ ਸਕਦਾ ਹੈ? (ਕੁਛ ਨਹੀਂ ਕਰ ਸਕਦਾ)।੨। (ਹੇ ਪ੍ਰਭੂ!) ਮੈਂ ਤੇਰੇ ਕਿਹੜੇ ਕਿਹੜੇ ਗੁਣ ਆਖ ਕੇ ਬਿਆਨ ਕਰਾਂ? (ਉਨ੍ਹਾਂ ਗੁਣਾਂ ਦੀ) ਕੀਮਤ ਕਹੀ ਨਹੀਂ ਜਾ ਸਕਦੀ। ਮੈਂ ਅਪਣੇ ਪ੍ਰਭੂ ਨੂੰ ਦੇਖ ਦੇਖ ਕੇ ਜਿਉਂਦਾ ਹਾਂ, (ਹੇ ਪ੍ਰਭੂ!) ਤੇਰੀ ਵਡਿਆਈ ਅਸਚਰਜ ਹੈ।੩। ਹੇ ਮਾਲਕ ਪ੍ਰਭੂ! ਆਪ ਹੀ ਤੂੰ ਕ੍ਰਿਪਾ ਕਰਕੇ ਮੇਰੀ ਇੱਜਤ ਰੱਖ ਲਈ ਤੇ ਮੱਤ ਵੀ ਪੂਰੀ ਕਰ ਦਿਤੀ (ਮੈਨੂੰ ਸਿਆਣਾ ਬਣਾ ਦਿਤਾ) ਹੈ। (ਹੇ ਪ੍ਰਭੂ! ਤੈਥੋਂ) ਨਾਨਕ ਸਦਾ ਸਦਾ ਬਲਹਾਰ ਜਾਂਦਾ ਹੈ ਅਤੇ ਸੰਤਾਂ ਦੀ ਚਰਨ ਧੂੜ ਮੰਗਦਾ ਹੈ।੪।੧੩।੬੩।
ਪਦਾਰਥ = ਸਿਮਰਿ ਸਿਮਰਿ–ਬਾਰ ਬਾਰ ਸਿਮਰ ਕੇ। ਭਏ–ਹੋਏ ਹਾਂ। ਕਲੇਸ–ਝਗੜੇ। ਨਾਠੇ–ਨੱਠ (ਦੌੜ) ਗਏ। ਕਾਰਜ–ਕੰਮ। ਸਾਂਠੇ –ਸਿੰਵਰ (ਪੂਰੇ ਹੋ) ਗਏ; ਜੁੜ ਗਏ। ਸਗਲੇ–ਸਾਰੇ।੧। ਜਗ ਜੀਵਨ–ਜਗਤ ਦੇ ਜੀਵਾਂ ਨੂੰ ਜੀਵਨ ਦੇਣ ਵਾਲਾ। ਭਉਜਲੁ–ਸੰਸਾਰ ਸਮੁੰਦਰ। ਪਾਰਿ ਉਤਾਰਾ–ਪਾਰ ਉਤਾਰਿਆ। ਰਹਾਉ। ਮੰਤ੍ਰੀ–ਵਜੀਰ; ਸਲਾਹਕਾਰ। ਸੁਨਹਿ–ਸੁਣਦਾ ਹੈਂ। ਕਰਣੈਹਾਰਾ–ਕਰਤਾਰ (ਜੋ ਸਭ ਕੁਛ ਕਰਨ ਦੀ ਸਮਰੱਥਾ ਰਖਦਾ ਹੈ)। ਭੁਗਤਾ–ਭੋਗਣ (ਖਾਣ) ਵਾਲਾ। ਜੰਤੁ–ਜੀਵ।੨। ਵਖਾਣੀ–ਬਿਆਨ ਕਰਾਂ। ਪੇਖਿ–ਦੇਖ ਕੇ। ਜੀਵੈ–ਜਿਉਂਦਾ ਹਾਂ। ਤੁਮਹਿ–ਤੇਰੀ। ਵਡਾਈ–ਵਡਿਆਈ; ਵਡੱਪਣ।੩। ਧਾਰਿ ਅਨੁਗ੍ਰਹੁ–ਕ੍ਰਿਪਾ ਕਰਕੇ। ਪਤਿ–ਇੱਜਤ। ਮਤਿ–ਅਕਲ। ਕੀਨੀ–ਕਰ ਦਿਤੀ। ਬਲਿਹਾਰੀ–ਕੁਰਬਾਨ ਜਾਂਦਾ ਹੈ। ਬਾਛਉ–ਮੰਗਦਾ ਹੈ। ਧੂਰੀ–ਚਰਨ ਧੂੜ।੪।੧੩।੬੩।
ਸੋਰਠਿ ਮਃ ੫ ॥ ਗੁਰੁ ਪੂਰਾ ਨਮਸਕਾਰੇ ॥ ਪ੍ਰਭਿ ਸਭੇ ਕਾਜ ਸਵਾਰੇ ॥ ਹਰਿ ਅਪਣੀ ਕਿਰਪਾ ਧਾਰੀ ॥ ਪ੍ਰਭ ਪੂਰਨ ਪੈਜ ਸਵਾਰੀ ॥੧॥ ਅਪਨੇ ਦਾਸ ਕੋ ਭਇਓ ਸਹਾਈ ॥ ਸਗਲ ਮਨੋਰਥ ਕੀਨੇ ਕਰਤੈ, ਊਣੀ ਬਾਤ ਨ ਕਾਈ ॥ਰਹਾਉ॥ ਕਰਤੈ ਪੁਰਖਿ ਤਾਲੁ ਦਿਵਾਇਆ ॥ ਪਿਛੈ ਲਗਿ ਚਲੀ ਮਾਇਆ ॥ ਤੋਟਿ ਨ ਕਤਹੂ ਆਵੈ ॥ ਮੇਰੇ ਪੂਰੇ ਸਤਿਗੁਰ ਭਾਵੈ ॥੨॥ ਸਿਮਰਿ ਸਿਮਰਿ ਦਇਆਲਾ ॥ ਸਭਿ ਜੀਅ ਭਏ ਕਿਰਪਾਲਾ ॥ ਜੈ ਜੈਕਾਰੁ ਗੁਸਾਈ ॥ ਜਿਨਿ ਪੂਰੀ ਬਣਤ ਬਣਾਈ ॥੩॥ ਤੂ ਭਾਰੋ ਸੁਆਮੀ ਮੋਰਾ ॥ ਇਹੁ ਪੁੰਨੁ ਪਦਾਰਥੁ ਤੇਰਾ ॥ ਜਨ ਨਾਨਕ ਏਕੁ ਧਿਆਇਆ ॥ ਸਰਬ ਫਲਾ ਪੁੰਨੁ ਪਾਇਆ ॥੪॥੧੪॥੬੪॥ (ਹੇ ਭਾਈ! ਅਸੀਂ) ਪੂਰੇ ਗੁਰੂ ਨੂੰ ਨਮਸ਼ਕਾਰ ਕਰਦੇ ਹਾਂ। ਪ੍ਰਭੂ ਨੇ (ਸਾਡੇ) ਸਾਰੇ ਕਾਰਜ ਸਵਾਰ ਦਿਤੇ ਹਨ। ਹਰੀ ਨੇ ਅਪਣੀ ਕ੍ਰਿਪਾ ਕੀਤੀ ਹੈ। ਪ੍ਰਭੂ ਨੇ (ਸਾਡੀ) ਪੂਰੀ ਤਰ੍ਹਾਂ ਪੈਜ ਸਵਾਰ ਦਿਤੀ (ਇੱਜਤ ਰੱਖ ਲਈ) ਹੈ।੧। ਅਪਣੇ ਦਾਸ ਦਾ (ਪ੍ਰਭੂ) ਸਹਾਈ ਹੋਇਆ ਹੈ। ਕਰਤਾਰ ਨੇ (ਸਾਡੇ) ਸਾਰੇ ਮਨੋਰਥ ਪੂਰੇ ਕਰ ਦਿਤੇ ਹਨ, ਕਿਸੇ ਗਲ ਦੀ ਊਣਤਾਈ ਨਹੀਂ ਰਹਿਣ ਦਿਤੀ। ਰਹਾਉ। ਕਰਤਾ ਪੁਰਖ ਨੇ ਸਰੋਵਰ ਦਿਵਾਇਆ (ਆਪ ਹੀ ਕ੍ਰਿਪਾ ਕਰਕੇ ਸਾਥੋਂ ਬਣਵਾਇਆ ਹੈ)। ਮਾਇਆ ਪਿਛੇ ਲਗੀ ਚਲੀ ਆਉਂਦੀ ਹੈ (ਹੁਕਮ ਵਿਚ ਸੇਵਾ ਕਰਨ ਲਗ ਪਈ ਹੈ)। ਕਦੇ ਵੀ ਕੋਈ ਤੋਟ ਨਹੀਂ ਆਉਂਦੀ (ਬੇਅੰਤ ਮਾਇਆ ਆਉਣ ਲਗ ਪਈ ਹੈ। ਸਰੋਵਰ ਦਾ ਤਿਆਰ ਹੋਣਾ) ਮੇਰੇ ਪੂਰੇ ਸਤਿਗੁਰੂ ਨੂੰ ਚੰਗਾ ਲਗਦਾ ਹੈ।੨। (ਹੇ ਭਾਈ!) ਦਇਆ ਕਰਨ ਵਾਲੇ ਪ੍ਰਭੂ ਨੂੰ ਸਿਮਰ ਸਿਮਰ ਕੇ (ਸਿਮਰਨ ਕਰਨ ਵਾਲੇ) ਸਾਰੇ ਜੀਵ (ਸਾਡੇ ਉਤੇ) ਮਿਹਰਵਾਨ ਹੋਏ ਹਨ। ਅਤੇ ਮਾਲਕ ਪ੍ਰਭੂ ਦੀ ਜੈ ਜੈਕਾਰ ਕਰਦੇ ਹਨ। ਜਿਸ ਨੇ ਪੂਰੀ ਬਣਤ ਬਣਾਈ (ਕਮਾਲ ਦੀ ਰਚਨਾ ਰਚੀ) ਹੈ।੩। (ਹੇ ਪ੍ਰਭੂ!) ਤੂੰ ਮੇਰਾ ਵੱਡਾ ਮਾਲਕ ਹੈਂ। (ਜੋ ਸਾਡੇ ਪਾਸ) ਪਦਾਰਥ ਹੈ ਤੇ ਪੁੰਨ ਹੋ ਰਿਹਾ ਹੈ, ਇਹ ਸਭ ਤੇਰੀ ਦਾਤ ਹੈ। ਦਾਸ ਨਾਨਕ ਨੇ ਇਕ ਪ੍ਰਭੂ ਨੂੰ ਸਿਮਰਿਆ ਹੈ। ਸਾਰੇ ਫਲ ਦੇਣ ਵਾਲਾ ਪੁੰਨ ਪਾ ਲਿਆ ਹੈ।੪।੧੪।੬੪।

ਸਰਬ ਫਲਾ ਪੁੰਨੁ = ਹਰੀ ਨੇ ਸਾਥੋਂ ਐਸਾ ਪੁੰਨ ਕਰਮ ਕਰਾਇਆ ਹੈ, ਜਿਸ ਨਾਲ ਸਾਰੇ ਫਲ ਪ੍ਰਾਪਤ ਹੋ ਗਏ ਹਨ।

ਪਦਾਰਥ = ਨਮਸਕਾਰੇ-ਨਮਸ਼ਕਾਰ ਕਰਦਾ ਹਾਂ। ਪ੍ਰਭਿ-ਪ੍ਰਭੂ ਨੇ। ਸਵਾਰੇ-ਸਵਾਰ (ਪੂਰੇ ਕਰ) ਦਿਤੇ। ਕਿਰਪਾ ਧਾਰੀ-ਕ੍ਰਿਪਾ ਕੀਤੀ। ਪੈਜ-ਇੱਜਤ। ਸਵਾਰੀ-ਸਵਾਰੀ (ਰੱਖ ਲਈ)।੧। ਕੋ-ਦਾ। ਭਇਓ-ਹੋਇਆ। ਸਹਾਈ-ਸਹਾਇਕ। ਸਗਲ-ਸਾਰੇ। ਮਨੋਰਥ-ਇੱਛਾਵਾਂ। ਕੀਨੇ-(ਪੂਰੀਆਂ) ਕਰ ਦਿਤੀਆਂ। ਕਰਤੈ-ਕਰਤਾਰ ਨੇ। ਊਣੀ-ਊਣਤਾਈ; ਕਮੀ। ਬਾਤ-ਗੱਲ। ਕਾਈ-ਕਿਸੇ ਦੀ। ਰਹਾਉ। ਕਰਤੈ ਪੁਰਖਿ-ਸਰਬ ਵਿਆਪਕ ਕਰਤਾਰ ਨੇ। ਤਾਲੁ-ਸਰੋਵਰ। ਦਿਵਾਇਆ-ਬਣਵਾਇਆ। ਪਿਛੈ ਲਗਿ-ਪਿਛੇ ਲਗੀ (ਹੁਕਮ ਵਿਚ)। ਤੋਟਿ-ਕਮੀ। ਕਤਹੂ-ਕਦੇ ਵੀ; ਕਿਤੇ ਵੀ। ਭਾਵੈ-ਚੰਗਾ ਲਗਦਾ ਹੈ।੨। ਜੀਅ-ਜੀਵ। ਭਏ-ਹੋਏ। ਗੁਸਾਈ-ਮਾਲਕ ਪ੍ਰਭੂ। ਜਿਨਿ-ਜਿਸ ਨੇ। ਬਣਤ ਬਣਾਈ-ਰਚਨਾ ਰਚੀ ਹੈ।੩। ਭਾਰੋ-ਵੱਡਾ। ਮੋਰਾ-ਮੇਰਾ। ਜਨ-ਦਾਸ। ਏਕੁ-ਇਕ ਪ੍ਰਭੂ। ਸਰਬ-ਸਾਰੇ।੪।੧੪।੬੪।

ਉਥਾਨਕਾ = ਅਗਲੇ ਤੀਹਾਂ ਸ਼ਬਦਾਂ ਵਿਚ ਵੀ ਵਿਸ਼ਾ ਉਤਲਾ ਹੀ ਹੈ, ਹਰੀ ਤੇ ਗੁਰੂ ਦੇ ਮਿਲਾਪ ਉਤੇ ਅਪਣੀ ਖੁਸ਼ੀ ਪ੍ਰਗਟ ਕੀਤੀ ਹੈ ਅਤੇ ਧੰਨਵਾਦ ਕੀਤਾ ਹੈ। ਇਨ੍ਹਾਂ ਸ਼ਬਦਾਂ ਵਿਚ ਵਡਾਲੀ ਤੋਂ ਅੰਮ੍ਰਿਤਸਰ ਸਾਹਿਬ ਆਉਣ, ਹਰਿਮੰਦਰ ਸਾਹਿਬ ਤੇ ਸਰੋਵਰ ਦੀ ਸੰਪੂਰਨ ਦੀ ਖੁਸ਼ੀ ਬਿਆਨ ਕੀਤੀ ਹੈ। ਬਾਲਕ ਹਰਿਗੋਬਿੰਦ ਸਾਹਿਬ ਦੇ ਸੀਤਲਾ ਦੀ ਬਿਮਾਰੀ ਤੋਂ ਰਾਜੀ ਹੋਣ ਤੇ ਗੁਰੂ ਅਤੇ ਪ੍ਰਮਾਤਮਾ ਦੇ ਧੰਨਵਾਦ ਦਾ ਵੀ ਜਿਕਰ ਹੈ। ਇਸ ਤਰ੍ਹਾਂ ਦੇ ਸਾਰੇ ਸ਼ਬਦ ਅੱਗੇ ਆਉਂਦੇ ਹਨ।

ਸੋਰਠਿ ਮਹਲਾ ੫ ਘਰੁ ੩ ਦੁਪਦੇ ੴ ਸਤਿਗੁਰ ਪ੍ਰਸਾਦਿ ॥ ਰਾਮਦਾਸ ਸਰੋਵਰਿ ਨਾਤੇ ॥ ਸਭਿ ਉਤਰੇ ਪਾਪ ਕਮਾਤੇ ॥ ਨਿਰਮਲ ਹੋਇ ਕਰਿ ਇਸਨਾਨਾ ॥ ਗੁਰਿ ਪੂਰੈ ਕੀਨੇ ਦਾਨਾ ॥੧॥ ਸਭਿ ਕੁਸਲ ਖੇਮ ਪ੍ਰਭਿ ਧਾਰੇ ॥ ਸਹੀ ਸਲਾਮਤਿ ਸਭਿ ਥੋਕ ਉਬਾਰੇ, ਗੁਰ ਕਾ ਸਬਦੁ ਵੀਚਾਰੇ ॥ਰਹਾਉ॥ ਸਾਧ ਸੰਗਿ ਮਲੁ ਲਾਥੀ ॥ ਪਾਰਬ੍ਰਹਮੁ ਭਇਓ ਸਾਥੀ ॥ ਨਾਨਕ ਨਾਮੁ ਧਿਆਇਆ ॥ ਆਦਿ ਪੁਰਖ ਪ੍ਰਭੁ ਪਾਇਆ ॥੨॥੧॥੬੫॥ (ਹੇ ਭਾਈ! ਜੋ ਪੁਰਖ ਗੁਰੂ) ਰਾਮਦਾਸ ਜੀ ਦੇ ਸਰੋਵਰ ਵਿਚ ਇਸ਼ਨਾਨ ਕਰਦੇ ਹਨ। (ਉਨ੍ਹਾਂ ਦੇ ਪਿਛਲੇ) ਕੀਤੇ ਸਾਰੇ ਪਾਪ ਉਤਰ ਗਏ ਹਨ। (ਉਹ) ਇਸ਼ਨਾਨ ਕਰਕੇ ਪਵਿਤ੍ਰ ਹੋ ਗਏ ਹਨ। (ਇਹ ਸਾਰੀ) ਬਖਸ਼ਿਸ਼ ਪੂਰੇ ਗੁਰੂ ਨੇ ਕੀਤੀ ਹੈ।੧। ਪ੍ਰਭੂ ਨੇ ਸਾਰੇ ਸੁਖ ਅਨੰਦ ਬਣਾ ਦਿਤੇ ਹਨ। ਸਭ ਚੀਜਾਂ ਜਿਉਂ ਦੀਆਂ ਤਿਉ ਬਚਾ ਰਖੀਆਂ ਹਨ, (ਕਿਉਂਕਿ ਉਨ੍ਹਾਂ ਪੁਰਖਾਂ ਨੇ) ਗੁਰੂ ਦਾ ਸ਼ਬਦ ਵਿਚਾਰਿਆ ਹੈ। ਰਹਾਉ। (ਹੇ ਭਾਈ!) ਸਾਧ ਸੰਗਤ ਕਰਨ ਨਾਲ (ਉਨ੍ਹਾਂ ਦੀ ਪਾਪਾਂ ਤੇ ਵਿਸ਼ੇ ਵਿਕਾਰਾਂ ਦੀ) ਮੈਲ ਉਤਰ ਗਈ ਹੈ। ਅਤੇ ਪਾਰਬ੍ਰਹਮ ਸਾਥੀ ਹੋਇਆ (ਬਣ ਗਿਆ) ਹੈ। ਨਾਨਕ ਗੁਰੂ ਜੀ ਆਖਦੇ ਹਨ (ਕਿ ਜਿਨ੍ਹਾਂ ਪੁਰਖਾਂ ਨੇ ਪ੍ਰਭੂ ਦਾ) ਨਾਮ ਸਿਮਰਿਆ ਹੈ। (ਉਨ੍ਹਾਂ ਨੇ) ਆਦਿ ਪੁਰਖ ਪ੍ਰਭੂ ਨੂੰ ਪਾ ਲਿਆ ਹੈ।੨।੧।੬੫।

ਪਦਾਰਥ = ਰਾਮਦਾਸ ਸਰੋਵਰਿ-ਗੁਰੂ ਰਾਮਦਾਸ ਜੀ ਦੇ ਸਰੋਵਰ ਵਿਚ; ਸਾਧ ਸੰਗਤ ਰੂਪ ਸਰੋਵਰ ਵਿਚ। ਨਾਤੇ-ਨ੍ਹਾਤੇ (ਇਸ਼ਨਾਨ ਕੀਤਾ)। ਉਤਰੇ-ਲਹਿ ਗਏ। ਕਮਾਤੇ-(ਪਿਛਲੇ) ਕੀਤੇ ਹੋਏ। ਨਿਰਮਲ-ਪਵਿਤ੍ਰ। ਕਰਿ-ਕਰ ਕੇ। ਗੁਰਿ ਪੂਰੈ-ਪੂਰੇ ਗੁਰੂ ਨੇ। ਕੀਨੇ ਦਾਨਾ-ਬਖਸ਼ਿਸ਼ ਕੀਤੀ।੧। ਕੁਸਲ ਖੇਮ-ਸੁਖ ਅਨੰਦ। ਪ੍ਰਭਿ-ਪ੍ਰਭੂ ਨੇ। ਧਾਰੇ-ਟਿਕਾ (ਬਣਾ) ਦਿਤੇ। ਸਹੀ ਸਲਾਮਤਿ-ਰਾਜੀ ਖੁਸ਼ੀ ਨਾਲ (ਜਿਉਂ ਦੀਆਂ ਤਿਉਂ); ਸਾਬਤ। ਥੋਕ-ਚੀਜਾਂ। ਉਬਾਰੇ-ਬਚਾ ਰੱਖੀਆਂ ਹਨ। ਰਹਾਉ। ਮਲੁ-ਮੈਲ। ਲਾਥੀ-ਲਹਿ ਗਈ। ਭਇਓ-ਹੋਇਆ; ਬਣ ਗਿਆ। ਸਾਥੀ-ਮਿਤ੍ਰ; ਸਹਾਈ। ਆਦਿ ਪੁਰਖੁ-ਸਭ ਤੋਂ ਪਹਿਲਾਂ ਦੀ ਹਸਤੀ ਅਕਾਲ ਪੁਰਖ।੨।੧।੬੫।

ਅੰਗ ੬੨੬ = ਜਿਤੁ ਪਾਰਬ੍ਰਹਮੁ ਚਿਤਿ ਆਇਆ ॥ ਸੋ ਘਰੁ ਦਯਿ ਵਸਾਇਆ ॥ ਸੁਖ ਸਾਗਰੁ ਗੁਰੁ ਪਾਇਆ ॥ ਤਾ ਸਹਸਾ ਸਗਲ ਮਿਟਾਇਆ ॥੧॥ ਹਰਿ ਕੇ ਨਾਮ ਕੀ ਵਡਿਆਈ ॥ ਆਠ ਪਹਰ ਗੁਣ ਗਾਈ ॥ ਗੁਰ ਪੂਰੇ ਤੇ ਪਾਈ ॥ਰਹਾਉ॥ ਪ੍ਰਭ ਕੀ ਅਕਥ ਕਹਾਣੀ ॥ ਜਨ ਬੋਲਹਿ ਅੰਮ੍ਰਿਤ ਬਾਣੀ ॥ ਨਾਨਕ ਦਾਸ ਵਖਾਣੀ ॥ ਗੁਰ ਪੂਰੇ ਤੇ ਜਾਣੀ ॥੨॥੨॥੬੬॥ (ਹੇ ਭਾਈ!) ਜਿਸ ਮਨੁੱਖ ਦੇ ਚਿਤ ਵਿਚ ਪਾਰਬ੍ਰਹਮ ਆ ਟਿਕਿਆ ਹੈ, ਉਹ ਹਿਰਦਾ ਘਰ ਪ੍ਰਭੂ ਨੇ ਵਸਾ (ਸ਼ੁੱਭ ਗੁਣਾਂ ਨਾਲ ਭਰ) ਦਿਤਾ ਹੈ। (ਜਦ) ਸੁੱਖਾਂ ਦਾ ਸਾਗਰ ਗੁਰੂ ਪ੍ਰਾਪਤ ਹੋਇਆ। ਤਾਂ (ਗੁਰੂ ਨੇ) ਸਾਰਾ ਸੰਸਾ ਮਿਟਾ ਦਿਤਾ।੧। (ਹੇ ਭਾਈ! ਇਹ ਸਭ) ਵਡਿਆਈ ਹਰੀ ਦੇ ਨਾਮ ਦੀ ਹੈ। ਮੈਂ ਅੱਠੇ ਪਹਿਰ (ਹਰੀ ਦੇ) ਗੁਣ ਗਾਉਂਦਾ ਹਾਂ। (ਇਹ ਦਾਤ ਮੈਂ) ਪੂਰੇ ਗੁਰੂ ਤੋਂ ਪ੍ਰਾਪਤ ਕੀਤੀ ਹੈ। ਰਹਾਉ। (ਹੇ ਭਾਈ!) ਪ੍ਰਭੂ ਦੀ ਕਥਾ ਵਾਰਤਾ ਕਥਨ ਨਹੀਂ ਕੀਤੀ ਜਾ ਸਕਦੀ। ਸੇਵਕ ਜਨ (ਪ੍ਰਭੂ ਦੀ) ਅੰਮ੍ਰਿਤ ਬਾਣੀ ਪੜ੍ਹਦੇ ਹਨ। ਦਾਸ ਨਾਨਕ (ਵੀ ਇਹ ਬਾਣੀ) ਪੜ੍ਹਦਾ ਹੈ। (ਦਾਸਾਂ ਨੇ ਇਸ ਬਾਣੀ ਦੀ ਮਹਿਮਾਂ) ਪੂਰੇ ਗੁਰੂ ਤੋਂ ਜਾਣੀ ਹੈ।੨।੨।੬੬।

ਪਦਾਰਥ = ਜਿਤੁ ਚਿਤਿ-ਜਿਸ ਦੇ ਚਿਤ (ਹਿਰਦੇ) ਵਿਚ। ਸੋ-ਉਹ। ਘਰੁ-ਹਿਰਦਾ ਘਰ। ਦਯਿ-ਪ੍ਰਭੂ ਨੇ। ਸੁਖ ਸਾਗਰੁ-ਸੁੱਖਾਂ ਦਾ ਸਮੁੰਦਰ। ਤਾ-ਤਾਂ। ਸਹਸਾ-ਭਰਮ; ਸੰਸਾ। ਸਗਲ-ਸਾਰਾ।੧। ਆਠ ਪਹਰ-ਅੱਠੇ ਪਹਿਰ (ਹਰ ਵੇਲੇ)। ਤੇ-ਤੋਂ। ਪਾਈ-ਪ੍ਰਾਪਤ ਕੀਤੀ ਹੈ। ਰਹਾਉ। ਅਕਥ-ਨਾ ਕਥੇ ਜਾ ਸਕਣ ਵਾਲੀ। ਕਹਾਣੀ-ਕਥਾ ਵਾਰਤਾ। ਜਨ-(ਹਰੀ ਦੇ) ਸੇਵਕ। ਬੋਲਹਿ-ਬੋਲਦੇ (ਪੜ੍ਹਦੇ) ਹਨ।

ਬਾਣੀ-(ਪ੍ਰਭੂ ਦੇ) ਸਿਫਤ ਸਲਾਹ ਵਾਲੀ ਬਾਣੀ। ਵਖਾਣੀ-ਪੜ੍ਹਦਾ ਹੈ।੨।੩।੬੬।

ਸੋਰਠਿ ਮਹਲਾ ੫ ॥ ਆਗੈ ਸੁਖੁ ਗੁਰਿ ਦੀਆ ॥ ਪਾਛੈ ਕੁਸਲ ਖੇਮ ਗੁਰਿ ਕੀਆ ॥ ਸਰਬ ਨਿਧਾਨ ਸੁਖ ਪਾਇਆ ॥ ਗੁਰੁ ਅਪੁਨਾ ਰਿਦੈ ਧਿਆਇਆ ॥੧॥ ਅਪਨੇ ਸਤਿਗੁਰ ਕੀ ਵਡਿਆਈ ॥ ਮਨ ਇਛੇ ਫਲ ਪਾਈ ॥ ਸੰਤਹੁ ਦਿਨੁ ਦਿਨੁ ਚੜੈ ਸਵਾਈ ॥ਰਹਾਉ॥ ਜੀਅ ਜੰਤ ਸਭਿ ਭਏ ਦਇਆਲਾ, ਪ੍ਰਭਿ ਅਪਨੇ ਕਰਿ ਦੀਨੇ ॥ ਸਹਜਿ ਸੁਭਾਏ ਮਿਲੇ ਗੋਪਾਲਾ, ਨਾਨਕ ਸਾਚਿ ਪਤੀਨੇ ॥੨॥੩॥੬੭॥

(ਹੇ ਭਾਈ!) ਅੱਗੇ ਆਉਣ ਵਾਲੇ ਜੀਵਨ ਵਿਚ ਗੁਰੂ ਨੇ ਸੁਖ ਬਖਸ਼ ਦਿਤਾ ਹੈ। ਪਿਛੇ ਬੀਤ ਚੁੱਕੇ ਸਮੇਂ ਵਿਚ ਵੀ ਗੁਰੂ ਨੇ ਸੁਖ ਅਨੰਦ ਬਖਸ਼ਿਸ਼ ਕੀਤਾ ਹੈ। (ਜਦ ਮੈਂ) ਅਪਣੇ ਗੁਰੂ ਨੂੰ ਹਿਰਦੇ ਵਿਚ ਧਿਆਇਆ ਤਾਂ ਸਾਰੇ ਸੁੱਖਾਂ ਦਾ ਖਜਾਨਾ (ਪ੍ਰਭੂ) ਪਾ ਲਿਆ।੧। (ਹੇ ਭਾਈ! ਇਹ ਸਭ) ਅਪਣੇ ਸਤਿਗੁਰੂ ਦੀ ਵਡਿਆਈ ਹੈ। ਜੋ ਮਨ ਇੱਛੇ ਫਲ ਪਾ ਲਏ ਹਨ। ਹੇ ਸੰਤ ਜਨੋਂ! (ਸਤਿਗੁਰੂ ਦੀ ਵਡਿਆਈ) ਦਿਨੋ ਦਿਨ (ਸਦਾ) ਵਧਦੀ ਹੈ। ਰਹਾਉ। ਸਾਰੇ ਜੀਵ ਜੰਤ (ਸਾਡੇ ਤੇ) ਮੇਹਰਵਾਨ ਹੋ ਗਏ, ਪ੍ਰਭੂ ਨੇ (ਉਹ ਸਾਰੇ ਸਾਡੇ) ਅਪਣੇ ਬਣਾ ਦਿਤੇ (ਸ਼ਬਦਾਰਥ); ਪ੍ਰਭੂ ਨੇ ਸਾਨੂੰ ਅਪਣਾ ਸੇਵਕ ਬਣਾ ਲਿਆ, (ਇਸੇ ਕਰਕੇ) ਸਾਰੇ ਜੀਵ ਜੰਤ ਸਾਡੇ ਤੇ ਮੇਹਰਵਾਨ ਹੋ ਗਏ ਹਨ। ਗੋਪਾਲ (ਸਾਨੂੰ) ਸੁਤੇ ਸਿੱਧ ਹੀ ਮਿਲ ਗਿਆ, ਨਾਨਕ ਦੀ ਸੱਚ ਰਾਹੀਂ (ਮਨ ਨੂੰ) ਤਸੱਲੀ ਹੋ ਗਈ ਹੈ; ਨਾਨਕ ਦਾ (ਮਨ ਜਦ) ਸੱਚੇ ਨਾਮ ਰਾਹੀਂ ਪਤੀਜ (ਨਾਮ ਵਿਚ ਭਰੋਸਾ ਬੱਝ) ਗਿਆ, ਤਾਂ ਸੁਤੇ ਸਿੱਧ ਹੀ ਗੁਪਾਲ ਜੀ ਮਿਲ ਪਏ ਹਨ।੨।੩।੬੭।

ਪਦਾਰਥ = ਆਗੈ-ਅੱਗੇ ਆਉਣ ਵਾਲੇ ਸਮੇਂ ਵਿਚ; ਪ੍ਰਲੋਕ ਵਿਚ। ਗੁਰਿ-ਗੁਰੂ ਨੇ। ਪਾਛੈ-ਪਿਛੇ ਬੀਤੇ ਸਮੇਂ ਵਿਚ; ਇਸ ਲੋਕ ਵਿਚ। ਕੁਸਲ ਖੇਮ-ਸੁਖ ਅਨੰਦ। ਕੀਆ-ਕੀਤਾ ਹੈ। ਸਰਬ-ਸਾਰੇ। ਨਿਧਾਨ-ਖਜਾਨਾ। ਰਿਦੈ-ਹਿਰਦੇ ਵਿਚ।੧। ਸੰਤਹੁ-ਹੇ ਸੰਤ ਜਨੋਂ!। ਦਿਨੁ ਦਿਨੁ-ਦਿਨੋ ਦਿਨ। ਚੜੈ ਸਵਾਈ-ਵਧਦੀ ਹੈ। ਰਹਾਉ। ਭਏ-ਹੋਏ। ਪ੍ਰਭਿ-ਪ੍ਰਭੂ ਨੇ। ਕਰਿ ਦੀਨੇ-ਬਣਾ ਦਿਤੇ। ਸਹਜਿ ਸੁਭਾਏ-ਸੁਤੇ ਸਿਧ (ਸਹਿਜ ਸੁਭਾਵਕ)। ਗੋਪਾਲਾ-ਪ੍ਰਿਥਵੀ ਦਾ ਪਾਲਕ। ਸਾਚਿ-ਸੱਚ ਰਾਹੀਂ। ਪਤੀਨੇ-ਤਸੱਲੀ ਹੋ ਗਈ।੨।੩।੬੭।

ਸੋਰਠਿ ਮਹਲਾ ੫ ॥ ਗੁਰ ਕਾ ਸਬਦੁ ਰਖਵਾਰੇ ॥ ਚਉਕੀ ਚਉਗਿਰਦ ਹਮਾਰੇ ॥ ਰਾਮ ਨਾਮਿ ਮਨੁ ਲਾਗਾ ॥ ਜਮੁ ਲਜਾਇ ਕਰਿ ਭਾਗਾ ॥੧॥ ਪ੍ਰਭ ਜੀ ਤੂ ਮੇਰੋ ਸੁਖ ਦਾਤਾ ॥ ਬੰਧਨ ਕਾਟਿ ਕਰੇ ਮਨੁ ਨਿਰਮਲੁ ,ਪੂਰਨ ਪੁਰਖੁ ਬਿਧਾਤਾ ॥ਰਹਾਉ॥ ਨਾਨਕ ਪ੍ਰਭੁ ਅਬਿਨਾਸੀ ॥ ਤਾ ਕੀ ਸੇਵ ਨ ਬਿਰਥੀ ਜਾਸੀ ॥ ਅਨਦ ਕਰਹਿ ਤੇਰੇ ਦਾਸਾ ॥ ਜਪਿ ਪੂਰਨ ਹੋਈ ਆਸਾ ॥੨॥੪॥੬੮॥(ਹੇ ਭਾਈ!) ਗੁਰੂ ਦਾ ਸ਼ਬਦ (ਸਾਡੀ) ਰੱਖਿਆ ਕਰਨ ਵਾਲਾ ਹੈ। ਸਾਡੇ ਚਾਰ ਚੁਫੇਰੇ (ਦਿਨ ਰਾਤ ਸ਼ਬਦ ਦਾ) ਪਹਿਰਾ ਹੈ। ਸਾਡਾ ਮਨ ਰਾਮ ਦੇ ਨਾਮ ਵਿਚ ਲਗ ਗਿਆ ਹੈ। (ਇਸ ਕਰਕੇ) ਜਮ ਸ਼ਰਮਿੰਦਾ ਹੋ ਕੇ ਨੱਠ ਗਿਆ।੧। ਹੇ ਪ੍ਰਭੂ ਜੀ! ਤੂੰ ਮੇਰੇ ਸੁੱਖਾਂ ਦਾ ਦਾਤਾ ਹੈਂ। (ਤੂੰ ਹੀ ਮੋਹ ਮਮਤਾ ਦੇ) ਬੰਧਨ ਕੱਟ ਕੇ ਮਨ ਨੂੰ ਨਿਰਮਲ ਕਰ ਦੇਂਦਾ ਹੈਂ ਅਤੇ ਤੂੰ ਪੂਰਨ ਪੁਰਖ ਤੇ ਕਰਮਾਂ ਅਨੁਸਾਰ ਫਲ ਦੇਣ ਵਾਲਾ ਹੈਂ। ਰਹਾਉ। ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਨਾਸ਼ ਰਹਿਤ ਹੈ। ਉਸ ਦੀ ਕੀਤੀ ਹੋਈ ਸੇਵਾ ਬਿਰਥੀ ਨਹੀਂ ਜਾਂਦੀ। (ਹੇ ਪ੍ਰਭੂ!) ਤੇਰੇ ਦਾਸ ਅਨੰਦ ਮਾਣਦੇ ਹਨ। (ਕਿਉਂਕਿ ਤੇਰਾ ਨਾਮ) ਜਪ ਕੇ ਉਨ੍ਹਾਂ ਦੀ ਆਸ ਪੂਰੀ ਹੋਈ ਹੈ।੨।੪।੬੮।

ਪਦਾਰਥ = ਰਖਵਾਰੇ-ਰੱਖਿਆ ਕਰਨ ਵਾਲਾ। ਚਉਕੀ-ਪਹਿਰਾ (ਰੱਖਿਆ ਕਰਨ ਵਾਲੇ ਚਾਰ ਪਹਿਰੇਦਾਰਾਂ ਦੀ ਚੌਂਕੀ)। ਚਉਗਿਰਦ-ਚਾਰ ਚੁਫੇਰੇ। ਹਮਾਰੇ-ਸਾਡੇ। ਨਾਮਿ-ਨਾਮ ਵਿਚ। ਲਾਗਾ-ਲੱਗ (ਜੁੜ) ਗਿਆ। ਲਜਾਇ-(ਲੱਜਾਏ ਬੋਲੋ) ਸ਼ਰਮਿੰਦਾ ਹੋ ਕੇ। ਭਾਗਾ-ਦੌੜ ਗਿਆ।੧। ਪ੍ਰਭ ਜੀ-ਹੇ ਪ੍ਰਭੂ ਜੀ!। ਬੰਧਨ-(ਮੋਹ ਮਮਤਾ ਦੇ) ਬੰਧਨ। ਨਿਰਮਲੁ-ਪਵਿਤ੍ਰ। ਪੂਰਨ ਪੁਰਖ-ਸਰਬ ਵਿਆਪਕ ਹਰੀ। ਬਿਧਾਤਾ-ਕਰਨਹਾਰ; ਕਰਮਾਂ ਅਨੁਸਾਰ ਫਲ ਦੇਣ ਵਾਲਾ। ਰਹਾਉ। ਅਬਿਨਾਸੀ-ਨਾਸ਼ ਰਹਿਤ। ਤਾ ਕੀ-ਉਸ ਦੀ। ਬਿਰਥੀ-ਬਿਅਰਥ। ਨ ਜਾਸੀ-ਨਹੀਂ ਜਾਂਦੀ। ਅਨਦ ਕਰਹਿ-ਅਨੰਦ ਮਾਣਦੇ ਹਨ। ਦਾਸਾ-ਦਾਸ। ਜਪਿ-ਜਪ ਕੇ।੨।੪।੬੮।

ਸੋਰਠਿ ਮਹਲਾ ੫ ॥ ਗੁਰ ਅਪੁਨੇ ਬਲਿਹਾਰੀ ॥ ਜਿਨਿ ਪੂਰਨ ਪੈਜ ਸਵਾਰੀ ॥ ਮਨ ਚਿੰਦਿਆ ਫਲੁ ਪਾਇਆ ॥ ਪ੍ਰਭੁ ਅਪੁਨਾ ਸਦਾ ਧਿਆਇਆ ॥੧॥ ਸੰਤਹੁ ਤਿਸੁ ਬਿਨੁ ਅਵਰੁ ਨ ਕੋਈ ॥ ਕਰਣ ਕਾਰਣ ਪ੍ਰਭੁ ਸੋਈ ॥ਰਹਾਉ॥ ਪ੍ਰਭਿ ਅਪਨੈ ਵਰ ਦੀਨੇ ॥ ਸਗਲ ਜੀਅ ਵਸਿ ਕੀਨੇ ॥ ਜਨ ਨਾਨਕ ਨਾਮੁ ਧਿਆਇਆ ॥ ਤਾ ਸਗਲੇ ਦੂਖ ਮਿਟਾਇਆ ॥੨॥੫॥੬੯॥ (ਹੇ ਸੰਤ ਜਨੋਂ! ਮੈਂ) ਅਪਣੇ ਗੁਰੂ ਤੋਂ ਸਦਾ ਬਲਿਹਾਰ ਜਾਂਦਾ ਹਾਂ। ਜਿਸ ਨੇ (ਮੇਰੀ) ਪੂਰੀ ਤਰ੍ਹਾਂ ਇੱਜਤ ਸਵਾਰ ਦਿਤੀ (ਰੱਖ ਲਈ) ਹੈ। ਮੈਂ ਅਪਣੇ ਪ੍ਰਭੂ ਨੂੰ ਸਦਾ ਸਿਮਰਿਆ ਹੈ। (ਜਿਸ ਕਰਕੇ) ਮਨ ਇੱਛਤ ਫਲ ਪਾ ਲਿਆ ਹੈ।੧। ਹੇ ਸੰਤ ਜਨੋਂ! ਉਸ ਪ੍ਰਭੂ ਤੋਂ ਬਿਨਾ ਹੋਰ ਕੋਈ (ਰੱਖਿਆ ਕਰਨ ਵਾਲਾ) ਨਹੀਂ ਹੈ। ਉਹ ਪ੍ਰਭੂ ਹੀ ਸਾਰੇ ਕਾਰਨਾਂ ਦੇ ਕਰਨ ਵਾਲਾ ਹੈ। ਰਹਾਉ। ਅਪਣੇ ਪ੍ਰਭੂ ਨੇ ਅਸੀਸਾਂ ਦਿਤੀਆਂ (ਬਰਕਤਾਂ ਵਾਲੇ ਬਚਨ ਕਰ ਦਿਤੇ ਹਨ। ਅਤੇ ਮੇਰੇ) ਵਸ ਵਿਚ ਸਾਰੇ ਜੀਵ ਕਰ ਦਿਤੇ (ਮੇਰਾ ਹੁਕਮ ਮੰਨਣ ਲਗ ਪਏ) ਹਨ। ਦਾਸ ਨਾਨਕ ਨੇ (ਪ੍ਰਭੂ ਦਾ) ਨਾਮ ਸਿਮਰਿਆ ਹੈ। ਤਾਂ (ਨਾਮ ਸਿਮਰਨ ਨੇ ਮੇਰੇ) ਸਾਰੇ ਦੁਖ ਮਿਟਾ ਦਿਤੇ ਹਨ।੨।੫।੬੯।

ਪਦਾਰਥ = ਬਲਿਹਾਰੀ-ਕੁਰਬਾਨ ਜਾਂਦਾ ਹਾਂ। ਜਿਨਿ-ਜਿਸ (ਪ੍ਰਭੂ) ਨੇ। ਪੂਰਨ-ਪੂਰੀ ਤਰ੍ਹਾਂ। ਪੈਜ-ਇੱਜਤ। ਸਵਾਰੀ-ਰੱਖ ਲਈ। ਮਨ ਚਿੰਦਿਆ-ਮਨ ਇੱਛਤ।੧। ਸੰਤਹੁ-ਹੇ ਸੰਤ ਜਨੋਂ!। ਤਿਸੁ ਬਿਨੁ-ਉਸ (ਹਰੀ) ਤੋਂ ਬਿਨਾ। ਅਵਰੁ-ਹੋਰ। ਕਰਣ ਕਾਰਣ-ਸਾਰੇ ਕਾਰਣਾਂ ਦੇ ਕਰਨ ਵਾਲਾ; ਜਗਤ ਰਚਨਾ ਦਾ ਮੂਲ ਕਾਰਣ। ਸੋਈ-ਉਹ ਹੀ। ਰਹਾਉ। ਪ੍ਰਭਿ-ਪ੍ਰਭੂ ਨੇ। ਵਰ-ਅਸੀਸਾਂ; ਬਰਕਤਾਂ। ਦੀਨੇ-ਦਿਤੇ। ਸਗਲ-ਸਾਰੇ। ਜੀਅ-ਜੀਵ। ਵਸਿ ਕੀਨੇ-ਅਧੀਨ ਕਰ (ਸੇਵਾ ਵਿਚ ਲਾ) ਦਿਤੇ। ਤਾ-ਤਾਂ; ਤਦ।੨।੫।੬੯।

ਸੋਰਠਿ ਮਹਲਾ ੫ ॥ ਤਾਪ ਗਵਾਇਆ ਗੁਰਿ ਪੂਰੇ ॥ ਵਾਜੇ ਅਨਹਦ ਤੂਰੇ ॥ ਸਰਬ ਕਲਿਆਣ ਪ੍ਰਭਿ ਕੀਨੇ ॥ ਕਰਿ ਕਿਰਪਾ ਆਪਿ ਦੀਨੇ ॥੧॥ ਬੇਦਨ ਸਤਿਗੁਰਿ ਆਪਿ ਗਵਾਈ ॥ ਸਿਖ ਸੰਤ ਸਭਿ ਸਰਸੇ ਹੋਏ, ਹਰਿ ਹਰਿ ਨਾਮੁ ਧਿਆਈ ॥ਰਹਾਉ॥ ਜੋ ਮੰਗਹਿ ਸੋ ਲੇਵਹਿ ॥ ਪ੍ਰਭ ਅਪਣਿਆ ਸੰਤਾ ਦੇਵਹਿ ॥ ਹਰਿਗੋਵਿਦੁ ਪ੍ਰਭਿ ਰਾਖਿਆ ॥ ਜਨ ਨਾਨਕ ਸਾਚੁ ਸੁਭਾਖਿਆ ॥੨॥੬॥੭੦॥ (ਹੇ ਭਾਈ!) ਪੂਰੇ ਗੁਰੂ ਨੇ (ਕ੍ਰਿਪਾ ਕਰਕੇ ਹਰਿਗੋਬਿੰਦ ਜੀ ਦਾ) ਤਾਪ ਦੂਰ ਕਰ ਦਿਤਾ ਹੈ; (ਗੁਰਸਿੱਖਾਂ ਦੇ) ਤਿੰਨੇ ਤਾਪ ਦੂਰ ਕਰ ਦਿਤੇ ਹਨ। (ਜਿਸ ਕਰਕੇ) ਆਤਮਕ ਅਨੰਦ ਦੇ ਇਕ ਰਸ ਵਾਜੇ ਵੱਜੇ ਹਨ (ਸੰਗਤਾਂ ਵਿਚ ਬਹੁਤ ਖੁਸ਼ੀ ਹੋਈ ਹੈ)। ਪ੍ਰਭੂ ਨੇ ਸਾਰੇ ਸੁਖ ਬਖਸ਼ਿਸ਼ ਕੀਤੇ ਹਨ। (ਇਹ ਸੁਖ ਪ੍ਰਭੂ ਨੇ) ਆਪ ਹੀ ਕ੍ਰਿਪਾ ਕਰ ਕੇ ਦਿਤੇ ਹਨ।੧। ਸਤਿਗੁਰੂ ਨੇ ਆਪ ਹੀ (ਤਾਪ ਦੀ) ਪੀੜ ਦੂਰ ਕੀਤੀ ਹੈ। (ਤਾਪ ਦੂਰ ਹੋਣ ਤੇ) ਸਾਰੇ ਸਿਖ ਸੰਤ ਖੁਸ਼ ਹੋ ਗਏ ਹਨ ਅਤੇ ਹਰਿ ਹਰਿ ਨਾਮ ਧਿਆਉਂਦੇ ਹਨ (ਰੱਬ ਦਾ ਸ਼ੁਕਰਾਨਾ ਕਰਦੇ ਹਨ)। ਰਹਾਉ। (ਸਿਖ ਸੰਤ ਪ੍ਰਭੂ ਤੋਂ) ਜੋ ਪਦਾਰਥ ਮੰਗਦੇ ਹਨ, ਉਹ ਲੈ ਲੈਂਦੇ ਹਨ। ਪ੍ਰਭੂ ਅਪਣੇ ਸੰਤਾਂ ਨੂੰ (ਮੂੰਹ ਮੰਗੀਆਂ ਦਾਤਾਂ) ਦੇਂਦਾ ਹੈ। ਪ੍ਰਭੂ ਨੇ ਹਰਿਗੋਬਿੰਦ ਜੀ ਦੀ ਰੱਖਿਆ ਕੀਤੀ ਹੈ। ਦਾਸ ਨਾਨਕ ਨੇ ਸੱਚ ਚੰਗੀ ਤਰ੍ਹਾਂ ਕਹਿ ਦਿਤਾ ਹੈ; ਦਾਸ ਨਾਨਕ ਪ੍ਰਭੂ ਦਾ ਸੱਚਾ ਨਾਮ ਚੰਗੀ ਤਰ੍ਹਾਂ ਉਚਾਰਦਾ (ਜਪਦਾ) ਹੈ।੨।੬।੭੦।

ਪਦਾਰਥ = ਤਾਪੁ-ਬੁਖਾਰ। ਗੁਰਿ ਪੂਰੇ-ਪੂਰੇ ਗੁਰੂ ਨੇ। ਅਨਹਦ-ਇਕ ਰਸ; ਲਗਾਤਾਰ। ਤੂਰੇ-ਵਾਜੇ। ਸਰਬ-ਸਾਰੇ। ਕਲਿਆਣ-ਸੁਖ। ਪ੍ਰਭਿ-ਪ੍ਰਭੂ ਨੇ। ਦੀਨੇ-ਦਿਤੇ ਹਨ।੧। ਬੇਦਨ-ਪੀੜ; ਤਕਲੀਫ। ਸਤਿਗੁਰਿ-ਸਤਿਗੁਰੂ ਨੇ। ਗਵਾਈ-ਦੂਰ ਕੀਤੀ। ਸਰਸੇ-ਖੁਸ਼; ਰਸ ਸਹਿਤ। ਧਿਆਈ-ਸਿਮਰ ਕੇ। ਰਹਾਉ। ਸੋ-ਉਹ। ਦੇਵਹਿ-ਦੇਂਦਾ ਹੈ। ਸੁਭਾਖਿਆ-ਚੰਗੀ ਤਰ੍ਹਾਂ ਉਚਾਰਿਆ ਹੈ।੨।੬।੭੦।

ਸੋਰਠਿ ਮਹਲਾ ੫ ॥ ਸੋਈ ਕਰਾਇ ਜੋ ਤੁਧੁ ਭਾਵੈ ॥ ਮੋਹਿ ਸਿਆਣਪ ਕਛੂ ਨ ਆਵੈ ॥ ਹਮ ਬਾਰਿਕ ਤਉ ਸਰਣਾਈ ॥ ਪ੍ਰਭਿ ਆਪੇ ਪੈਜ ਰਖਾਈ ॥੧॥ (ਹੇ ਪ੍ਰਭੂ! ਤੂੰ ਮੈਥੋਂ) ਉਹ ਹੀ ਕੰਮ ਕਰਵਾਈਂ, ਜੋ ਤੈਨੂੰ ਚੰਗਾ ਲਗਦਾ ਹੈ। ਮੈਨੂੰ ਕੁਛ ਸਿਆਣਪ ਨਹੀਂ ਆਉਂਦੀ। ਅਸੀਂ ਬੱਚੇ ਤੇਰੀ ਸ਼ਰਣ ਵਿਚ ਪਏ ਹਾਂ। (ਹੇ ਭਾਈ! ਸ਼ਰਣ ਵਿਚ ਪਏ ਹੋਣ ਕਰਕੇ ਮੇਰੀ) ਪੈਜ ਪ੍ਰਭੂ ਨੇ ਆਪੇ ਰਖੀ ਹੈ।੧।

ਅੰਗ ੬੨੭ = ਮੇਰਾ ਮਾਤ ਪਿਤਾ ਹਰਿ ਰਾਇਆ ॥ ਕਰਿ ਕਿਰਪਾ ਪ੍ਰਤਿਪਾਲਣ ਲਾਗਾ, ਕਰੀਂ ਤੇਰਾ ਕਰਾਇਆ ॥ਰਹਾਉ॥ ਜੀਅ ਜੰਤ ਤੇਰੇ ਧਾਰੇ ॥ ਪ੍ਰਭ ਡੋਰੀ ਹਾਥਿ ਤੁਮਾਰੇ ॥ ਜਿ ਕਰਾਵੈ ਸੋ ਕਰਣਾ ॥ ਨਾਨਕ ਦਾਸ ਤੇਰੀ ਸਰਣਾ ॥੨॥੭॥੭੧॥ ਹੇ ਹਰੀ ਰਾਜਾ! ਤੂੰ ਹੀ ਮੇਰਾ ਮਾਤਾ ਤੇ ਪਿਤਾ ਹੈਂ। (ਹੇ ਪ੍ਰਭੂ!) ਤੂੰ ਆਪ ਹੀ ਕ੍ਰਿਪਾ ਕਰਕੇ ਮੇਰੀ ਪਾਲਣਾ ਕਰਨ ਵਿਚ ਲੱਗਾ ਹੋਇਆ ਹੈਂ ਅਤੇ ਮੈਂ ਉਹ ਹੀ ਕੰਮ ਕਰਦਾ ਹਾਂ, ਜੋ ਤੂੰ ਮੈਥੋਂ ਕਰਾਉਂਦਾ ਹੈਂ। ਰਹਾਉ। (ਹੇ ਪ੍ਰਭੂ!) ਸਾਰੇ ਛੋਟੇ ਵੱਡੇ ਜੀਵ ਜੰਤ ਤੇਰੇ ਆਸਰੇ ਹਨ; ਤੇਰੇ ਪੈਦਾ ਕੀਤੇ ਹੋਏ ਹਨ। ਹੇ ਪ੍ਰਭੂ! ਸਾਡੀ ਨਕੇਲ ਤੇਰੇ ਹੱਥ ਵਿਚ ਹੈ (ਜਿਧਰ ਤੂੰ ਲਿਜਾਂਦਾ ਹੈਂ, ਅਸੀਂ ਜੀਵ ਉਧਰ ਹੀ ਜਾਂਦੇ ਹਾਂ। ਹੇ ਪ੍ਰਭੂ!) ਜਿਹੜਾ ਕੁਛ ਤੂੰ ਕਰਾਉਂਦਾ ਹੈਂ, (ਜੀਵਾਂ ਨੇ) ਉਹ ਹੀ ਕਰਨਾ ਹੁੰਦਾ ਹੈ। ਦਾਸ ਨਾਨਕ ਤੇਰੀ ਸ਼ਰਣ ਵਿਚ ਹੈ।੨।੭।੭੧।

ਪਦਾਰਥ = ਸੋਈ-ਉਹ ਹੀ। ਕਰਾਇ-ਤੂੰ ਕਰਾਈਂ। ਤੁਧੁ-ਤੈਨੂੰ। ਭਾਵੈ-ਚੰਗਾ ਲਗਦਾ ਹੈ। ਮੋਹਿ-ਮੈਨੂੰ। ਹਮ-ਅਸੀਂ। ਬਾਰਿਕ-ਬੱਚੇ। ਤਉ-ਤੇਰੀ। ਪ੍ਰਭਿ-ਪ੍ਰਭੂ ਨੇ। ਪੈਜ-ਇੱਜਤ।੧। ਮਾਤ-ਮਾਤਾ। ਹਰਿ ਰਾਇਆ-ਹੇ ਹਰੀ ਰਾਜਾ!। ਪ੍ਰਤਿਪਾਲਣ ਲਾਗਾ-ਪਾਲਣਾ ਕਰਨ ਲੱਗਾ ਹੈਂ। ਕਰੀਂ-ਕਰਦਾ ਹਾਂ। ਰਹਾਉ। ਜੀਅ ਜੰਤ-ਛੋਟੇ ਵੱਡੇ ਜੀਵ ਜੰਤ। ਧਾਰੇ-ਆਸਰੇ ਉਤੇ; ਪੈਦਾ ਕੀਤੇ। ਡੋਰੀ-ਨਕੇਲ; ਪ੍ਰਾਲਬਧ ਜਾਂ ਪ੍ਰਾਣ ਰੂਪ ਡੋਰੀ। ਹਾਥਿ-ਹੱਥ ਵਿਚ। ਜਿ-ਜਿਹੜਾ ਕੁਛ। ਸੋ-ਉਹ।੨।੭।੭੧।

ਸੋਰਠਿ ਮਹਲਾ ੫ ॥ ਹਰਿ ਨਾਮੁ ਰਿਦੈ ਪਰੋਇਆ ॥ ਸਭੁ ਕਾਜੁ ਹਮਾਰਾ ਹੋਇਆ ॥ ਪ੍ਰਭ ਚਰਣੀ ਮਨੁ ਲਾਗਾ ॥ ਪੂਰਨ ਜਾ ਕੇ ਭਾਗਾ ॥੧॥ ਮਿਲਿ ਸਾਧ ਸੰਗਿ ਹਰਿ ਧਿਆਇਆ ॥ ਆਠ ਪਹਰ ਅਰਾਧਿਓ ਹਰਿ ਹਰਿ, ਮਨ ਚਿੰਦਿਆ ਫਲੁ ਪਾਇਆ ॥ਰਹਾਉ॥ ਪਰਾ ਪੂਰਬਲਾ ਅੰਕੁਰੁ ਜਾਗਿਆ ॥ ਰਾਮ ਨਾਮਿ ਮਨ ਲਾਗਿਆ ॥ ਮਨਿ ਤਨਿ ਹਰਿ ਦਰਸਿ ਸਮਾਵੈ ॥ ਨਾਨਕ ਦਾਸ ਸਚੇ ਗੁਣ ਗਾਵੈ ॥੨॥੮॥੭੨॥ (ਹੇ ਭਾਈ! ਅਸੀਂ ਅਪਣੇ) ਹਿਰਦੇ ਵਿਚ ਹਰੀ ਦਾ ਨਾਮ ਪਰੋ ਲਿਆ ਹੈ। (ਇਸੇ ਕਰਕੇ) ਸਾਡਾ ਸਾਰਾ ਕਾਰਜ ਪੂਰਾ ਹੋ ਗਿਆ ਹੈ। ਜਿਸ ਜੀਵ ਦੇ ਪੂਰਨ ਭਾਗ ਹਨ। (ਉਸ ਦਾ) ਮਨ ਪ੍ਰਭੂ ਦੇ ਚਰਨਾਂ ਵਿਚ ਲਗਦਾ ਹੈ।੧। (ਹੇ ਭਾਈ! ਅਸੀਂ) ਸਾਧ ਸੰਗਤ ਵਿਚ ਮਿਲ ਕੇ ਹਰੀ ਨੂੰ ਸਿਮਰਿਆ ਹੈ। ਅੱਠੇ ਪਹਿਰ ਹਰਿ ਹਰਿ ਨਾਮ ਸਿਮਰਿਆ ਹੈ, (ਜਿਸ ਕਰਕੇ ਅਸੀਂ) ਮਨ ਚਿੰਦਿਆ ਫਲ ਪਾ

ਲਿਆ ਹੈ।ਰਹਾਉ।ਪਹਿਲੇ ਜਨਮਾਂ ਦੇ ਕੀਤੇ ਕਰਮਾਂ ਦਾ ਅੰਗੂਰ (ਬੀਜ) ਫੁੱਟ ਪਿਆ ਹੈ (ਪੂਰਬਲੇ ਸੰਸਕਾਰ ਜਾਗ ਪਏ ਹਨ।ਭਾਗਾਂ ਨਾਲ) ਰਾਮ ਦੇ ਨਾਮ ਵਿਚ ਮਨ ਲੱਗ ਗਿਆ ਹੈ।(ਦਾਸ) ਮਨ ਤੇ ਤਨ ਨਾਲ ਹਰੀ ਦੇ ਦਰਸ਼ਨ ਵਿਚ ਲੀਨ ਰਹਿੰਦਾ ਹੈ।ਦਾਸ ਨਾਨਕ ਸੱਚੇ ਪ੍ਰਭੂ ਦੇ ਗੁਣ ਗਾਉਂਦਾ ਰਹਿੰਦਾ ਹੈ।੨।੮।੭੨

ਪਦਾਰਥ = ਰਿਦੈ–ਹਿਰਦੇ ਵਿਚ।ਪਰੋਇਆ–ਪਰੋ (ਵਸਾ) ਲਿਆ।ਕਾਜੁ–ਕੰਮ; ਜੀਵਨ ਮਨੋਰਥ।ਜਾ ਕੇ–ਜਿਸ ਦੇ।ਭਾਗਾ–ਕਿਸਮਤ; ਭਾਗ।੧।ਮਿਲਿ–ਮਿਲ ਕੇ।ਆਠ ਪਹਰ–ਅੱਠੇ ਪਹਿਰ (ਸਦਾ)।ਮਨ ਚਿੰਦਿਆ–ਮਨ ਦਾ ਚਾਹਿਆ।ਰਹਾਉ।ਪਰਾ ਪੂਰਬਲਾ–ਪਿਛਲੇ ਜਨਮਾਂ ਦਾ।ਅੰਕੁਰੁ–ਬੀਜ ਵਿਚ ਨਿਕਲੀ ਕਰੂੰਬਲ।ਜਾਗਿਆ–ਫੁੱਟ (ਉਗ) ਪਿਆ ਹੈ।ਰਾਮ ਨਾਮਿ–ਪ੍ਰਭੂ ਦੇ ਨਾਮ ਵਿਚ।ਲਾਗਿਆ–ਲੱਗ (ਜੁੜ) ਗਿਆ।ਮਨਿ ਤਨਿ–ਮਨ ਤੇ ਤਨ ਨਾਲ।ਸਮਾਵੈ–ਲੀਨ ਰਹਿੰਦਾ ਹੈ।ਸਚੇ–ਸੱਚੇ ਪ੍ਰਭੂ ਦੇ।੨।੮।੭੨।

ਸੋਰਠਿ ਮਹਲਾ ੫ ॥ ਗੁਰ ਮਿਲਿ ਪ੍ਰਭੂ ਚਿਤਾਰਿਆ ॥ ਕਾਰਜ ਸਭਿ ਸਵਾਰਿਆ ॥ ਮੰਦਾ ਕੋ ਨ ਅਲਾਏ ॥ ਸਭ ਜੈ ਜੈਕਾਰੁ ਸੁਣਾਏ ॥੧॥ ਸੰਤਹੁ ਸਾਚੀ ਸਰਣਿ ਸੁਆਮੀ ॥ ਜੀਅ ਜੰਤ ਸਭਿ ਹਾਥਿ ਤਿਸੈ ਕੈ, ਸੋ ਪ੍ਰਭੁ ਅੰਤਰਜਾਮੀ ॥ਰਹਾਉ॥ ਕਰਤਬ ਸਭਿ ਸਵਾਰੇ ॥ ਪ੍ਰਭਿ ਅਪੁਨਾ ਬਿਰਦੁ ਸਮਾਰੇ ॥ ਪਤਿਤ ਪਾਵਨ ਹਰਿ ਨਾਮਾ ॥ ਜਨ ਨਾਨਕ ਸਦ ਕੁਰਬਾਨਾ ॥੨॥੯॥੭੩॥ (ਹੇ ਭਾਈ! ਜਿਸ ਮਨੁੱਖ ਨੇ) ਗੁਰੂ ਨੂੰ ਮਿਲ ਕੇ ਪ੍ਰਭੂ ਨੂੰ ਯਾਦ ਕੀਤਾ ਹੈ।(ਉਸ ਨੇ ਅਪਣੇ) ਸਾਰੇ ਕੰਮ ਸੁਆਰ ਲਏ ਹਨ।(ਉਸ ਨੂੰ) ਕੋਈ ਵੀ ਮਨੁੱਖ ਮੰਦਾ ਬਚਨ ਨਹੀਂ ਬੋਲਦਾ।ਸਾਰੇ ਲੋਕ ਜੈ ਜੈਕਾਰ ਸੁਣਾਉਂਦੇ (ਉਸ ਦੀ ਵਡਿਆਈ ਕਰਦੇ) ਹਨ।੧।ਹੇ ਸੰਤ ਜਨੋਂ! ਮਾਲਕ ਪ੍ਰਭੂ ਦੀ ਸ਼ਰਣ ਸੱਚੀ ਹੈ।(ਕਿਉਂਕਿ) ਸਾਰੇ ਜੀਵ ਜੰਤ ਉਸ ਪ੍ਰਭੂ ਦੇ ਹੱਥ (ਵਸ) ਵਿਚ ਹਨ, ਉਹ ਪ੍ਰਭੂ ਅੰਤਰਜਾਮੀ ਹੈ।ਰਹਾਉ।ਪ੍ਰਭੂ ਨੇ ਅਪਣਾ ਬਿਰਦ ਚੇਤੇ ਰੱਖਿਆ ਹੈ; ਸੰਭਾਲਿਆ ਹੈ।(ਉਸ ਨੇ ਸਾਡੇ) ਸਾਰੇ ਕੰਮ ਸੁਆਰ ਦਿਤੇ ਹਨ।(ਜਿਸ) ਹਰੀ ਦਾ ਨਾਮ ਪਾਪੀਆਂ ਨੂੰ ਪਵਿਤ੍ਰ ਕਰਨ ਵਾਲਾ ਹੈ।ਦਾਸ ਨਾਨਕ (ਉਸ ਪ੍ਰਭੂ ਤੋਂ) ਸਦਾ ਕੁਰਬਾਨ ਜਾਂਦਾ ਹੈ।੨।੯।੭੩।

ਪਦਾਰਥ = ਮਿਲਿ–ਮਿਲ ਕੇ।ਚਿਤਾਰਿਆ–ਯਾਦ ਕੀਤਾ।ਕਾਰਜ–ਕੰਮ।ਮੰਦਾ–ਬੁਰਾ (ਬਚਨ)।ਕੋ–ਕੋਈ।ਨ ਅਲਾਏ–ਨਹੀਂ ਬੋਲਦਾ।ਜੈ ਜੈਕਾਰੁ–ਵਡਿਆਈ; ਧੰਨਵਾਦ।੧।ਸੰਤਹੁ–ਹੇ ਸੰਤ ਜਨੋਂ!।ਜੀਅ ਜੰਤ–ਛੋਟੇ ਵੱਡੇ ਸਾਰੇ ਜੀਵ ਜੰਤ।ਹਾਥਿ–ਹੱਥ (ਵਸ) ਵਿਚ। ਤਿਸੈ ਕੈ–ਉਸ ਦੇ।ਸੋ–ਉਹ।ਅੰਤਰਜਾਮੀ–ਦਿਲ ਦੇ ਅੰਦਰ ਦੀਆਂ ਜਾਨਣ ਵਾਲਾ।ਰਹਾਉ।ਕਰਤਬ–ਕੰਮ।ਪ੍ਰਭਿ–ਪ੍ਰਭੂ ਨੇ।ਬਿਰਦੁ–ਰੱਖਿਆ ਕਰਨ ਵਾਲਾ ਸੁਭਾਉ।ਸਮਾਰੇ–ਯਾਦ ਕਰਕੇ।ਪਤਿਤ ਪਾਵਨ–ਪਾਪੀਆਂ ਨੂੰ ਪਵਿਤ੍ਰ ਕਰਨ ਵਾਲਾ।੨।੯।੭੩।

ਸੋਰਠਿ ਮਹਲਾ ੫ ॥ ਪਾਰਬ੍ਰਹਮਿ ਸਾਜਿ ਸਵਾਰਿਆ ॥ ਇਹੁ ਲਹੁੜਾ ਗੁਰੂ ਉਬਾਰਿਆ ॥ ਅਨਦ ਕਰਹੁ ਪਿਤ ਮਾਤਾ ॥ ਪਰਮੇਸਰੁ ਜੀਅ ਕਾ ਦਾਤਾ ॥੧॥ ਸੁਭ ਚਿਤਵਨਿ ਦਾਸ ਤੁਮਾਰੇ ॥ ਰਾਖਹਿ ਪੈਜ ਦਾਸ ਅਪੁਨੇ ਕੀ, ਕਾਰਜ ਆਪਿ ਸਵਾਰੇ ॥ਰਹਾਉ॥ ਮੇਰਾ ਪ੍ਰਭੁ ਪਰਉਪਕਾਰੀ ॥ ਪੂਰਨ ਕਲ ਜਿਨਿ ਧਾਰੀ ॥ ਨਾਨਕ ਸਰਣੀ ਆਇਆ ॥ ਮਨ ਚਿੰਦਿਆ ਫਲੁ ਪਾਇਆ ॥੨॥੧੦॥੭੪॥ (ਹੇ ਭਾਈ! ਹਰਿਗੋਬਿੰਦ ਜੀ ਨੂੰ) ਪ੍ਰਮੇਸਰ ਨੇ ਪੈਦਾ ਕਰਕੇ ਸੋਹਣਾ ਬਣਾਇਆ ਹੈ।ਇਹ ਨਿੱਕਾ ਬੱਚਾ ਗੁਰੂ ਨੇ (ਸੀਤਲਾ ਦੇ ਬੁਖਾਰ ਅਤੇ ਪ੍ਰਿਥੀ ਚੰਦ ਵਰਗੇ ਵੈਰੀਆਂ ਦੇ ਵਾਰ ਤੋਂ) ਬਚਾ ਲਿਆ ਹੈ।(ਸਿੱਖ ਆਖਦੇ ਹਨ ਕਿ ਹਰਿਗੋਬਿੰਦ ਜੀ ਦੇ) ਹੇ ਮਾਤਾ ਪਿਤਾ ਜੀ! (ਹੁਣ ਤੁਸੀਂ ਸਾਰਾ ਪ੍ਰਵਾਰ) ਅਨੰਦ ਮਨਾਓ।ਜੀਵਨ ਦਾ ਦਾਤਾ ਪ੍ਰਮੇਸਰ ਹੈ।੧।(ਹੇ ਪ੍ਰਭੂ!) ਤੇਰੇ ਦਾਸ ਸ਼ੁੱਭ ਵਿਚਾਰ ਸੋਚਦੇ (ਸਭ ਦਾ ਭਲਾ ਚਾਹੁੰਦੇ) ਹਨ।ਤੂੰ ਅਪਣੇ ਦਾਸਾਂ ਦੀ ਪੈਜ ਰਖਦਾ ਹੈਂ ਅਤੇ (ਤੂੰ ਦਾਸਾਂ ਦੇ) ਕਾਰਜ ਆਪ ਸੁਆਰਦਾ ਹੈਂ।ਰਹਾਉ।ਮੇਰਾ ਪ੍ਰਭੂ ਪਰਉਪਕਾਰੀ ਹੈ।ਜਿਸ ਨੇ (ਸੇਵਕਾਂ ਦੀ ਰੱਖਿਆ ਕਰਨ ਲਈ ਜਗਤ ਵਿਚ) ਪੂਰੀ ਸ਼ਕਤੀ ਟਿਕਾਈ ਹੋਈ ਹੈ।ਨਾਨਕ (ਪ੍ਰਭੂ ਦੀ) ਸ਼ਰਣ ਵਿਚ ਆਇਆ ਹੈ।(ਜਿਸ ਦੀ ਕ੍ਰਿਪਾ ਨਾਲ) ਮਨ ਚਾਹਿਆ ਫਲ ਪਾ ਲਿਆ ਹੈ।੨।੧੦।੭੪।

ਪਦਾਰਥ = ਪਾਰਬ੍ਰਹਮਿ–ਪ੍ਰਮੇਸਰ ਨੇ।ਸਾਜਿ–ਪੈਦਾ ਕਰਕੇ।ਸਵਾਰਿਆ–ਸੋਹਣਾ ਬਣਾਇਆ।ਲਹੁੜਾ–ਨਿੱਕਾ ਬੱਚਾ।ਉਬਾਰਿਆ–ਬਚਾ ਲਿਆ।ਕਰਹੁ–ਕਰੋ (ਮਨਾਓ)।ਜੀਅ ਕਾ–ਜੀਵਨ ਦਾ।੧।ਸੁਭ ਚਿਤਵਨਿ–ਸ਼ੁੱਭ ਵਿਚਾਰ ਸੋਚਦੇ ਹਨ; ਭਲਾ ਮੰਗਦੇ ਹਨ। ਰਾਖਹਿ ਪੈਜ–ਇੱਜਤ ਰੱਖਦਾ ਹੈਂ।ਸਵਾਰੇ–ਸੁਆਰਦਾ (ਸਿਰ ਚਾੜ੍ਹਦਾ) ਹੈਂ।ਰਹਾਉ।ਪਰਉਪਕਾਰੀ–ਦੂਜਿਆਂ ਦਾ ਭਲਾ ਕਰਨ ਵਾਲਾ ਹੈ।ਜਿਨਿ–ਜਿਸ ਨੇ।ਕਲ ਧਾਰੀ–ਸ਼ਕਤੀ ਟਿਕਾਈ ਹੋਈ ਹੈ।ਮਨ ਚਿੰਦਿਆ–ਮਨ ਦਾ ਚਾਹਿਆ।੨।੧੦।੭੪।

ਸੋਰਠਿ ਮਹਲਾ ੫ ॥ ਸਦਾ ਸਦਾ ਹਰਿ ਜਾਪੇ ॥ ਪ੍ਰਭ ਬਾਲਕ ਰਾਖੇ ਆਪੇ ॥ ਸੀਤਲਾ ਠਾਕਿ ਰਹਾਈ ॥ ਬਿਘਨ ਗਏ ਹਰਿ ਨਾਈ ॥ ੧॥ ਮੇਰਾ ਪ੍ਰਭੁ ਹੋਆ ਸਦਾ ਦਇਆਲਾ ॥ ਅਰਦਾਸਿ ਸੁਣੀ ਭਗਤ ਅਪੁਨੇ ਕੀ, ਸਭ ਜੀਅ ਭਇਆ ਕਿਰਪਾਲਾ ॥ਰਹਾਉ॥ ਪ੍ਰਭ ਕਰਣ ਕਾਰਣ ਸਮਰਾਥਾ ॥ ਹਰਿ ਸਿਮਰਤ ਸਭੁ ਦੁਖੁ ਲਾਥਾ ॥ ਅਪਣੇ ਦਾਸ ਕੀ ਸੁਣੀ ਬੇਨੰਤੀ ॥ ਸਭ ਨਾਨਕ ਸੁਖਿ ਸਵੰਤੀ ॥੨॥ ੧੧॥੭੫॥ (ਹੇ ਭਾਈ! ਅਸੀਂ) ਸਦਾ ਸਦਾ ਹਰੀ ਦਾ ਨਾਮ ਜਪਦੇ ਹਾਂ।ਪ੍ਰਭੂ ਆਪ ਹੀ ਬਾਲਕ (ਹਰਿਗੋਬਿੰਦ ਜੀ ਦੇ) ਰਾਖੇ ਬਣੇ ਹਨ

।(ਉਸ ਨੇ) ਚੇਚਕ ਦੀ ਬਿਮਾਰੀ ਰੋਕ ਕੇ ਹਟਾ ਦਿਤੀ ਹੈ।ਹਰੀ ਦਾ ਨਾਮ ਜਪਣ ਨਾਲ ਸਾਰੇ ਬਿਘਨ ਦੂਰ ਹੋ ਗਏ ਹਨ।੧।(ਹੇ ਭਾਈ! ਅਪਣੇ ਭਗਤਾਂ ਉਤੇ) ਮੇਰਾ ਪ੍ਰਭੂ ਸਦਾ ਦਿਆਲੂ ਹੋਇਆ ਹੈ।(ਉਸ ਨੇ) ਅਪਣੇ ਭਗਤਾਂ (ਸੰਗਤ) ਦੀ ਅਰਦਾਸ ਸੁਣ (ਪ੍ਰਵਾਨ ਕਰ) ਲਈ ਹੈ, (ਉਹ ਪ੍ਰਭੂ ਸੰਗਤ ਦੇ) ਸਾਰੇ ਜੀਵਾਂ ਉਤੇ ਮੇਹਰਵਾਨ ਹੋਇਆ ਹੈ।ਰਹਾਉ।ਪ੍ਰਭੂ ਸਰਬ ਸ਼ਕਤੀਮਾਨ ਹੈ ਤੇ ਸਾਰੇ ਕਾਰਨਾਂ ਦਾ ਵੀ ਕਰਨ ਵਾਲਾ ਹੈ।ਹਰੀ ਨੂੰ ਸਿਮਰਦਿਆਂ ਸਾਰਾ ਦੁਖ ਲਹਿ ਗਿਆ ਹੈ।(ਉਸ ਨੇ) ਅਪਣੇ ਦਾਸ ਦੀ ਬੇਨਤੀ ਸੁਣ ਲਈ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਹੁਣ ਸਾਰੀ ਸੰਗਤ ਸੁਖ ਨਾਲ ਸੌਣ (ਅਨੰਦ ਮਾਨਣ) ਲਗੀ ਹੈ।੨।੧੧।੭੫।

ਪਦਾਰਥ = ਜਾਪੇ–ਜਪਦੇ ਹਾਂ।ਰਾਖੇ–ਰਖਵਾਲੇ।ਸੀਤਲਾ–ਚੇਚਕ ਦੀ ਬਿਮਾਰੀ।ਠਾਕਿ ਰਹਾਈ–ਰੋਕ ਕੇ ਹਟਾ ਦਿਤੀ ਹੈ।ਨਾਈ–ਨਾਮ ;ਸਿਫਤ ਸਲਾਹ।੧।ਜੀਅ–ਜੀਵਾਂ ਉਤੇ।ਭਇਆ–ਹੋਇਆ।ਰਹਾਉ।ਕਰਣ ਕਾਰਣ–ਸਾਰੇ ਕਾਰਣਾਂ ਦਾ ਕਰਨ ਵਾਲਾ; ਜਗਤ ਦਾ ਮੂਲ ਕਾਰਣ।ਸਮਰਾਥਾ–ਸਭ ਸ਼ਕਤੀਆਂ ਦਾ ਮਾਲਕ।ਲਾਥਾ–ਲਹਿ ਗਿਆ।ਸੁਖਿ ਸਵੰਤੀ–ਸੁਖ ਨਾਲ ਸੌਂਦੀ ਹੈ।੨।੧੧।੭੫।

ਨੋਟ = ਜਦ ਗੁਰੂ ਜੀ ਬਡਾਲੀ ਤੋਂ ਬਾਲਕ ਹਰਿਗੋਬਿੰਦ ਜੀ ਨੂੰ ਲੈ ਕੇ ਅੰਮ੍ਰਿਤਸਰ ਸਾਹਿਬ ਆਏ, ਤਦ ਇਹ ਸ਼ਬਦ ਉਚਾਰਿਆ ਹੈ।

ਸੋਰਠਿ ਮਹਲਾ ੫ ॥ ਅਪਨਾ ਗੁਰੂ ਧਿਆਏ ॥ ਮਿਲਿ ਕੁਸਲ ਸੇਤੀ ਘਰਿ ਆਏ ॥ ਨਾਮੈ ਕੀ ਵਡਿਆਈ ॥ ਤਿਸੁ ਕੀਮਤਿ ਕਹਣੁ ਨ ਜਾਈ ॥੧॥ ਸੰਤਹੁ ਹਰਿ ਹਰਿ ਹਰਿ ਆਰਾਧਹੁ ॥ ਹਰਿ ਆਰਾਧਿ ਸਭੋ ਕਿਛੁ ਪਾਈਐ, ਕਾਰਜ ਸਗਲੇ ਸਾਧਹੁ ॥ਰਹਾਉ॥ ਹੇ ਭਾਈ! ਅਸੀਂ) ਅਪਣੇ ਗੁਰੂ ਨੂੰ ਸਿਮਰਿਆ ਹੈ।(ਬਾਲਕ ਹਰਿਗੋਬਿੰਦ ਜੀ ਨਾਲ) ਮਿਲ ਕੇ ਸੁਖ ਸ਼ਾਂਤੀ ਨਾਲ ਅਪਣੇ ਘਰ ਵਿਚ ਆ ਟਿਕੇ ਹਾਂ; (ਪ੍ਰਭੂ ਨੂੰ) ਮਿਲ ਕੇ ਖੁਸ਼ੀ ਨਾਲ ਹਿਰਦੇ ਘਰ ਵਿਚ ਆਏ ਹਾਂ।(ਇਹ ਸਭ ਪ੍ਰਭੂ ਦੇ) ਨਾਮ ਦੀ ਵਡਿਆਈ ਹੈ।ਉਸ (ਨਾਮ) ਦੀ ਕੀਮਤ ਕਹੀ ਨਹੀਂ ਜਾ ਸਕਦੀ।੧।ਹੇ ਸੰਤ ਜਨੋਂ! ਹਰੀ ਦਾ ਹਰਿ ਹਰਿ ਨਾਮ ਸਿਮਰੋ।ਹਰੀ ਦਾ ਨਾਮ ਸਿਮਰ ਕੇ ਸਭ ਕੁਛ (ਹਰੇਕ ਪਦਾਰਥ) ਪਾ ਲਈਦਾ ਹੈ, (ਤੁਸੀਂ ਵੀ ਉਸ ਨੂੰ ਸਿਮਰ ਕੇ ਅਪਣੇ) ਸਾਰੇ ਕਾਰਜ ਸਵਾਰ (ਪੂਰੇ ਕਰ) ਲਵੋ।ਰਹਾਉ।

ਅੰਗ ੬੨੮ = ਪ੍ਰੇਮ ਭਗਤਿ ਪ੍ਰਭ ਲਾਗੀ ॥ ਸੋ ਪਾਏ ਜਿਸੁ ਵਡਭਾਗੀ ॥ ਜਨ ਨਾਨਕ ਨਾਮੁ ਧਿਆਇਆ ॥ ਤਿਨਿ ਸਰਬ ਸੁਖਾ ਫਲ ਪਾਇਆ ॥੨॥੧੨॥੭੬॥ (ਹੇ ਭਾਈ! ਨਾਮ ਜਪਦਿਆਂ ਹਰੀ ਦੀ) ਪ੍ਰੇਮਾ ਭਗਤੀ ਵਿਚ (ਬਿਰਤੀ) ਜੁੜ ਗਈ ਹੈ।ਜਿਸ ਮਨੁੱਖ ਦੇ ਵੱਡੇ ਭਾਗ ਹੁੰਦੇ ਹਨ, ਉਹ (ਪ੍ਰੇਮਾ ਭਗਤੀ) ਪ੍ਰਾਪਤ ਕਰਦਾ ਹੈ।ਦਾਸ ਨਾਨਕ ਆਖਦਾ ਹੈ ਕਿ (ਜਿਸ ਮਨੁੱਖ ਨੇ ਹਰੀ ਦਾ) ਨਾਮ ਸਿਮਰਿਆ ਹੈ।ਉਸ ਨੇ ਸਾਰੇ ਸੁਖ ਦੇਣ ਵਾਲਾ ਫਲ (ਆਤਮ ਅਨੰਦ) ਪਾ ਲਿਆ ਹੈ।੨।੧੨।੭੬।

ਪਦਾਰਥ = ਧਿਆਏ–ਸਿਮਰਿਆ।ਕੁਸਲ ਸੇਤੀ–ਖੁਸ਼ੀ ਨਾਲ; ਸੁਖ ਸ਼ਾਂਤੀ ਨਾਲ।ਘਰਿ–(ਅੰਮ੍ਰਿਤਸਰ) ਘਰ ਵਿਚ; ਹਿਰਦੇ ਘਰ ਵਿਚ ।ਤਿਸੁ–ਉਸ ਦੀ।੧।ਸੰਤਹੁ–ਹੇ ਸੰਤ ਜਨੋਂ!।ਆਰਾਧਹੁ–ਸਿਮਰੋ।ਆਰਾਧਿ–ਸਿਮਰ ਕੇ।ਸਭੋ ਕਿਛੁ–ਸਭ ਕੁਛ (ਹਰੇਕ ਪਦਾਰਥ)। ਕਾਰਜ–ਕੰਮ।ਸਗਲੇ–ਸਾਰੇ।ਸਾਧਹੁ–ਸਵਾਰ (ਪੂਰੇ ਕਰ) ਲਵੋ।ਰਹਾਉ।ਪ੍ਰੇਮ ਭਗਤਿ–ਪ੍ਰੇਮ ਨਾਲ ਕਰਨ ਵਾਲੀ ਭਗਤੀ।ਲਾਗੀ–ਲਗ (ਜੁੜ) ਗਈ।ਸੋ–ਉਹ।ਤਿਨਿ–ਉਸ ਨੇ।ਸਰਬ ਸੁਖਾ ਫਲ–ਸਾਰੇ ਸੁਖ ਦੇਣ ਵਾਲਾ ਫਲ।੨।੧੨।੭੬।

ਸੋਰਠਿ ਮਹਲਾ ੫ ॥ ਪਰਮੇਸਰਿ ਦਿਤਾ ਬੰਨਾ ॥ ਦੁਖ ਰੋਗ ਕਾ ਡੇਰਾ ਭੰਨਾ ॥ ਅਨਦ ਕਰਹਿ ਨਰ ਨਾਰੀ ॥ ਹਰਿ ਹਰਿ ਪ੍ਰਭਿ ਕਿਰਪਾ ਧਾਰੀ ॥੧॥ ਸੰਤਹੁ ਸੁਖੁ ਹੋਆ ਸਭ ਥਾਈ ॥ ਪਾਰਬ੍ਰਹਮੁ ਪੂਰਨ ਪਰਮੇਸਰੁ ,ਰਵਿ ਰਹਿਆ ਸਭਨੀ ਜਾਈ ॥ਰਹਾਉ॥ ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥ ਦਇਆਲ ਪੁਰਖ ਮਿਹਰਵਾਨਾ ॥ ਹਰਿ ਨਾਨਕ ਸਾਚੁ ਵਖਾਨਾ ॥੨॥੧੩॥੭੭॥ (ਹੇ ਭਾਈ! ਸਾਨੂੰ) ਪ੍ਰਮੇਸਰ ਨੇ ਆਸਰਾ ਦਿਤਾ ਹੈ।(ਪ੍ਰਭੂ ਨੇ) ਦੁੱਖਾਂ ਤੇ ਰੋਗਾਂ ਦਾ ਡੇਰਾ ਭੰਨ ਦਿਤਾ ਹੈ।(ਇਹ ਸਭ) ਹਰੀ ਪ੍ਰਭੂ ਨੇ ਕ੍ਰਿਪਾ ਕੀਤੀ ਹੈ।(ਜਿਸ ਕਰਕੇ) ਸਭ ਪੁਰਖ ਤੇ ਇਸਤ੍ਰੀਆਂ ਖੁਸ਼ੀਆਂ ਮਾਣ ਰਹੇ ਹਨ।੧।ਹੇ ਸੰਤ ਜਨੋਂ! (ਉਨ੍ਹਾਂ ਪੁਰਖਾਂ ਨੂੰ) ਸਭ ਥਾਂ ਸੁਖ ਪ੍ਰਾਪਤ ਹੋਇਆ ਹੈ।(ਜਿਨ੍ਹਾਂ ਨੇ ਜਾਣਿਆ ਹੈ ਕਿ) ਪ੍ਰਮੇਸਰ ਪੂਰਨ ਤੌਰ ਤੇ ਸਭ ਜਗ੍ਹਾ ਵਿਆਪਕ ਹੋ ਰਿਹਾ ਹੈ।ਰਹਾਉ।(ਹੇ ਭਾਈ!) ਧੁਰ ਦਰਗਾਹ ਤੋਂ ਪ੍ਰਭੂ ਦੀ ਬਾਣੀ ਆਈ (ਸਾਨੂੰ ਸਫੁਰਨ ਹੋਈ) ਹੈ।ਉਸ (ਬਾਣੀ) ਨੇ ਸਾਰੀ ਚਿੰਤਾ ਮਿਟਾ ਦਿਤੀ ਹੈ।ਦਇਆ ਦਾ ਘਰ ਅਕਾਲ ਪੁਰਖ (ਸਾਡੇ ਤੇ) ਮੇਹਰਵਾਨ ਹੋਇਆ ਹੈ।(ਜਿਸ ਕਰਕੇ) ਨਾਨਕ ਹਰੀ ਦਾ ਸੱਚਾ ਨਾਮ ਉਚਾਰਦਾ ਹੈ।੨।੧੩।੭੭।

ਪਦਾਰਥ = ਪਰਮੇਸਰਿ–ਪ੍ਰਮੇਸਰ ਨੇ।ਬੰਨਾ–ਆਸਰਾ; ਪੁਤ੍ਰ; (ਵਿਸ਼ੇ ਵਿਕਾਰਾਂ ਵਿਚ ਰੁੜ੍ਹੇ ਜਾਂਦੇ ਨੂੰ) ਬੰਨ੍ਹ ਲਾ (ਰੋਕ) ਦਿਤਾ।ਡੇਰਾ–ਟਿਕਾਣਾ।ਭੰਨਾ–ਤੋੜ (ਨਾਸ਼ ਕਰ) ਦਿਤਾ।ਕਰਹਿ–ਕਰਦੇ (ਮਨਾ ਰਹੇ) ਹਨ।ਨਰ ਨਾਰੀ–ਪੁਰਖ ਤੇ ਇਸਤ੍ਰੀਆਂ।ਪ੍ਰਭਿ–ਪ੍ਰਭੂ ਨੇ। ਧਾਰੀ–ਕੀਤੀ।੧।ਸੰਤਹੁ–ਹੇ ਸੰਤ ਜਨੋਂ!।ਥਾਈ–ਥਾਵਾਂ ਤੇ।ਪੂਰਨ–ਪੂਰਨ ਤੌਰ ਤੇ; ਭਰਪੂਰ।ਰਵਿ ਰਹਿਆ–ਵਿਆਪਕ ਹੋ ਰਿਹਾ ਹੈ।ਸਭਨੀ ਜਾਈ–ਸਭ ਜਗ੍ਹਾ।ਰਹਾਉ।ਧੁਰ ਕੀ ਬਾਣੀ–ਧੁਰ ਦਰਗਾਹ ਤੋਂ ਪ੍ਰਭੂ ਦੀ ਬਾਣੀ।ਆਈ–ਉਤਰ ਆਈ ਹੈ।ਤਿਨਿ–ਉਸ (ਬਾਣੀ) ਨੇ।ਸਗਲੀ–ਸਾਰੀ।ਪੁਰਖ–ਅਕਾਲ ਪੁਰਖ।ਸਾਚੁ–ਸੱਚਾ ਨਾਮ।ਵਖਾਨਾ–ਉਚਾਰਦਾ ਹੈ।੨।੧੩।੭੭।

ਸੋਰਠਿ ਮਹਲਾ ੫ ॥ ਐਥੈ ਓਥੈ ਰਖਵਾਲਾ ॥ ਪ੍ਰਭ ਸਤਿਗੁਰ ਦੀਨ ਦਇਆਲਾ ॥ ਦਾਸ ਅਪਨੇ ਆਪਿ ਰਾਖੇ ॥ ਘਟਿ ਘਟਿ ਸਬਦੁ ਸੁਭਾਖੇ ॥੧॥ ਗੁਰ ਕੇ ਚਰਣ ਊਪਰਿ ਬਲਿ ਜਾਈ ॥ ਦਿਨਸੁ ਰੈਨਿ ਸਾਸਿ ਸਾਸਿ ਸਮਾਲੀ, ਪੂਰਨੁ ਸਭਨੀ ਥਾਈ ॥ਰਹਾਉ॥ ਆਪਿ ਸਹਾਈ ਹੋਆ ॥ ਸਚੇ ਦਾ ਸਚਾ ਢੋਆ ॥ ਤੇਰੀ ਭਗਤਿ ਵਡਿਆਈ ॥ ਪਾਈ ਨਾਨਕ ਪ੍ਰਭ ਸਰਣਾਈ ॥੨॥੧੪॥੭੮॥ (ਹੇ ਭਾਈ! ਪ੍ਰਭੂ ਜੀਵਾਂ ਦਾ) ਇਸ ਲੋਕ ਵਿਚ ਤੇ ਪ੍ਰਲੋਕ ਵਿਚ ਵੀ ਰੱਖਿਆ ਕਰਨ ਵਾਲਾ ਹੈ। ਪ੍ਰਭੂ ਦਾ ਰੂਪ ਸਤਿਗੁਰੂ ਨਿਆਣਿਆਂ ਉਤੇ ਦਇਆ ਕਰਨ ਵਾਲਾ ਹੈ। (ਪ੍ਰਭੂ ਨੇ) ਅਪਣੇ ਦਾਸਾਂ ਦੀ ਆਪ ਰੱਖਿਆ ਕੀਤੀ ਹੈ। ਘਟ ਘਟ (ਸਭ ਲੋਕਾਂ) ਵਿਚ ਗੁਰ ਦਾ ਸ਼ਬਦ ਚੰਗੀ ਤਰ੍ਹਾਂ ਉਚਾਰਨ ਹੋਣ ਲਗ ਪਿਆ ਹੈ (ਸ਼ਬਦਾਰਥ); ਪ੍ਰਭੂ ਸ਼ਬਦ ਰੂਪ ਵਿਚ ਹਰੇਕ ਘਟ ਵਿਚ ਚੰਗੀ ਤਰ੍ਹਾਂ ਬੋਲ ਰਿਹਾ ਹੈ।੧। (ਹੇ ਭਾਈ!) ਮੈਂ ਗੁਰੂ ਦੇ ਚਰਣਾਂ ਉਪਰੋਂ ਸਦਕੇ ਜਾਂਦਾ ਹਾਂ। (ਗੁਰੂ ਦੀ ਕ੍ਰਿਪਾ ਨਾਲ) ਮੈਂ ਦਿਨ ਰਾਤ ਸੁਆਸ ਸੁਆਸ (ਪ੍ਰਭੂ ਦਾ ਨਾਮ) ਸਿਮਰਦਾ ਹਾਂ, ਜੋ ਸਭ ਥਾਂ ਪਰੀ ਪੂਰਨ ਹੈ। ਰਹਾਉ। (ਹੇ ਭਾਈ! ਪ੍ਰਭੂ ਸਾਡਾ) ਆਪ ਸਹਾਈ ਹੋਇਆ ਹੈ। ਸੱਚੇ ਪ੍ਰਭੂ ਦੀ ਦਾਤ ਵੀ ਸੱਚੀ ਹੈ। ਹੇ ਪ੍ਰਭੂ! ਤੇਰੀ ਸਰਣ ਵਿਚ ਤੇਰੀ ਭਗਤੀ ਕਰਕੇ ਨਾਨਕ ਨੇ ਵਡਿਆਈ ਪ੍ਰਾਪਤ ਕੀਤੀ ਹੈ।੨।੧੪।੭੮।

ਪਦਾਰਥ = ਐਥੈ–ਇਸ ਲੋਕ ਵਿਚ। ਓਥੈ–ਪਰਲੋਕ ਵਿਚ। ਰਖਵਾਲਾ–ਰੱਖਿਆ ਕਰਨ ਵਾਲਾ। ਦੀਨ ਦਇਆਲਾ–ਨਿਮਾਣਿਆਂ ਉਤੇ ਦਇਆ ਕਰਨ ਵਾਲਾ। ਰਾਖੇ–ਰੱਖਿਆ ਕੀਤੀ। ਘਟਿ ਘਟਿ–ਹਰੇਕ ਸਰੀਰ ਵਿਚ। ਸਬਦੁ–ਗੁਰੂ ਦਾ ਸ਼ਬਦ; ਪ੍ਰਭੂ। ਸੁਭਾਖੇ–ਚੰਗੀ ਤਰ੍ਹਾਂ ਬੋਲ ਰਿਹਾ ਹੈ।੧। ਬਲਿ ਜਾਈ–ਸਦਕੇ ਜਾਂਦਾ ਹਾਂ। ਦਿਨਸੁ ਰੈਨਿ–ਦਿਨ ਰਾਤ। ਸਾਸਿ ਸਾਸਿ–ਹਰੇਕ ਸਾਹ ਨਾਲ। ਸਮਾਲੀ–ਸਿਮਰਦਾ ਹਾਂ। ਪੂਰਨ–ਵਿਆਪਕ। ਸਭਨੀ ਥਾਈ–ਸਭ ਜਗ੍ਹਾ। ਰਹਾਉ। ਸਹਾਈ–ਸਹਾਇਤਾ ਕਰਨ ਵਾਲਾ। ਸਚੇ ਦਾ–ਸੱਚੇ ਪ੍ਰਭੂ ਦਾ। ਸਚਾ–ਸਦਾ ਕਾਇਮ ਰਹਿਣ ਵਾਲੀ। ਢੋਆ–ਦਾਤ; ਬਖਸ਼ਿਸ਼; ਆਸਰਾ। ਪਾਈ–ਪ੍ਰਾਪਤ ਕੀਤੀ ਹੈ। ਪ੍ਰਭ–ਹੇ ਪ੍ਰਭੂ!।੨।੧੪।੭੮।

ਸੋਰਠਿ ਮਹਲਾ ੫ ॥ ਸਤਿਗੁਰ ਪੂਰੇ ਭਾਣਾ ॥ ਤਾ ਜਪਿਆ ਨਾਮੁ ਰਮਾਣਾ ॥ ਗੋਬਿੰਦ ਕਿਰਪਾ ਧਾਰੀ ॥ ਪ੍ਰਭਿ ਰਾਖੀ ਪੈਜ ਹਮਾਰੀ ॥ ੧॥ ਹਰਿ ਕੇ ਚਰਨ ਸਦਾ ਸੁਖਦਾਈ ॥ ਜੋ ਇਛਹਿ ਸੋਈ ਫਲੁ ਪਾਵਹਿ, ਬਿਰਥੀ ਆਸ ਨ ਜਾਈ ॥੧॥ਰਹਾਉ॥ ਕ੍ਰਿਪਾ ਕਰੇ ਜਿਸੁ ਪ੍ਰਾਨਪਤਿ ਦਾਤਾ, ਸੋਈ ਸੰਤੁ ਗੁਣ ਗਾਵੈ ॥ ਪ੍ਰੇਮ ਭਗਤਿ ਤਾ ਕਾ ਮਨੁ ਲੀਣਾ, ਪਾਰਬ੍ਰਹਮ ਮਨਿ ਭਾਵੈ ॥੨॥ ਆਠ ਪਹਰ ਹਰਿ ਕਾ ਜਸੁ ਰਵਣਾ, ਬਿਖੈ ਠਗਉਰੀ ਲਾਥੀ ॥ ਸੰਗਿ ਮਿਲਾਇ ਲੀਆ ਮੇਰੈ ਕਰਤੈ, ਸੰਤ ਸਾਧ ਭਏ ਸਾਥੀ ॥੩॥ ਕਰੁ ਗਹਿ ਲੀਨੇ ਸਰਬਸੁ ਦੀਨੇ, ਆਪਹਿ ਆਪੁ ਮਿਲਾਇਆ ॥ ਕਹੁ ਨਾਨਕ ਸਰਬ ਥੋਕ ਪੂਰਨ, ਪੂਰਾ ਸਤਿਗੁਰੁ ਪਾਇਆ ॥੪॥੧੫॥੭੯॥ (ਹੇ ਭਾਈ!) ਪੂਰੇ ਸਤਿਗੁਰੂ ਨੂੰ ਚੰਗਾ ਲਗਾ (ਗੁਰੂ ਪ੍ਰਸੰਨ ਹੋਇਆ। ਤਾਂ ਅਸੀਂ) ਰਾਮ ਦਾ ਨਾਮ ਜਪਿਆ। ਗੋਬਿੰਦ ਨੇ (ਸਾਡੇ ਤੇ) ਕ੍ਰਿਪਾ ਕੀਤੀ। ਪ੍ਰਭੂ ਨੇ ਸਾਡੀ ਪੈਜ ਰੱਖ ਲਈ ਹੈ।੧। (ਹੇ ਭਾਈ!) ਹਰੀ ਦੇ ਚਰਨ ਸਦਾ ਹੀ ਸੁਖ ਦੇਣ ਵਾਲੇ ਹਨ। (ਪ੍ਰਭੂ ਦੇ ਚਰਨਾਂ ਦਾ ਆਸਰਾ ਲੈਣ ਵਾਲੇ ਮਨੁੱਖ) ਜੋ ਇੱਛਾ ਕਰਦੇ ਹਨ, ਉਹ ਹੀ ਫਲ ਪਾ ਲੈਂਦੇ ਹਨ, (ਉਨ੍ਹਾਂ ਦੀ ਕੋਈ ਵੀ) ਆਸ ਬਿਰਥੀ ਨਹੀਂ ਜਾਂਦੀ।੧। ਰਹਾਉ। (ਹੇ ਭਾਈ! ਜੀਵਾਂ ਦੇ) ਪ੍ਰਾਣਾਂ ਦਾ ਪਤੀ ਦਾਤਾਰ ਪ੍ਰਭੂ ਜਿਸ ਉਤੇ ਕ੍ਰਿਪਾ ਕਰਦਾ ਹੈ, ਉਹ ਹੀ ਸੰਤ ਪ੍ਰਭੂ ਦੇ ਗੁਣ ਗਾਉਂਦਾ ਹੈ। ਉਸ (ਸੰਤ) ਦਾ ਮਨ ਪ੍ਰਭੂ ਦੀ ਪ੍ਰੇਮਾ ਭਗਤੀ ਵਿਚ ਲੀਨ ਰਹਿੰਦਾ ਹੈ, ਪਾਰਬ੍ਰਹਮ (ਉਸ ਦੇ) ਮਨ ਵਿਚ ਪਿਆਰਾ ਲਗਦਾ ਹੈ; ਪਾਰਬ੍ਰਹਮ ਦੇ ਮਨ ਵਿਚ (ਉਹ ਸੰਤ) ਪਿਆਰਾ ਲਗਦਾ ਹੈ।੨। (ਹੇ ਭਾਈ!) ਅੱਠੇ ਪਹਿਰ ਹਰੀ ਦਾ ਜਸ ਗਾਉਣ ਨਾਲ ਵਿਸ਼ਿਆਂ ਦੀ ਠਗ ਬੂਟੀ (ਦਾ ਨਸ਼ਾ) ਲਹਿ ਗਿਆ ਹੈ। ਮੇਰੇ ਕਰਤਾਰ ਨੇ ਮੈਨੂੰ ਅਪਣੇ ਨਾਲ ਮਿਲਾ ਲਿਆ ਅਤੇ ਸ੍ਰੇਸ਼ਟ ਸੰਤ ਮੇਰੇ ਸਾਥੀ ਬਣ ਗਏ ਹਨ।੩। ਹਰੀ ਨੇ ਹੱਥ ਪਕੜ ਲਿਆ (ਸਾਨੂੰ ਅਪਣਾ ਬਣਾ ਲਿਆ ਤੇ) ਸਭ ਪਦਾਰਥ ਦੇ ਦਿਤੇ ਅਤੇ ਆਪ ਹੀ (ਸਾਨੂੰ) ਅਪਣੇ ਨਾਲ ਮਿਲਾ ਲਿਆ। ਨਾਨਕ ਗੁਰੂ ਜੀ ਆਖਦੇ ਹਨ ਕਿ ਸਾਰੇ ਪਦਾਰਥਾਂ ਨਾਲ ਪੂਰਨ ਜੋ ਪੂਰਾ ਸਤਿਗੁਰੂ ਹੈ (ਉਸ ਨੂੰ ਅਸੀਂ) ਪਾ ਲਿਆ ਹੈ; (ਜਦ ਅਸੀਂ) ਪੂਰਾ ਸਤਿਗੁਰੂ ਪਾ ਲਿਆ, (ਤਾਂ ਸਾਡੇ) ਸਾਰੇ ਕੰਮ ਪੂਰਨ (ਸਫਲ) ਹੋ ਗਏ।੨।੧੫।੭੯।

ਪਦਾਰਥ = ਭਾਣਾ–ਚੰਗਾ ਲੱਗਾ। ਤਾ–ਤਾਂ; ਤਦੋਂ। ਰਮਾਣਾ–(ਸਰਬ ਵਿਆਪਕ) ਰਾਮ ਦਾ। ਧਾਰੀ–ਕੀਤੀ। ਪ੍ਰਭਿ–ਪ੍ਰਭੂ ਨੇ। ਪੈਜ–ਇੱਜਤ।੧। ਸੁਖਦਾਈ–ਸੁਖ ਦੇਣ ਵਾਲੇ। ਇਛਹਿ–ਇੱਛਾ ਕਰਦੇ ਹਨ। ਸੋਈ–ਉਹ ਹੀ। ਪਾਵਹਿ–ਪਾ ਲੈਂਦੇ ਹਨ।੧। ਰਹਾਉ। ਪ੍ਰਾਨ ਪਤਿ–ਪ੍ਰਾਣਾਂ ਦਾ ਪਤੀ ਪ੍ਰਭੂ। ਪ੍ਰੇਮ ਭਗਤਿ–ਪ੍ਰੇਮ ਵਾਲੀ ਭਗਤੀ। ਤਾ ਕਾ–ਉਸ ਦਾ। ਲੀਣਾ–ਮਸਤ ਰਹਿੰਦਾ ਹੈ। ਮਨਿ ਭਾਵੈ–ਮਨ ਵਿਚ ਪਿਆਰਾ ਲਗਦਾ ਹੈ।੨। ਰਵਣਾ–ਗਾਉਣ ਨਾਲ। ਬਿਖੈ ਠਗਉਰੀ–ਵਿਸ਼ਿਆਂ ਦੀ ਨਸ਼ੀਲੀ ਬੂਟੀ, ਜਿਸ ਨਾਲ ਬੇਹੋਸ਼ ਕਰਕੇ ਠੱਗ ਲੋਕ ਲੁੱਟ ਲੈਂਦੇ ਹਨ। ਲਾਥੀ–ਲਹਿ ਗਿਆ। ਸੰਗਿ–ਨਾਲ। ਕਰਤੈ–ਕਰਤਾਰ ਨੇ। ਸਾਧ–ਸ੍ਰੇਸ਼ਟ। ਭਏ–ਹੋ (ਬਣ) ਗਏ।੩। ਕਰੁ–ਹੱਥ। ਗਹਿ ਲੀਨੇ–ਪਕੜ ਲਿਆ। ਸਰਬਸੁ ਦੀਨੇ–ਸਭ (ਪਦਾਰਥ) ਦੇ ਦਿਤੇ। ਆਪਹਿ ਆਪੁ–ਆਪ ਹੀ ਅਪਣੇ ਨਾਲ। ਸਰਬ ਥੋਕ–ਸਾਰੇ ਪਦਾਰਥ; ਸਾਰੇ ਕੰਮ। ਪੂਰਨ–ਪੂਰੇ (ਸਫਲ) ਹੋ ਗਏ।੨।੧੫।੭੯।

ਉਥਾਨਕਾ = ਈਰਖਾ ਵਸ ਹੋ ਕੇ ਪ੍ਰਿਥੀ ਚੰਦ ਸੁਲਹੀ ਖਾਨ ਨੂੰ ਗੁਰੂ ਅਰਜਨ ਦੇਵ ਜੀ ਤੇ ਚੜ੍ਹਾ ਕੇ ਲਿਆਇਆ, ਤਾਂ ਉਸ ਵੇਲੇ ਅਪਣੀ ਰੱਖਿਆ ਲਈ ਕਥਨ ਕਰਦੇ ਹਨ ਕਿ ਗਰੀਬੀ ਅਤੇ ਸਭ ਦੇ ਚਰਨਾਂ ਦੀ ਧੂੜ ਹੋਣਾ ਸਾਡੇ ਹਥਿਆਰ ਹਨ।

ਸੋਰਠਿ ਮਹਲਾ ੫ ॥ ਗਰੀਬੀ ਗਦਾ ਹਮਾਰੀ ॥ ਖੰਨਾ ਸਗਲ ਰੇਨੁ ਛਾਰੀ ॥ ਇਸੁ ਆਗੈ ਕੋ ਨ ਟਿਕੈ ਵਿਕਾਰੀ ॥ ਗੁਰ ਪੂਰੇ ਏਹ ਗਲ ਸਾਰੀ ॥੧॥ ਹਰਿ ਹਰਿ ਨਾਮੁ ਸੰਤਨ ਕੀ ਓਟਾ ॥ ਜੋ ਸਿਮਰੈ ਤਿਸ ਕੀ ਗਤਿ ਹੋਵੈ, ਉਧਰਹਿ ਸਗਲੇ ਕੋਟਾ ॥੧॥ਰਹਾਉ॥ ਸੰਤ ਸੰਗਿ ਜਸੁ ਗਾਇਆ ॥ ਇਹੁ ਪੂਰਨ ਹਰਿ ਧਨੁ ਪਾਇਆ ॥ ਕਹੁ ਨਾਨਕ ਆਪੁ ਮਿਟਾਇਆ ॥ ਸਭੁ ਪਾਰਬ੍ਰਹਮੁ ਨਦਰੀ ਆਇਆ ॥੨॥੧੬॥੮੦॥ (ਹੇ ਭਾਈ!) ਨਿਮਰ ਸੁਭਾਵ ਸਾਡੀ ਗੁਰਜ ਹੈ।ਸਭ ਦੀ ਚਰਨ ਧੂੜ ਬਣ ਜਾਣਾ (ਸਾਡੇ ਪਾਸ ਜਾਲਮਾਂ ਨੂੰ) ਸੁਆਹ ਕਰ ਦੇਣ ਵਾਲਾ ਖੰਡਾ ਹੈ।ਇਸ (ਹਥਿਆਰ) ਅੱਗੇ ਕੋਈ ਪਾਪੀ ਠਹਿਰ ਨਹੀਂ ਸਕਦਾ।ਪੂਰੇ ਗੁਰ ਨੇ (ਸਾਨੂੰ) ਇਹ ਗਲ ਦੱਸੀ ਹੈ।੧।ਪ੍ਰਭੂ ਦਾ ਹਰਿ ਹਰਿ ਨਾਮ ਸੰਤਾਂ ਦੀ ਓਟ ਹੈ।ਜੋ (ਮਨੁੱਖ ਹਰੀ ਦਾ ਨਾਮ) ਸਿਮਰਦਾ ਹੈ, ਉਸ ਦੀ ਮੁਕਤੀ ਹੋ ਜਾਂਦੀ ਹੈ, (ਉਸ ਦੇ ਨਾਲ ਹੋਰ ਬਹੁਤ) ਸਾਰੇ ਕ੍ਰੋੜਾਂ ਜੀਵ ਮੁਕਤ ਹੋ ਜਾਂਦੇ ਹਨ।੧।ਰਹਾਉ।(ਹੇ ਭਾਈ! ਅਸੀਂ) ਸੰਤਾਂ ਦੀ ਸੰਗਤ ਵਿਚ ਹਰੀ ਦਾ ਜਸ ਗਾਇਆ ਹੈ।ਹਰੀ ਦਾ ਜੋ ਨਾਮ ਹੈ, ਏਹੁ (ਅਸੀਂ) ਪੂਰਨ ਧਨ ਪਾਇਆ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਨਾਮ ਜਪ ਕੇ ਅਸੀਂ) ਆਪਾ ਭਾਵ ਮਿਟਾ ਦਿਤਾ ਹੈ।(ਹੁਣ ਸਾਨੂੰ) ਸਾਰਾ ਜਗਤ ਪ੍ਰਭੂ ਰੂਪ ਨਜਰ ਆਇਆ ਹੈ।੨।੧੬।੮੦।

ਪਦਾਰਥ = ਗਰੀਬੀ–ਨਿਮ੍ਰਤਾ ਵਾਲਾ ਸੁਭਾਵ।ਗਦਾ–ਗੁਰਜ।ਹਮਾਰੀ–ਸਾਡੀ।ਖੰਨਾ–ਖੰਡਾ।ਸਗਲ–ਸਭ ਦੀ।ਰੇਨੁ–ਚਰਨ ਧੂੜ। ਛਾਰੀ–ਸੁਆਹ।ਕੋ ਨ ਟਿਕੈ–ਕੋਈ ਨਹੀਂ ਠਹਿਰ ਸਕਦਾ।ਵਿਕਾਰੀ–ਪਾਪੀ; ਕੁਕਰਮੀ।ਸਾਰੀ–ਕਹੀ ਹੈ; ਸਮਝਾਈ ਹੈ।੧।ਓਟਾ–ਆਸਰਾ।ਗਤਿ–ਮੁਕਤੀ।ਉਧਰਹਿ–ਮੁਕਤ ਹੋ ਜਾਂਦੇ ਹਨ।ਕੋਟਾ–ਕ੍ਰੋੜਾਂ।੧।ਰਹਾਉ।ਸੰਤ ਸੰਗਿ–ਸੰਤਾਂ ਦੀ ਸੰਗਤ ਵਿਚ।ਪੂਰਨ–ਮੁਕੰਮਲ (ਅਮੁੱਕ)।ਆਪੁ–ਆਪਾ ਭਾਵ (ਹੰਕਾਰ)।ਨਦਰੀ ਆਇਆ–ਨਜਰ ਆਇਆ।੨।੧੬।੮੦।

ਸੋਰਠਿ ਮਹਲਾ ੫ ॥ ਗੁਰਿ ਪੂਰੈ ਪੂਰੀ ਕੀਨੀ ॥ ਬਖਸ ਅਪੁਨੀ ਕਰਿ ਦੀਨੀ ॥ ਨਿਤ ਅਨੰਦ ਸੁਖ ਪਾਇਆ ॥ ਥਾਵ ਸਗਲੇ ਸੁਖੀ ਵਸਾਇਆ ॥੧॥ ਹਰਿ ਕੀ ਭਗਤਿ ਫਲ ਦਾਤੀ ॥ (ਹੇ ਭਾਈ! ਸਾਡੇ ਤੇ) ਪੂਰੇ ਗੁਰੂ ਨੇ ਪੂਰੀ ਕ੍ਰਿਪਾ ਕੀਤੀ ਹੈ।(ਜੋ ਉਸ ਨੇ) ਅਪਣੀ ਭਗਤੀ ਦੀ ਦਾਤ ਬਖਸ਼ਿਸ਼ ਕਰਕੇ ਦਿਤੀ ਹੈ।(ਗੁਰੂ ਦੀ ਕ੍ਰਿਪਾ ਨਾਲ ਅਸੀਂ) ਨਿਤ ਸੁਖ ਅਨੰਦ ਪਾਇਆ ਹੈ।ਸਭ ਥਾਵਾਂ ਤੇ (ਗੁਰੂ ਨੇ ਸਾਨੂੰ) ਸੁਖੀ ਵਸਾਇਆ ਹੈ; ਸਾਰੇ ਅਸਥਾਨ ਸੁਖੀ ਵਸਾ ਦਿਤੇ ਹਨ।੧।ਹਰੀ ਦੀ ਭਗਤੀ ਸਭ ਫਲ ਦੇਣ ਵਾਲੀ ਹੈ।

ਅੰਗ ੬੨੯ = ਗੁਰਿ ਪੂਰੈ ਕਿਰਪਾ ਕਰਿ ਦੀਨੀ, ਵਿਰਲੈ ਕਿਨਹੀ ਜਾਤੀ ॥ਰਹਾਉ॥ ਗੁਰਬਾਣੀ ਗਾਵਹ ਭਾਈ ॥ ਓਹ ਸਫਲ ਸਦਾ ਸੁਖਦਾਈ ॥ ਨਾਨਕ ਨਾਮੁ ਧਿਆਇਆ ॥ ਪੂਰਬਿ ਲਿਖਿਆ ਪਾਇਆ ॥੨॥੧੭॥੮੧॥ ਪੂਰੇ ਗੁਰੂ ਨੇ ਕ੍ਰਿਪਾ ਕਰਕੇ (ਸਾਨੂੰ ਭਗਤੀ ਦੀ ਦਾਤ) ਦਿਤੀ ਹੈ, (ਪਰ ਇਸ ਦੀ ਕਦਰ) ਕਿਸੇ ਵਿਰਲੇ ਮਨੁੱਖ ਨੇ ਹੀ ਜਾਣੀ ਹੈ।ਰਹਾਉ।ਹੇ ਭਾਈ! ਅਸੀਂ ਗੁਰੂ ਦੀ ਬਾਣੀ ਗਾਉਂਦੇ ਹਾਂ।ਉਹ (ਬਾਣੀ) ਫਲ ਸਮੇਤ ਸੁਖ ਦੇਣ ਵਾਲੀ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ ਮਨੁੱਖ ਨੇ ਪ੍ਰਭੂ ਦਾ) ਨਾਮ ਸਿਮਰਿਆ ਹੈ।(ਉਸ ਨੇ) ਪਹਿਲੇ ਜਨਮ ਵਿਚ ਲਿਖੇ ਲੇਖ ਅਨੁਸਾਰ (ਹਰੀ ਦਾ ਨਾਮ) ਪਾਇਆ ਹੈ।੨।੧੭।੮੧।

ਪਦਾਰਥ = ਗੁਰਿ ਪੂਰੈ–ਪੂਰੇ ਗੁਰੂ ਨੇ।ਪੂਰੀ ਕੀਨੀ–ਪੂਰੀ ਕ੍ਰਿਪਾ ਕੀਤੀ।ਬਖਸ ਕਰਿ–ਬਖਸ਼ਿਸ਼ ਕਰਕੇ।ਦੀਨੀ–ਦਿਤੀ ਹੈ।ਨਿਤ–ਰੋਜ; ਸਦਾ।ਥਾਵ–ਅਸਥਾਨ।ਸਗਲੇ–ਸਾਰੇ।੧।ਦਾਤੀ–ਦੇਣ ਵਾਲੀ ਹੈ।ਵਿਰਲੈ ਕਿਨਹੀ–ਕਿਸੇ ਵਿਰਲੇ ਨੇ ਹੀ।ਜਾਤੀ–ਜਾਣੀ ਹੈ।੧।ਗਾਵਹ–ਅਸੀਂ ਗਾਉਂਦੇ ਹਾਂ।ਭਾਈ–ਹੇ ਭਾਈ!।ਸੁਖਦਾਈ–ਸੁਖ ਦੇਣ ਵਾਲੀ।ਪੂਰਬਿ–ਪਹਿਲੇ ਜਨਮ ਵਿਚ।੨।੧੭।੮੧।

ਸੋਰਠਿ ਮਹਲਾ ੫ ॥ ਗੁਰੁ ਪੂਰਾ ਆਰਾਧੇ ॥ ਕਾਰਜ ਸਗਲੇ ਸਾਧੇ ॥ ਸਗਲ ਮਨੋਰਥ ਪੂਰੇ ॥ ਬਾਜੇ ਅਨਹਦ ਤੂਰੇ ॥੧॥ ਸੰਤਹੁ ਰਾਮੁ ਜਪਤ ਸੁਖੁ ਪਾਇਆ ॥ ਸੰਤ ਅਸਥਾਨਿ ਬਸੇ ਸੁਖ ਸਹਜੇ, ਸਗਲੇ ਦੂਖ ਮਿਟਾਇਆ ॥੧॥ਰਹਾਉ॥ ਗੁਰ ਪੂਰੇ ਕੀ ਬਾਣੀ ॥ ਪਾਰਬ੍ਰਹਮ ਮਨਿ ਭਾਣੀ ॥ ਨਾਨਕ ਦਾਸਿ ਵਖਾਣੀ ॥ ਨਿਰਮਲ ਅਕਥ ਕਹਾਣੀ ॥੨॥੧੮॥੮੨॥ (ਹੇ ਸੰਤ ਜਨੋਂ!) ਪੂਰੇ ਗੁਰੂ ਨੂੰ ਅਰਾਧਣ ਕਰਕੇ (ਸਾਡੇ) ਸਾਰੇ ਕਾਰਜ ਸਫਲ ਹੋ ਗਏ ਹਨ।ਸਾਰੇ ਮਨੋਰਥ ਵੀ ਪੂਰੇ ਹੋ ਗਏ ਹਨ।ਅਤੇ ਆਤਮਕ ਅਨੰਦ ਦੇ ਇਕ ਰਸ ਵਾਜੇ ਵੱਜਣ ਲਗ ਪਏ ਹਨ।੧।ਹੇ ਸੰਤ ਜਨੋਂ! ਰਾਮ ਨੂੰ ਜਪਦਿਆਂ (ਅਸੀਂ) ਸੁਖ ਪਾਇਆ ਹੈ।ਸੰਤਾਂ ਦੇ ਅਸਥਾਨ ਵਿਚ (ਜਦ ਅਸੀਂ) ਜਾ ਵਸੇ, ਤਾਂ ਸੁਤੇ ਸਿੱਧ ਸੁਖ ਪਾ ਲਿਆ ਅਤੇ ਸਾਰੇ ਦੁੱਖ ਮਿਟਾ ਲਏ ਹਨ।੧।ਰਹਾਉ।ਪੂਰੇ ਗੁਰੂ ਦੀ ਉਚਾਰਨ ਕੀਤੀ ਬਾਣੀ।ਪ੍ਰਭੂ ਦੇ ਮਨ ਵਿਚ ਚੰਗੀ ਲਗਦੀ ਹੈ।ਨਾਨਕ ਦਾਸ ਨੇ ਹਰੀ ਦੀ ਅਕੱਥ ਤੇ ਪਵਿਤ੍ਰ ਕਥਾ ਉਚਾਰਨ ਕੀਤੀ ਹੈ।ਹੈ।੨।੧੮।੮੨।

ਪਦਾਰਥ = ਆਰਾਧੇ–ਅਰਾਧਨਾ ਕਰਨ ਕਰਕੇ।ਸਗਲੇ–ਸਾਰੇ।ਸਾਧੇ–ਸਫਲ ਹੋ ਗਏ ਹਨ।ਮਨੋਰਥ–ਮਨ ਦੀਆਂ ਇੱਛਾਵਾਂ।ਬਾਜੇ–ਵਜਣ ਲਗ ਪਏ ਹਨ।ਅਨਹਦ–ਇਕ ਰਸ ਲਗਾਤਾਰ।ਤੂਰੇ–ਬਾਜੇ।੧।ਸੰਤਹੁ–ਹੇ ਸੰਤ ਜਨੋਂ!।ਸੰਤ ਅਸਥਾਨਿ–ਸੰਤਾਂ ਦੇ ਅਸਥਾਨ

(ਸਾਧ ਸੰਗਤ) ਵਿਚ।ਸੁਖ ਸਹਜੇ–ਸੁਤੇ ਸਿੱਧ।੧।ਰਹਾਉ।ਮਨਿ–ਮਨ ਵਿਚ।ਭਾਣੀ–ਚੰਗੀ ਲਗਦੀ ਹੈ।ਦਾਸਿ–ਦਾਸ ਨੇ।ਵਖਾਣੀ–ਉਚਾਰੀ ਹੈ।ਨਿਰਮਲ–ਪਵਿਤ੍ਰ।ਅਕਥ (ਅਕੱਥ ਬੋਲੋ)–ਨਾ ਕਥੇ ਜਾ ਸਕਣ ਵਾਲੀ।ਕਹਾਣੀ–ਕਥਾ।੨।੧੮।੮੨।

ਸੋਰਠਿ ਮਹਲਾ ੫ ॥ ਭੂਖੇ ਖਾਵਤ ਲਾਜ ਨ ਆਵੈ ॥ ਤਿਉ ਹਰਿ ਜਨੁ ਹਰਿ ਗੁਣ ਗਾਵੈ ॥੧॥ ਅਪਨੇ ਕਾਜ ਕਉ ਕਿਉ ਅਲਕਾਈਐ ॥ ਜਿਤੁ ਸਿਮਰਨਿ ਦਰਗਹ ਮੁਖੁ ਊਜਲ, ਸਦਾ ਸਦਾ ਸੁਖੁ ਪਾਈਐ ॥੧॥ਰਹਾਉ॥ ਜਿਉ ਕਾਮੀ ਕਾਮਿ ਲੁਭਾਵੈ ॥ ਤਿਉ ਹਰਿ ਦਾਸ ਹਰਿ ਜਸੁ ਭਾਵੈ ॥੨॥ ਜਿਉ ਮਾਤਾ ਬਾਲਿ ਲਪਟਾਵੈ ॥ ਤਿਉ ਗਿਆਨੀ ਨਾਮੁ ਕਮਾਵੈ ॥੩॥ ਗੁਰ ਪੂਰੇ ਤੇ ਪਾਵੈ ॥ ਜਨ ਨਾਨਕ ਨਾਮੁ ਧਿਆਵੈ ॥੪॥੧੯॥੮੩॥ (ਹੇ ਭਾਈ! ਜਿਵੇਂ) ਭੁੱਖੇ ਮਨੁੱਖ ਨੂੰ ਭੋਜਨ ਖਾਂਦਿਆਂ ਕੋਈ ਸ਼ਰਮ ਨਹੀਂ ਆਉਂਦੀ।ਤਿਵੇਂ ਹਰੀ ਦਾ ਸੇਵਕ (ਮਨ ਦੀ ਸ਼ਾਂਤੀ ਲਈ) ਹਰੀ ਦੇ ਗੁਣ ਗਾਉਂਦਾ ਹੈ।੧।(ਹੇ ਭਾਈ!) ਅਪਨੇ ਕੰਮ (ਨਾਮ ਸਿਮਰਨ ਕਰਨ) ਲਈ ਕਿਉਂ ਆਲਸ ਕਰੀਏ? ਜਿਸ ਪ੍ਰਭੂ ਦਾ ਸਿਮਰਨ ਕਰਨ ਨਾਲ ਦਰਗਾਹ ਵਿਚ ਮੁਖ ਉਜਲ ਹੁੰਦਾ ਹੈ ਅਤੇ ਸਦਾ ਲਈ ਸੁਖ ਪਾ ਲਈਦਾ ਹੈ।੧।ਰਹਾਉ।ਜਿਵੇ ਕਾਮੀ ਮਨੁੱਖ ਕਾਮ ਵਾਸ਼ਨਾ ਵਿਚ ਮਗਨ ਰਹਿੰਦਾ ਹੈ।ਤਿਵੇਂ ਹਰੀ ਦੇ ਦਾਸ ਨੂੰ ਹਰੀ ਦਾ ਜਸ ਚੰਗਾ ਲਗਦਾ ਹੈ।੨। ਜਿਵੇਂ ਮਾਤਾ ਬੱਚੇ ਨੂੰ ਚਿੰਬੜੀ ਰਹਿੰਦੀ ਹੈ।ਤਿਵੇਂ ਗਿਆਨਵਾਨ ਪੁਰਖ ਨਾਮ ਜਪਣ ਦੀ ਕਮਾਈ ਕਰਦਾ ਹੈ।੩।ਨਾਨਕ ਗੁਰੂ ਜੀ ਆਖਦੇ ਹਨ (ਕਿ ਜੋ ਮਨੁੱਖ) ਪੂਰੇ ਗੁਰੂ ਤੋਂ ਨਾਮ ਪ੍ਰਾਪਤ ਕਰਦਾ ਹੈ, ਉਹ ਪੁਰਖ ਹਰੀ ਦਾ ਨਾਮ ਸਿਮਰਦਾ ਹੈ।੪।੧੯।੮੩।

ਪਦਾਰਥ = ਲਾਜ–ਸ਼ਰਮ।ਹਰਿ ਜਨ–ਹਰੀ ਦਾ ਸੇਵਕ।੧।ਕਾਜ ਕਉ–(ਸਿਮਰਨ ਦੇ) ਕੰਮ ਲਈ।ਅਲਕਾਈਏ–ਆਲਸ ਕਈਏ। ਜਿਤੁ–ਜਿਸ ਦਾ।ਸਿਮਰਨਿ–ਸਿਮਰਨ ਕਰਨ ਨਾਲ।੧।ਰਹਾਉ।ਕਾਮੀ–ਕਾਮ ਵਾਸ਼ਨਾ ਵਾਲਾ ਮਨੁੱਖ।ਕਾਮਿ–ਕਾਮ ਵਾਸ਼ਨਾ ਵਿਚ। ਲੁਭਾਵੈ–ਮਗਨ ਰਹਿੰਦਾ ਹੈ।ਭਾਵੈ–ਚੰਗਾ ਲਗਦਾ ਹੈ।੨।ਮਾਤਾ–ਮਾਂ।ਬਾਲਿ–ਬੱਚੇ ਨਾਲ।ਲਪਟਾਵੈ।ਚਿੰਬੜੀ ਰਹਿੰਦੀ ਹੈ।ਗਿਆਨੀ–ਗਿਆਨਵਾਨ ਪੁਰਖ।ਕਮਾਵੈ–ਕਮਾਈ ਕਰਦਾ ਹੈ।੩।ਤੇ–ਤੋਂ।ਜਨ–ਪੁਰਖ।੪।੧੯।੮੩।

ਸੋਰਠਿ ਮਹਲਾ ੫ ॥ ਸਾਖ ਸਾਂਦਿ ਘਰਿ ਆਇਆ ॥ ਨਿੰਦਕ ਕੈ ਮੁਖਿ ਛਾਇਆ ॥ ਪੂਰੈ ਗੁਰਿ ਪਹਿਰਾਇਆ ॥ ਬਿਨਸੇ ਦੁਖ ਸਬਾਇਆ ॥੧॥ ਸੰਤਹੁ ਸਾਚੇ ਕੀ ਵਡਿਆਈ ॥ ਜਿਨਿ ਅਚਰਜ ਸੋਭ ਬਣਾਈ ॥੧॥ਰਹਾਉ॥ ਬੋਲੇ ਸਾਹਿਬ ਕੈ ਭਾਣੈ ॥ ਦਾਸੁ ਬਾਣੀ ਬ੍ਰਹਮੁ ਵਖਾਣੈ ॥ ਨਾਨਕ ਪ੍ਰਭ ਸੁਖ ਦਾਈ ॥ ਜਿਨਿ ਪੂਰੀ ਬਣਤ ਬਣਾਈ ॥੨॥੨੦॥੮੪॥ (ਹੇ ਭਾਈ! ਅਸੀਂ ਬਡਾਲੀ ਤੋਂ) ਸੁਖ ਸਾਂਤੀ ਨਾਲ (ਅਪਣੇ ਅੰਮ੍ਰਿਤਸਰ) ਘਰ ਵਿਚ ਆ ਗਏ ਹਾਂ; ਹਿਰਦੇ ਘਰ ਵਿਚ ਟਿਕ ਗਏ ਹਾਂ।ਨਿੰਦਕਾਂ ਦੇ ਮੂੰਹ ਤੇ (ਲੋਕਾਂ ਵੱਲੋਂ ਲਾਹਣਤਾਂ ਰੂਪ) ਸੁਆਹ ਪਈ ਹੈ।ਪੂਰੇ ਗੁਰੂ ਨੇ ਦਾਸ ਨੂੰ ਸਿਰੋਪਾ ਪਹਿਨਾਇਆ ਹੈ (ਸਨਮਾਨ ਕੀਤਾ।ਸਾਡੇ) ਸਾਰੇ ਦੁੱਖ ਨਾਸ਼ ਹੋ ਗਏ ਹਨ।੧।ਹੇ ਸੰਤ ਜਨੋਂ! (ਇਹ) ਸੱਚੇ ਪ੍ਰਭੂ ਦੀ ਵਡਿਆਈ ਹੈ।ਜਿਸ ਨੇ ਹੈਰਾਨ ਕਰ ਦੇਣ ਵਾਲੀ (ਸਾਡੀ) ਸੋਭਾ ਬਣਾ ਦਿਤੀ ਹੈ।੧।ਰਹਾਉ।(ਅਸੀਂ ਇਹ ਬਚਨ) ਮਾਲਕ ਪ੍ਰਭੂ ਦੇ ਹੁਕਮ ਅਨੁਸਾਰ ਬੋਲਦੇ ਹਾਂ।ਅਤੇ ਦਾਸ ਅਲਾਹੀ ਬਾਣੀ ਉਚਾਰਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ (ਅਪਣੇ ਸੇਵਕਾਂ ਨੂੰ) ਸੁਖ ਦੇਣ ਵਾਲਾ ਹੈ।ਜਿਸ ਨੇ ਪੂਰੀ ਬਣਤ ਬਣਾਈ ਹੈ।੨।੨੦।੮੪।

ਬਣਤ ਬਣਾਈ = ਜਗਤ ਦੀ ਪੂਰੀ ਰਚਨਾ ਰਚੀ ਹੈ ਜਾਂ ਸਾਡੀ ਰੱਖਿਆ ਕਰਨ ਦੀ ਪੂਰੀ ਵਿਓਂਤ ਬਣਾਈ ਹੈ।

ਪਦਾਰਥ = ਸੁਖ ਸਾਂਦਿ–ਸੁਖ ਸ਼ਾਂਤੀ ਨਾਲ।ਘਰਿ–ਘਰ ਵਿਚ; ਹਿਰਦੇ ਘਰ ਵਿਚ।ਮੁਖਿ–ਮੂੰਹ ਉਤੇ।ਛਾਇਆ–ਸੁਆਹ।ਪੂਰੈ ਗੁਰਿ–ਪੂਰੇ ਗੁਰੂ ਨੇ।ਪਹਿਰਾਇਆ–ਸਿਰੋਪਾ ਪਹਿਨਾਇਆ।ਬਿਨਸੇ–ਨਾਸ਼ ਹੋ ਗਏ।ਸਬਾਇਆ–ਸਾਰੇ।੧।ਸੰਤਹੁ–ਹੇ ਸੰਤ ਜਨੋਂ!।ਸਾਚੇ ਕੀ–ਸੱਚੇ ਪ੍ਰਭੂ ਦੀ।ਅਚਰਜ–ਹੈਰਾਨ ਕਰਨ ਵਾਲੀ।ਸੋਭ–ਸੋਭਾ।੧।ਰਹਾਉ।ਬੋਲੇ–ਬੋਲਦੇ ਹਾਂ।ਭਾਣੈ–ਹੁਕਮ ਅਨੁਸਾਰ।ਬਾਣੀ ਬ੍ਰਹਮੁ–ਰੱਬੀ ਬਾਣੀ।ਵਖਾਣੈ–ਉਚਾਰਦਾ ਹੈ।ਸੁਖ ਦਾਈ–ਸੁਖ ਦੇਣ ਵਾਲਾ।ਜਿਨਿ–ਜਿਸ ਨੇ।ਬਣਤ–ਰਚਨਾ; ਵਿਓਂਤ।੨।੨੦।੮੪

ਸੋਰਠਿ ਮਹਲਾ ੫ ॥ ਪ੍ਰਭੁ ਅਪੁਨਾ ਰਿਦੈ ਧਿਆਏ ॥ ਘਰਿ ਸਹੀ ਸਲਾਮਤਿ ਆਏ ॥ ਸੰਤੋਖੁ ਭਇਆ ਸੰਸਾਰੇ ॥ ਗੁਰਿ ਪੂਰੇ ਲੈ ਤਾਰੇ ॥੧॥ ਸੰਤਹੁ ਪ੍ਰਭੁ ਮੇਰਾ ਸਦਾ ਦਇਆਲਾ ॥ ਅਪਨੇ ਭਗਤ ਕੀ ਗਣਤ ਨ ਗਣਈ, ਰਾਖੈ ਬਾਲ ਗੁਪਾਲਾ ॥੧॥ਰਹਾਉ॥ ਹਰਿ ਨਾਮੁ ਰਿਦੈ ਉਰਿ ਧਾਰੇ ॥ ਤਿਨਿ ਸਭੇ ਥੋਕ ਸਵਾਰੇ ॥ ਗੁਰਿ ਪੂਰੈ ਤੁਸਿ ਦੀਆ ॥ ਫਿਰਿ ਨਾਨਕ ਦੂਖੁ ਨ ਥੀਆ ॥੨॥੨੧॥੮੫॥ (ਹੇ ਭਾਈ!) ਅਪਣੇ ਪ੍ਰਭੂ ਨੂੰ ਹਿਰਦੇ ਵਿਚ ਧਿਆ ਕੇ (ਬਡਾਲੀ ਤੋਂ) ਸਹੀ ਸਲਾਮਤ ਘਰ ਵਿਚ ਆ ਗਏ ਹਾਂ।ਸੰਸਾਰ ਵਿਚ ਰਹਿੰਦਿਆਂ (ਸਾਨੂੰ) ਸੰਤੋਖ ਪ੍ਰਾਪਤ ਹੋਇਆ ਹੈ।ਪੂਰੇ ਗੁਰ ਨੇ (ਅਪਣੀ ਸ਼ਰਣ ਵਿਚ) ਲੈ ਕੇ (ਸੇਵਕ ਭਵਜਲ ਤੋਂ) ਤਾਰ ਦਿਤੇ ਹਨ।੧।ਹੇ ਸੰਤ ਜਨੋਂ! ਮੇਰਾ ਪ੍ਰਭੂ ਸਦਾ (ਅਪਣੇ ਸੇਵਕਾਂ ਉਤੇ) ਦਇਆਵਾਨ ਰਹਿੰਦਾ ਹੈ।ਉਹ ਅਪਣੇ ਭਗਤਾਂ ਦੇ ਕਰਮਾਂ ਦੀ ਗਿਣਤੀ ਨਹੀਂ ਗਿਣਦਾ, ਉਹ ਗੁਪਾਲ ਅਪਣੇ ਬੱਚੇ ਜਾਣ ਕੇ ਰੱਖਿਆ ਕਰਦਾ ਹੈ।੧।ਰਹਾਉ।(ਹੇ ਭਾਈ! ਅਸੀਂ) ਹਰੀ ਦੇ ਨਾਮ ਨੂੰ ਧੁਰ ਹਿਰਦੇ ਵਿਚ ਟਿਕਾ ਲਿਆ ਹੈ।ਉਸ (ਨਾਮ) ਨੇ ਸਾਡੇ ਸਾਰੇ ਕਾਰਜ ਸੁਆਰ ਦਿਤੇ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਪੂਰੇ ਗੁਰੂ ਨੇ (ਜਦ ਤੋਂ ਸਾਨੂੰ

ਹਰੀ ਦਾ ਨਾਮ) ਪ੍ਰਸੰਨ ਹੋ ਕੇ ਦਿਤਾ ਹੈ।(ਉਦੋਂ ਤੋਂ ਸਾਨੂੰ) ਫਿਰ ਦੁਖ ਨਹੀਂ ਹੋਇਆ।੨।੨੧।੮੫।

ਪਦਾਰਥ = ਰਿਦੈ–ਹਿਰਦੇ ਵਿਚ।ਘਰਿ–ਘਰ (ਅੰਮ੍ਰਿਤਸਰ ਸਾਹਿਬ) ਵਿਚ।ਸਹੀ ਸਲਾਮਤਿ–ਸੁਖ ਸ਼ਾਂਤੀ ਨਾਲ।ਭਇਆ–ਹੋਇਆ। ਸੰਸਾਰੇ–ਸੰਸਾਰ ਵਿਚ।ਗੁਰਿ ਪੂਰੈ–ਪੂਰੇ ਗੁਰੂ ਨੇ।ਲੈ ਤਾਰੇ–(ਸ਼ਰਣ ਵਿਚ) ਲੈ ਕੇ ਤਾਰ ਦਿਤੇ ਹਨ।੧।ਸੰਤਹੁ–ਹੇ ਸੰਤ ਜਨੋਂ!। ਗਣਤ–(ਕਰਮਾਂ ਦੀ) ਗਿਣਤੀ।ਨ ਗਣਈ–ਨਹੀਂ ਗਿਣਦਾ।ਰਾਖੈ–ਰੱਖਿਆ ਕਰਦਾ ਹੈ।ਬਾਲ–ਬੱਚੇ।ਗੁਪਾਲਾ–ਦੁਨੀਆਂ ਦੇ ਜੀਵਾਂ ਦੀ ਪਾਲਣਾ ਕਰਨ ਵਾਲਾ।੧।ਰਹਾਉ।ਉਰਿ ਧਾਰੇ–ਧੁਰ ਹਿਰਦੇ ਵਿਚ ਟਿਕਾ ਲਿਆ।ਤਿਨਿ–ਉਸ (ਨਾਮ) ਨੇ।ਸਭੇ ਥੋਕ–ਸਾਰੇ ਕੰਮ। ਸਵਾਰੇ–ਸੁਆਰ (ਸਫਲ ਕਰ) ਦਿਤੇ।ਤੁਸਿ–ਪ੍ਰਸੰਨ ਹੋ ਕੇ।ਫਿਰਿ–ਫਿਰ ਮੁੜ ਕੇ।ਨ ਥੀਆ–ਨਹੀਂ ਹੋਇਆ।੨।੨੧।੮੫।

ਸੋਰਠਿ ਮਹਲਾ ੫ ॥ ਹਰਿ ਮਨਿ ਤਨਿ ਵਸਿਆ ਸੋਈ ॥ ਜੈ ਜੈਕਾਰੁ ਕਰੇ ਸਭੁ ਕੋਈ ॥ ਗੁਰ ਪੂਰੇ ਕੀ ਵਡਿਆਈ ॥ ਤਾ ਕੀ ਕੀਮਤਿ ਕਹੀ ਨ ਜਾਈ ॥੧॥ ਹਉ ਕੁਰਬਾਨੁ ਜਾਈ ਤੇਰੇ ਨਾਵੈ ॥ ਜਿਸ ਨੋ ਬਖਸਿ ਲੈਹਿ ਮੇਰੇ ਪਿਆਰੇ, ਸੋ ਜਸੁ ਤੇਰਾ ਗਾਵੈ ॥੧॥ਰਹਾਉ॥ ਤੂੰ ਭਾਰੋ ਸੁਆਮੀ ਮੇਰਾ ॥ ਸੰਤਾਂ ਭਰਵਾਸਾ ਤੇਰਾ ॥ ਨਾਨਕ ਪ੍ਰਭ ਸਰਣਾਈ ॥ ਮੁਖਿ ਨਿੰਦਕ ਕੈ ਛਾਈ ॥੨॥੨੨॥੮੬॥ (ਹੇ ਭਾਈ! ਜਿਸ ਮਨੁੱਖ ਦੇ) ਮਨ ਵਿਚ ਤੇ ਤਨ ਵਿਚ ਉਹ ਪ੍ਰਭੂ ਹੀ ਵਸਿਆ ਹੋਇਆ ਹੈ।ਸਭ ਕੋਈ (ਹਰੇਕ ਪ੍ਰਾਣੀ ਉਸ ਦੀ) ਜੈ ਜੈ ਕਾਰ ਕਰਦਾ ਹੈ।(ਇਹ ਸਭ) ਪੂਰੇ ਗੁਰੂ ਦੀ ਬਖਸ਼ੀ ਵਡਿਆਈ ਹੈ।ਉਸ (ਵਡਿਆਈ) ਦੀ ਕੀਮਤ ਕਹੀ ਨਹੀਂ ਜਾ ਸਕਦੀ।੧।(ਹੇ ਪ੍ਰਭੂ!) ਮੈਂ ਤੇਰੇ ਨਾਮ ਤੋਂ ਕੁਰਬਾਨ ਜਾਂਦਾ ਹਾਂ।ਹੇ ਮੇਰੇ ਪਿਆਰੇ ਪ੍ਰਭੂ! ਜਿਸ (ਮਨੁੱਖ) ਨੂੰ ਤੂੰ ਬਖਸ਼ ਲੈਂਦਾ (ਔਗਣ ਮਾਫ ਕਰ ਦੇਂਦਾ) ਹੈਂ, ਉਹ ਤੇਰਾ ਹੀ ਜਸ ਗਾਉਂਦਾ ਹੈ।੧।ਰਹਾਉ।ਤੂੰ ਮੇਰਾ ਬਹੁਤ ਵੱਡਾ ਮਾਲਕ ਹੈਂ।ਸੰਤਾਂ ਨੂੰ ਤੇਰਾ ਹੀ ਭਰੋਸਾ ਹੈ।ਹੇ ਪ੍ਰਭੂ! ਨਾਨਕ ਤੇਰੀ ਸ਼ਰਣ ਵਿਚ ਆਇਆ ਹੈ।ਨਿੰਦਕਾਂ ਦੇ ਮੂੰਹ ਉਤੇ (ਲੋਕਾਂ ਵੱਲੋਂ ਲਾਹਣਤਾਂ ਰੂਪ) ਸੁਆਹ ਪਈ ਹੈ।੨।੨੨।੮੬।

ਪਦਾਰਥ = ਮਨਿ–ਮਨ ਵਿਚ।ਤਨਿ–ਸਰੀਰ ਵਿਚ।ਸੋਈ–ਉਹ (ਪ੍ਰਭੂ) ਹੀ।ਜੈ ਜੈਕਾਰੁ–ਸੋਭਾ।ਸਭੁ ਕੋਈ–ਹਰੇਕ ਪ੍ਰਾਣੀ।ਵਡਿਆਈ –ਬਰਕਤ; ਬਖਸ਼ਿਸ਼।ਤਾ ਕੀ–ਉਸ (ਬਖਸ਼ਿਸ਼) ਦੀ।੧।ਹਉ–ਮੈਂ।ਜਾਈ–ਜਾਂਦਾ ਹਾਂ।ਨਾਵੈ–ਨਾਮ ਤੋਂ।ਜਿਸ ਨੋ–ਜਿਸ ਨੂੰ।ਪਿਆਰੇ –ਹੇ ਪਿਆਰੇ ਪ੍ਰਭੂ!।ਸੋ–ਉਹ।੧।ਰਹਾਉ।ਭਾਰੋ–ਬਹੁਤ ਵੱਡਾ; ਮਹਾਨ।ਸੁਆਮੀ–ਮਾਲਕ।ਸੰਤਾਂ–ਸੰਤਾਂ ਨੂੰ।ਭਰਵਾਸਾ–ਭਰੋਸਾ; ਸਹਾਰਾ।ਮੁਖਿ ਨਿੰਦਕ ਕੈ–(ਗੁਰੂ ਦੀ) ਨਿੰਦਿਆ ਕਰਨ ਵਾਲੇ ਦੇ ਮੂੰਹ ਉਤੇ।ਛਾਈ–ਸੁਆਹ।੨।੨੨।੮੬।

ਅੰਗ ੬੩੦ = ਸੋਰਠਿ ਮਹਲਾ ੫ ॥ ਆਗੈ ਸੁਖੁ ਮੇਰੇ ਮੀਤਾ ॥ ਪਾਛੇ ਆਨਦੁ ਪ੍ਰਭਿ ਕੀਤਾ ॥ ਪਰਮੇਸੁਰਿ ਬਣਤ ਬਣਾਈ ॥ ਫਿਰਿ ਡੋਲਤ ਕਤਹੂ ਨਾਹੀ ॥੧॥ ਸਾਚੇ ਸਾਹਿਬ ਸਿਉ ਮਨੁ ਮਾਨਿਆ ॥ ਹਰਿ ਸਰਬ ਨਿਰੰਤਰਿ ਜਾਨਿਆ ॥੧॥ਰਹਾਉ॥ ਸਭ ਜੀਅ ਤੇਰੇ ਦਇਆਲਾ ॥ ਅਪਨੇ ਭਗਤ ਕਰਹਿ ਪ੍ਰਤਿਪਾਲਾ ॥ ਅਚਰਜੁ ਤੇਰੀ ਵਡਿਆਈ ॥ ਨਿਤ ਨਾਨਕ ਨਾਮੁ ਧਿਆਈ ॥੨॥੨੩॥੮੭॥ ਹੇ ਮੇਰੇ ਮਿਤ੍ਰ! ਪ੍ਰਭੂ ਨੇ ਪਿਛੇ (ਲੰਘ ਗਏ ਜੀਵਨ ਵਿਚ) ਅਨੰਦ ਬਖਸ਼ਿਸ ਕੀਤਾ ਹੈ, ਅੱਗੇ ਨੂੰ (ਆਉਣ ਵਾਲੇ ਜੀਵਨ ਵਿਚ) ਵੀ ਸੁਖ ਦੇਵੇਗਾ; ਪ੍ਰਭੂ ਨੇ ਜਿਵੇਂ ਪਿਛਲੇ ਜੀਵਨ ਵਿਚ ਅਨੰਦ ਬਖਸ਼ਿਸ਼ ਕੀਤਾ ਹੈ, ਉਵੇਂ ਹੇ ਮਿਤ੍ਰ! ਅੱਗੇ ਪ੍ਰਲੋਕ ਵਿਚ ਵੀ ਉਹ ਸੁਖ ਦੇਵੇਗਾ।ਪ੍ਰਮੇਸਰ ਨੇ (ਮਨ ਦੀ ਐਸੀ) ਬਣਤ ਬਣਾ ਦਿਤੀ ਹੈ ਕਿ ਮਨ ਮੁੜ ਕੇ ਕਿਤੇ ਵੀ ਡੋਲਦਾ ਨਹੀਂ (ਐਸਾ ਸੁਖ ਅਨੰਦ ਮਿਲ ਗਿਆ ਹੈ ਕਿ ਭਟਕਣਾ ਮੁੱਕ ਗਈ ਹੈ)।੧।(ਹੇ ਮੇਰੇ ਮਿਤ੍ਰ!) ਸੱਚੇ ਸਾਹਿਬ ਨਾਲ ਮੇਰਾ ਮਨ ਮੰਨ ਗਿਆ ਹੈ।ਅਤੇ ਹਰੀ ਨੂੰ ਸਭ ਥਾਂਵਾਂ ਵਿਚ ਚੰਗੀ ਤਰ੍ਹਾਂ ਭਰਪੂਰ (ਵਸਦਾ) ਜਾਣਿਆ ਹੈ।੧।ਰਹਾਉ।ਹੇ ਦਇਆ ਕਰਨ ਵਾਲੇ ਪ੍ਰਭੂ! ਸਾਰੇ ਜੀਵ ਤੇਰੇ (ਅਪਣੇ) ਹਨ।ਤੂੰ ਅਪਣੇ ਭਗਤਾਂ ਦੀ ਚੰਗੀ ਤਰ੍ਹਾਂ ਪਾਲਣਾ ਕਰਦਾ ਹੈਂ।(ਹੇ ਪ੍ਰਭੂ) ਤੇਰੀ ਵਡਿਆਈ ਹੈਰਾਨ ਕਰਨ ਵਾਲੀ ਹੈ।ਨਾਨਕ ਹਰ ਰੋਜ (ਤੇਰਾ) ਨਾਮ ਸਿਮਰਦਾ ਰਹਿੰਦਾ ਹੈ।੨।੨੩।੮੭।

ਪਦਾਰਥ = ਆਗੈ–ਅੱਗੇ ਆਉਣ ਵਾਲੇ ਜੀਵਨ ਵਿਚ; ਪ੍ਰਲੋਕ ਵਿਚ।ਮੀਤਾ–ਹੇ ਮਿਤ੍ਰ!।ਪਾਛੇ–ਪਿਛੇ ਬੀਤ ਚੁੱਕੇ ਜੀਵਨ ਵਿਚ। ਪ੍ਰਭਿ–ਪ੍ਰਭੂ ਨੇ।ਕੀਤਾ–ਬਖਸ਼ਿਸ਼ ਕੀਤਾ।ਪਰਮੇਸੁਰਿ–ਪ੍ਰਮੇਸਰ ਨੇ।ਬਣਤ–ਵਿਓਂਤ; (ਮਨ ਦੀ) ਬਨਾਵਟ।ਫਿਰਿ–ਮੁੜ ਕੇ।ਕਤਹੂ– ਕਿਤੇ ਵੀ।੧।ਸਾਹਿਬ ਸਿਉ–ਮਾਲਕ ਪ੍ਰਭੂ ਨਾਲ।ਮਨੁ ਮਾਨਿਆ–ਮਨ ਪਤੀਜ (ਰੀਝ) ਗਿਆ।ਸਰਬ ਨਿਰੰਤਰਿ–ਸਭ ਥਾਂਵਾਂ ਦੇ ਅੰਦਰ ਪੂਰੀ ਤਰ੍ਹਾਂ ਬਿਨਾ ਵਿਥ ਦੇ ਭਰਪੂਰ।੧।ਰਹਾਉ।ਜੀਅ–ਜੀਵ।ਦਇਆਲਾ–ਹੇ ਦਇਆ ਕਰਨ ਵਾਲੇ ਪ੍ਰਭੂ!।ਅਚਰਜ–ਹੈਰਾਨ ਕਰਨ ਵਾਲੀ।ਕਰਹਿ ਪ੍ਰਤਿਪਾਲਾ–ਪਾਲਣਾ ਕਰਦਾ ਹੈਂ।ਨਿਤ–ਹਰ ਰੋਜ; ਸਦਾ।ਧਿਆਈ–ਧਿਆਉਂਦਾ ਹੈ।੨।੨੩।੮੭।

ਸੋਰਠਿ ਮਹਲਾ ੫ ॥ ਨਾਲਿ ਨਰਾਇਣੁ ਮੇਰੈ ॥ ਜਮਦੂਤੁ ਨ ਆਵੈ ਨੇਰੈ ॥ ਕੰਠਿ ਲਾਇ ਪ੍ਰਭ ਰਾਖੈ ॥ ਸਤਿਗੁਰ ਕੀ ਸਚੁ ਸਾਖੈ ॥੧॥ ਗੁਰਿ ਪੂਰੈ ਪੂਰੀ ਕੀਤੀ ॥ ਦੁਸਮਨ ਮਾਰਿ ਵਿਡਾਰੇ ਸਗਲੇ, ਦਾਸ ਕਉ ਸੁਮਤਿ ਦੀਤੀ ॥੧॥ਰਹਾਉ॥ ਪ੍ਰਭਿ ਸਗਲੇ ਥਾਨ ਵਸਾਏ ॥ ਸੁਖਿ ਸਾਂਦਿ ਫਿਰਿ ਆਏ ॥ ਨਾਨਕ ਪ੍ਰਭ ਸਰਣਾਏ ॥ ਜਿਨਿ ਸਗਲੇ ਰੋਗ ਮਿਟਾਏ ॥੨॥੨੪॥੮੮॥ (ਹੇ ਭਾਈ!) ਨਰਾਇਣ ਮੇਰੇ

ਨਾਲ (ਅੰਗ ਸੰਗ) ਹੈ।(ਇਸ ਕਰਕੇ ਮੇਰੇ) ਨੇੜੇ ਜਮਦੂਤ ਨਹੀਂ ਆ ਸਕਦਾ।ਪ੍ਰਭੂ (ਸਾਨੂੰ ਅਪਣੇ) ਗਲ ਨਾਲ ਲਾ ਕੇ ਰਖਦਾ ਹੈ।(ਇਹ ਸਭ) ਸਤਿਗੁਰੂ ਦੀ ਸੱਚੀ ਸਿਖਿਆ ਕਰਕੇ ਹੈ।੧।ਪੂਰੇ ਗੁਰੂ ਨੇ (ਸਾਡੀ) ਪੂਰੀ ਤਰ੍ਹਾਂ ਰੱਖਿਆ ਕੀਤੀ ਹੈ; ਪੂਰੀ ਬਖਸ਼ਿਸ਼ ਕੀਤੀ ਹੈ।(ਗੁਰੂ ਨੇ ਸਾਡੇ) ਸਾਰੇ ਦੁਸ਼ਮਨ ਮਾਰ ਕੇ ਨਾਸ਼ ਕਰ ਦਿਤੇ ਹਨ ਅਤੇ ਦਾਸ ਨੂੰ ਚੰਗੀ ਮੱਤ ਦਿਤੀ ਹੈ।੧।ਰਹਾਉ।ਪ੍ਰਭੂ ਨੇ ਸਾਰੇ ਸਥਾਨ ਵਸਾ (ਆਬਾਦ ਕਰ) ਦਿਤੇ ਹਨ।ਅਤੇ ਸੁੱਖ ਸ਼ਾਂਤੀ ਨਾਲ ਮੁੜ ਕੇ (ਅਪਣੇ) ਘਰ ਵਿਚ ਆ ਗਏ ਹਾਂ।ਨਾਨਕ (ਉਸ) ਪ੍ਰਭੂ ਦੀ ਸ਼ਰਣ ਵਿਚ ਆਇਆ ਹੈ।ਜਿਸ ਨੇ ਸਾਰੇ ਰੋਗ ਮਿਟਾ ਦਿਤੇ ਹਨ।੨।੨੪।੮੮।

ਪਦਾਰਥ = ਨਾਲਿ–ਨਾਲ (ਅੰਗ ਸੰਗ)।ਨਰਾਇਣ–ਵਿਆਪਕ ਪ੍ਰਭੂ।ਨੇਰੈ–ਨੇੜੇ।ਕੰਠਿ ਲਾਇ–ਗਲ ਨਾਲ ਲਾ ਕੇ।ਸਾਖੈ–ਸਿੱਖਿਆ।੧।ਗੁਰਿ–ਗੁਰੂ ਨੇ।ਪੂਰੀ ਕੀਤੀ–ਪੂਰੀ ਤਰ੍ਹਾਂ ਰੱਖਿਆ ਕੀਤੀ ਹੈ; ਪੂਰੀ ਬਖਸ਼ਿਸ਼ ਕੀਤੀ ਹੈ।ਦੁਸਮਨ–ਸੁਲਹੀ ਖਾਨ ਵਰਗੇ ਦੁਸ਼ਮਨ; ਕਾਮਾਦਿਕ ਤੇ ਅਗਿਆਨ ਆਦਿ ਦੁਸ਼ਮਨ।ਮਾਰਿ ਵਿਡਾਰੇ–ਮਾਰ ਕੇ ਨਾਸ਼ ਕਰ ਦਿਤੇ।ਸਗਲੇ–ਸਾਰੇ।ਕਉ–ਨੂੰ।ਸੁਮਤਿ–ਚੰਗੀ ਮੱਤ (ਅਕਲ)।ਦੀਤੀ–ਦਿਤੀ।੧।ਰਹਾਉ।ਪ੍ਰਭਿ–ਪ੍ਰਭੂ ਨੇ।ਥਾਨ ਵਸਾਏ–ਅਸਥਾਨ ਵਸਾ ਦਿਤੇ; ਗਿਆਨ ਇੰਦ੍ਰੇ ਦੈਵੀ ਗੁਣਾਂ ਨਾਲ ਭਰ ਦਿਤੇ।ਸੁਖਿ ਸਾਂਦਿ–ਸੁਖ ਸ਼ਾਂਤੀ ਨਾਲ।ਫਿਰਿ–ਮੁੜ ਕੇ।ਸਰਣਾਏ–ਸ਼ਰਣ ਵਿਚ।ਜਿਨਿ–ਜਿਸ ਨੇ।੨।੨੪।੮੮।

ਸੋਰਠਿ ਮਹਲਾ ੫ ॥ ਸਰਬ ਸੁਖਾ ਕਾ ਦਾਤਾ ਸਤਿਗੁਰੁ ,ਤਾ ਕੀ ਸਰਨੀ ਪਾਈਐ ॥ ਦਰਸਨੁ ਭੇਟਤ ਹੋਤ ਅਨੰਦਾ, ਦੂਖੁ ਗਇਆ ਹਰਿ ਗਾਈਐ ॥੧॥ ਹਰਿ ਰਸੁ ਪੀਵਹੁ ਭਾਈ ॥ ਨਾਮੁ ਜਪਹੁ ਨਾਮੋ ਆਰਾਧਹੁ ,ਗੁਰ ਪੂਰੇ ਕੀ ਸਰਨਾਈ ॥ਰਹਾਉ॥ ਤਿਸਹਿ ਪਰਾਪਤਿ ਜਿਸੁ ਧੁਰਿ ਲਿਖਿਆ, ਸੋਈ ਪੂਰਨੁ ਭਾਈ ॥ ਨਾਨਕ ਕੀ ਬੇਨੰਤੀ ਪ੍ਰਭ ਜੀ, ਨਾਮਿ ਰਹਾ ਲਿਵ ਲਾਈ ॥੨॥੨੫॥੮੯॥ (ਹੇ ਭਾਈ! ਜੋ) ਸਾਰੇ ਸੁੱਖਾਂ ਦਾ ਦਾਤਾ ਸਤਿਗੁਰੂ ਹੈ, (ਅਪਣੇ ਆਪ ਨੂੰ) ਉਸ ਦੀ ਸ਼ਰਣ ਵਿਚ ਪਾ ਦੇਈਏ।(ਸਤਿਗੁਰੂ ਦੇ) ਦਰਸਨ ਕਰਨ ਨਾਲ ਅਨੰਦ ਪ੍ਰਾਪਤ ਹੁੰਦਾ ਹੈ, (ਜਦ) ਦੁਖ ਦੂਰ ਹੋ ਗਿਆ ਤਾਂ (ਸੁਤੇ ਹੀ) ਹਰੀ ਦਾ ਜਸ ਗਾਇਆ ਜਾਂਦਾ ਹੈ।੧।ਹੇ ਭਾਈ! ਹਰੀ ਦਾ ਨਾਮ ਰਸ ਪੀਵੋ।ਪੂਰੇ ਗੁਰੂ ਦੀ ਸ਼ਰਣ ਵਿਚ ਪੈ ਕੇ (ਰਸਨਾ ਨਾਲ ਹਰੀ ਦਾ) ਨਾਮ ਜਪੋ ਤੇ (ਮਨ ਕਰਕੇ ਵੀ ਹਰੀ ਦਾ) ਨਾਮ ਹੀ ਸਿਮਰੋ।੧।ਰਹਾਉ।(ਇਹ ਨਾਮ ਰਸ) ਉਸੇ ਮਨੁੱਖ ਨੂੰ ਹੀ ਪ੍ਰਾਪਤ ਹੁੰਦਾ ਹੈ, ਜਿਸ ਦੇ ਭਾਗਾਂ ਵਿਚ ਧੁਰ ਤੋਂ ਲਿਖਿਆ ਹੁੰਦਾ ਹੈ ਅਤੇ ਉਹ ਹੀ ਪੂਰਨ ਪ੍ਰੇਮੀ ਹੈ (ਸੰ.ਸ.; ਫ.ਸ.); ਹੇ ਭਾਈ! ਉਹ ਹੀ ਪੂਰਨ ਮਨੁੱਖ ਹੈ।ਹੇ ਪ੍ਰਭੂ ਜੀ! ਨਾਨਕ ਦੀ ਬੇਨਤੀ ਹੈ, (ਮੇਰੇ ਤੇ ਕ੍ਰਿਪਾ ਕਰੋ, ਤਾਂ ਜੋ ਮੈਂ ਤੇਰੇ) ਨਾਮ ਲਿਵ ਲਾਈ ਰੱਖਾਂ।੨।੨੫।੮੯।

ਪਦਾਰਥ = ਸਰਬ–ਸਾਰੇ।ਦਾਤਾ–ਦੇਣ ਵਾਲਾ।ਤਾ ਕੀ–ਉਸ ਦੀ।ਦਰਸਨੁ ਭੇਟਤ–ਦਰਸਨ ਕਰਨ ਨਾਲ।ਹੋਤ–ਹੁੰਦਾ ਹੈ।੧।ਪੀਵਹੁ–ਪੀਵੋ।ਭਾਈ–ਹੇ ਭਾਈ!।ਆਰਾਧਹੁ–ਸਿਮਰੋ।ਰਹਾਉ।ਤਿਸਹਿ–ਉਸ ਨੂੰ ਹੀ।ਧੁਰਿ–ਧੁਰ ਪ੍ਰਭੂ ਦੇ ਦਰਬਾਰ ਤੋਂ।ਸੋਈ–ਉਹ ਹੀ।ਪੂਰਨ ਭਾਈ–ਪੂਰਨ ਪ੍ਰੇਮੀ ਹੈ।ਪ੍ਰਭ ਜੀ–ਹੇ ਪ੍ਰਭੂ ਜੀ!।ਨਾਮਿ–ਨਾਮ ਵਿਚ।ਰਹਾ ਲਿਵ ਲਾਈ–ਲਿਵ ਲਾਈ ਰੱਖਾਂ।੨।੨੫।੮੯।

ਸੋਰਠਿ ਮਹਲਾ ੫ ॥ ਕਰਨ ਕਰਾਵਨ ਹਰਿ ਅੰਤਰਜਾਮੀ, ਜਨ ਅਪੁਨੇ ਕੀ ਰਾਖੈ ॥ ਜੈ ਜੈਕਾਰੁ ਹੋਤੁ ਜਗ ਭੀਤਰਿ, ਸਬਦੁ ਗੁਰੂ ਰਸੁ ਚਾਖੈ ॥੧॥ ਪ੍ਰਭ ਜੀ ਤੇਰੀ ਓਟ ਗੁਸਾਈ ॥ ਤੂ ਸਮਰਥੁ ਸਰਨਿ ਕਾ ਦਾਤਾ, ਆਠ ਪਹਰ ਤੁਮ੍ ਧਿਆਈ ॥ਰਹਾਉ॥ ਜੋ ਜਨੁ ਭਜਨੁ ਕਰੇ ਪ੍ਰਭ ਤੇਰਾ, ਤਿਸੈ ਅੰਦੇਸਾ ਨਾਹੀ ॥ ਸਤਿਗੁਰ ਚਰਨ ਲਗੇ ਭਉ ਮਿਟਿਆ, ਹਰਿ ਗੁਨ ਗਾਏ ਮਨ ਮਾਹੀ ॥੨॥ ਸੂਖ ਸਹਜ ਆਨੰਦ ਘਨੇਰੇ, ਸਤਿਗੁਰ ਦੀਆ ਦਿਲਾਸਾ ॥ ਜਿਣਿ ਘਰਿ ਆਏ ਸੋਭਾ ਸੇਤੀ, ਪੂਰਨ ਹੋਈ ਆਸਾ ॥੩॥ ਪੂਰਾ ਗੁਰੁ ਪੂਰੀ ਮਤਿ ਜਾ ਕੀ, ਪੂਰਨ ਪ੍ਰਭ ਕੇ ਕਾਮਾ ॥ ਗੁਰ ਚਰਨੀ ਲਾਗਿ ਤਰਿਓ ਭਵ ਸਾਗਰੁ ,ਜਪਿ ਨਾਨਕ ਹਰਿ ਹਰਿ ਨਾਮਾ ॥੪॥੨੬॥੯੦॥ (ਹੇ ਭਾਈ!) ਹਰੀ ਸਭ ਕੁਛ ਕਰਨ ਵਾਲਾ ਤੇ ਜੀਵਾਂ ਤੋਂ ਕਰਾਉਣ ਵਾਲਾ ਹੈ, ਸਭ ਦੇ ਅੰਦਰ ਦੀ ਜਾਨਣ ਵਾਲਾ ਹੈ ਅਤੇ ਅਪਣੇ ਦਾਸਾਂ ਦੀ ਲਾਜ ਰੱਖਦਾ ਹੈ।(ਜੋ ਮਨੁੱਖ) ਗੁਰੂ ਦਾ ਉਪਦੇਸ਼ ਲੈ ਕੇ ਨਾਮ ਰਸ ਚਖਦਾ ਹੈ, (ਉਸ ਦੀ ਸਾਰੇ) ਜਗਤ ਦੇ ਅੰਦਰ ਜੈ ਜੈਕਾਰ ਹੁੰਦੀ ਹੈ।੧।ਹੇ ਪ੍ਰਭੂ ਜੀ! ਹੇ ਪ੍ਰਿਥਵੀ ਦੇ ਮਾਲਕ! (ਸਾਨੂੰ ਕੇਵਲ) ਤੇਰੀ ਓਟ ਹੈ।ਤੂੰ ਸਰਬ ਸ਼ਕਤੀਮਾਨ ਹੈਂ ਤੇ ਸ਼ਰਨ ਦੇਣ ਵਾਲਾ ਹੈਂ ਅਤੇ (ਮੇਰੇ ਤੇ ਮਿਹਰ ਕਰ, ਕਿ ਮੈਂ ਤੈਨੂੰ) ਅੱਠੇ ਪਹਿਰ ਸਿਮਰਦਾ ਰਹਾਂ।ਰਹਾਉ।ਹੇ ਪ੍ਰਭੂ! ਜੋ ਮਨੁੱਖ ਤੇਰਾ ਭਜਨ ਕਰਦਾ ਹੈ, ਉਸ ਨੂੰ ਕੋਈ ਫਿਕਰ ਨਹੀਂ ਹੁੰਦਾ।ਸਤਿਗੁਰੂ ਦੇ ਚਰਨੀਂ ਲੱਗਣ ਕਰਕੇ (ਉਸ ਦਾ) ਡਰ ਮਿਟ ਗਿਆ ਅਤੇ (ਉਹ) ਮਨ ਵਿਚ ਹਰੀ ਦੇ ਗੁਣ ਗਾਉਂਦਾ ਹੈ।੨।(ਜਿਨ੍ਹਾਂ ਮਨੁੱਖਾਂ ਨੂੰ) ਸਤਿਗੁਰੂ ਨੇ ਦਿਲਾਸਾ ਦਿਤਾ ਹੈ, (ਉਨ੍ਹਾਂ ਨੂੰ) ਆਤਮ ਗਿਆਨ ਦੀ ਕੁਦਰਤੀ ਅਵਸਥਾ ਦੇ ਸੁਖ ਤੇ ਬਹੁਤ ਅਨੰਦ ਪ੍ਰਾਪਤ ਹੋਇਆ ਹੈ।(ਉਹ ਮਨੁੱਖਾ ਜਨਮ ਦੀ ਬਾਜੀ) ਜਿਤ ਕੇ ਇੱਜਤ ਨਾਲ ਨਿਜ ਸਰੂਪ ਵਿਚ ਆ ਟਿਕੇ ਹਨ ਅਤੇ (ਉਨ੍ਹਾਂ ਦੀ ਹਰੇਕ) ਆਸ ਪੂਰੀ ਹੋਈ ਹੈ।੩।(ਮੇਰਾ) ਗੁਰੂ (ਰਾਮਦਾਸ) ਪੂਰਾ ਹੈ, ਜਿਸ ਦੀ ਸਿੱਖਿਆ ਪੂਰੀ ਹੈ ਅਤੇ (ਉਹ) ਪ੍ਰਭੂ ਪ੍ਰਾਪਤੀ ਦੇ ਕੰਮ ਵੀ ਪੂਰੇ ਕਰਦਾ ਹੈ।ਨਾਨਕ ਗੁਰੂ ਜੀ ਆਖਦੇ ਹਨ (ਕਿ ਅਜੇਹੇ ਪੂਰਨ) ਗੁਰੂ ਦੇ ਚਰਨੀਂ ਲਗ ਕੇ ਹਰਿ

ਹਰਿ ਨਾਮ ਜਪ ਕੇ (ਅਨੇਕਾਂ ਗੁਰ ਸਿਖ) ਭਵ ਸਾਗਰ ਨੂੰ ਤਰ ਗਏ ਹਨ।੪।੨੬।੯੦।

ਪਦਾਰਥ = ਕਰਨ ਕਰਾਵਨ–ਸਭ ਕੁਛ ਕਰਨ ਵਾਲਾ ਤੇ ਜੀਵਾਂ ਤੋਂ ਕਰਾਉਣ ਵਾਲਾ।ਅੰਤਰਜਾਮੀ–ਸਭ ਦੇ ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲਾ।ਜਨ ਕੀ–ਦਾਸਾਂ ਦੀ।ਰਾਖੈ–ਲਾਜ ਰਖਦਾ ਹੈ।ਜੈ ਜੈਕਾਰੁ ਹੋਤ–ਸੋਭਾ ਹੁੰਦੀ ਹੈ।ਜਗ ਭੀਤਰਿ–ਜਗਤ ਦੇ ਅੰਦਰ।ਰਸੁ–ਸੁਆਦ।ਚਾਖੈ–ਚੱਖਦਾ ਹੈ।੧।ਪ੍ਰਭ ਜੀ–ਹੇ ਪ੍ਰਭੂ ਜੀ!।ਗੁਸਾਈ–ਹੇ ਪ੍ਰਿਥਵੀ ਦੇ ਮਾਲਕ!।ਸਮਰਥੁ–ਸਭ ਤਾਕਤਾਂ ਦਾ ਮਾਲਕ।ਆਠ ਪਹਰ–ਅੱਠੇ ਪਹਿਰ (ਸਦਾ)।ਧਿਆਈ–ਮੈਂ ਸਿਮਰਦਾ ਰਹਾਂ।ਰਹਾਉ।ਜਨੁ–ਮਨੁੱਖ।ਪ੍ਰਭ–ਹੇ ਪ੍ਰਭੂ!।ਅੰਦੇਸਾ–ਫਿਕਰ।ਭਉ–ਡਰ।ਮਨ ਮਾਹੀ–ਮਨ ਵਿਚ।੨।ਸੂਖ ਸਹਜ–ਆਤਮ ਗਿਆਨ ਦੀ ਕੁਦਰਤੀ ਅਵਸਥਾ ਦੇ ਸੁਖ।ਘਨੇਰੇ–ਬਹੁਤ।ਦਿਲਾਸਾ–ਧੀਰਜ; ਤਸੱਲੀ।ਜਿਣਿ–ਜਿੱਤ ਕੇ।ਘਰਿ–ਨਿਜ ਸਰੂਪ ਵਿਚ।ਸੋਭਾ ਸੇਤੀ–ਇੱਜਤ ਨਾਲ।੩।ਮਤਿ–ਸਿੱਖਿਆ।ਜਾ ਕੀ–ਜਿਸ (ਗੁਰੂ) ਦੀ।ਕਾਮਾ–ਕੰਮ।ਲਾਗਿ–ਲੱਗ ਕੇ।ਭਵ ਸਾਗਰ–ਸੰਸਾਰ ਸਮੁੰਦਰ।ਜਪਿ–ਜਪ ਕੇ।੪।੨੬।੯੦।

ਸੋਰਠਿ ਮਹਲਾ ੫ ॥ ਭਇਓ ਕਿਰਪਾਲੁ ਦੀਨ ਦੁਖ ਭੰਜਨੁ ,ਆਪੇ ਸਭ ਬਿਧਿ ਥਾਟੀ ॥ ਖਿਨ ਮਹਿ ਰਾਖਿ ਲੀਓ ਜਨੁ ਅਪੁਨਾ, ਗੁਰ ਪੂਰੈ ਬੇੜੀ ਕਾਟੀ ॥੧॥ ਮੇਰੇ ਮਨ ਗੁਰ ਗੋਵਿੰਦੁ ਸਦ ਧਿਆਈਐ ॥ ਸਗਲ ਕਲੇਸ ਮਿਟਹਿ ਇਸੁ ਤਨ ਤੇ, ਮਨ ਚਿੰਦਿਆ ਫਲੁ ਪਾਈਐ ॥ਰਹਾਉ॥ (ਹੇ ਭਾਈ!) ਗਰੀਬਾਂ ਦੇ ਦੁਖ ਨਾਸ਼ ਕਰਨ ਵਾਲਾ ਪ੍ਰਭੂ ਸਾਡੇ ਤੇ ਕ੍ਰਿਪਾਲੂ ਹੋਇਆ ਹੈ, (ਉਸ ਨੇ) ਆਪ ਹੀ ਸਾਰੀ ਵਿਧੀ ਬਣਾਈ (ਇੰਤਜਾਮ ਕੀਤਾ) ਹੈ।ਅਪਣਾ ਸੇਵਕ ਜਾਣ ਕੇ (ਉਸ ਨੇ ਮੈਨੂੰ) ਇਕ ਖਿਨ ਵਿਚ (ਦੁੱਖਾਂ ਤੋਂ ਬਚਾ ਕੇ) ਰੱਖ ਲਿਆ ਹੈ, ਪੂਰੇ ਗੁਰੂ ਨੇ (ਦੁੱਖਾਂ ਕਲੇਸ਼ਾਂ ਦੀ) ਬੇੜੀ ਕੱਟ ਦਿਤੀ।੧।ਹੇ ਮੇਰੇ ਮਨ! ਗੁਰੂ ਗੋਬਿੰਦ ਨੂੰ ਸਦਾ ਧਿਆਉਣਾ ਚਾਹੀਦਾ ਹੈ।(ਉਸ ਦਾ ਸਿਮਰਨ ਕਰਨ ਨਾਲ) ਇਸ ਸਰੀਰ ਤੋਂ ਸਾਰੇ ਕਲੇਸ਼ ਮਿਟ ਜਾਂਦੇ ਹਨ ਅਤੇ ਮਨ ਭਾਉਂਦਾ ਫਲ ਪਾ ਲਈਦਾ ਹੈ।ਰਹਾਉ।

ਅੰਗ ੬੩੧ = ਜੀਅ ਜੰਤ ਜਾ ਕੇ ਸਭਿ ਕੀਨੇ, ਪ੍ਰਭੁ ਊਚਾ ਅਗਮ ਅਪਾਰਾ ॥ ਸਾਧ ਸੰਗਿ ਨਾਨਕ ਨਾਮੁ ਧਿਆਇਆ, ਮੁਖ ਊਜਲ ਭਏ ਦਰਬਾਰਾ ॥੨॥੨੭॥੯੧॥ ਸਾਰੇ ਛੋਟੇ ਵੱਡੇ ਜੀਵ ਜੰਤ ਜਿਸ ਦੇ ਪੈਦਾ ਕੀਤੇ ਹੋਏ ਹਨ, ਉਹ ਪ੍ਰਭੂ ਸਭ ਤੋਂ ਉਚਾ, ਮਨ ਤੇ ਬੁੱਧੀ ਦੀ ਪਹੁੰਚ ਤੋਂ ਪਰੇ ਅਤੇ ਬੇਅੰਤ ਹੈ।ਨਾਨਕ ਗੁਰੂ ਜੀ ਆਖਦੇ ਹਨ (ਕਿ ਜਿਨ੍ਹਾਂ ਪੁਰਖਾਂ ਨੇ) ਸਾਧ ਸੰਗਤ ਵਿਚ ਪ੍ਰਭੂ ਦਾ ਨਾਮ ਧਿਆਇਆ ਹੈ, ਪ੍ਰਭੂ ਦੇ ਦਰਬਾਰ ਵਿਚ (ਉਨ੍ਹਾਂ ਦੇ) ਮੂੰਹ ਉਜਲ ਹੋਏ ਹਨ।੨।੨੭।੯੧।

ਪਦਾਰਥ = ਭਇਓ–ਹੋਇਆ।ਦੀਨ ਦੁਖ ਭੰਜਨੁ–ਗਰੀਬਾਂ ਦੇ ਦੁਖ ਨਾਸ ਕਰਨ ਵਾਲਾ।ਸਭ ਬਿਧਿ–ਸਾਰੀ ਵਿਓਂਤ; ਜੁਗਤੀ।ਥਾਟੀ–ਬਣਾਈ ਹੈ।ਖਿਨ ਮਹਿ–ਇਕ ਛਿਨ ਵਿਚ।ਰਾਖਿ ਲੀਓ–ਬਚਾ ਕੇ ਰੱਖ ਲਿਆ।ਜਨੁ–ਸੇਵਕ।ਗੁਰ ਪੂਰੈ–ਪੂਰੇ ਗੁਰੂ ਨੇ।ਬੇੜੀ–ਜੰਜੀਰ (ਦੁੱਖਾਂ ਜਾਂ ਹੰਗਤਾ ਮਮਤਾ ਦੀ)।੧।ਸਦ–ਸਦਾ।ਸਗਲ–ਸਾਰੇ।ਕਲੇਸ–ਦੁਖ; ਝਗੜੇ।ਤੇ–ਤੋਂ।ਮਨ ਚਿੰਦਿਆ–ਮਨ ਭਾਉਂਦਾ।ਰਹਾਉ।ਜੀਅ ਜੰਤ–ਛੋਟੇ ਤੇ ਵੱਡੇ ਜੀਵ।ਜਾ ਕੇ–ਜਿਸ ਦੇ।ਕੀਨੇ–ਪੈਦਾ ਕੀਤੇ ਹੋਏ ਹਨ।ਅਗਮ–ਮਨ ਤੇ ਬੁੱਧੀ ਦੀ ਪਹੁੰਚ ਤੋਂ ਪਰੇ।ਅਪਾਰਾ–ਬੇਅੰਤ; ਪ੍ਰਕ੍ਰਿਤੀ ਦੇ ਪਾਰਾਵਾਰ ਤੋਂ ਪਰੇ।ਭਏ–ਹੋਏ ਹਨ।ਦਰਬਾਰਾ–ਪ੍ਰਭੂ ਦੇ ਦਰਬਾਰ ਵਿਚ।੨।੨੭।੯੧।

ਸੋਰਠਿ ਮਹਲਾ ੫ ॥ ਸਿਮਰਉ ਅਪੁਨਾ ਸਾਂਈ ॥ ਦਿਨਸੁ ਰੈਨਿ ਸਦ ਧਿਆਈ ॥ ਹਾਥ ਦੇਇ ਜਿਨਿ ਰਾਖੇ ॥ ਹਰਿ ਨਾਮ ਮਹਾ ਰਸ ਚਾਖੇ ॥੧॥ ਅਪਨੇ ਗੁਰ ਊਪਰਿ ਕੁਰਬਾਨੁ ॥ ਭਏ ਕਿਰਪਾਲ ਪੂਰਨ ਪ੍ਰਭ ਦਾਤੇ, ਜੀਅ ਹੋਏ ਮਿਹਰਵਾਨ ॥ਰਹਾਉ॥ ਨਾਨਕ ਜਨ ਸਰਨਾਈ ॥ ਜਿਨਿ ਪੂਰਨ ਪੈਜ ਰਖਾਈ ॥ ਸਗਲੇ ਦੂਖ ਮਿਟਾਈ ॥ ਸੁਖੁ ਭੁੰਚਹੁ ਮੇਰੇ ਭਾਈ ॥੨॥੨੮॥੯੨॥ (ਹੇ ਭਾਈ!) ਮੈਂ ਅਪਣੇ ਪ੍ਰਭੂ ਨੂੰ ਸਿਮਰਦਾ ਹਾਂ।ਦਿਨ ਰਾਤ ਸਦਾ ਸਿਮਰਦਾ ਰਹਿੰਦਾ ਹਾਂ।ਜਿਸ (ਪ੍ਰਭੂ) ਨੇ ਹੱਥ ਦੇ ਕੇ (ਦੁੱਖਾਂ ਤੋਂ) ਰੱਖਿਆ ਕੀਤੀ ਹੈ।ਅਸੀਂ ਹਰੀ ਦੇ ਨਾਮ ਦਾ ਮਹਾਨ ਰਸ ਚੱਖਿਆ (ਅਨੰਦ ਮਾਣਿਆ) ਹੈ।੧।ਮੈਂ ਅਪਣੇ ਗੁਰੂ ਉਪਰੋਂ ਕੁਰਬਾਨ ਹਾਂ।(ਜਿਸ ਗੁਰੂ ਦੀ ਕ੍ਰਿਪਾ ਨਾਲ ਸਾਡੇ ਤੇ) ਪੂਰਨ ਦਾਤਾਰ ਪ੍ਰਭੂ ਦਇਆਵਾਨ ਹੋਏ ਅਤੇ ਸਾਰੇ ਜੀਵ ਵੀ (ਸਾਡੇ ਤੇ) ਮਿਹਰਵਾਨ ਹੋਏ ਹਨ।ਰਹਾਉ।ਦਾਸ ਨਾਨਕ ਪ੍ਰਭੂ ਦੀ ਸ਼ਰਨ ਵਿਚ ਹੈ।ਜਿਸ (ਪ੍ਰਭੂ) ਨੇ ਪੂਰੀ ਤਰ੍ਹਾਂ ਸਾਡੀ ਲਾਜ ਰੱਖੀ ਹੈ।(ਅਤੇ ਸਾਡੇ) ਸਾਰੇ ਦੁਖ ਮਿਟਾ ਦਿਤੇ ਹਨ।ਹੇ ਮੇਰੇ ਭਰਾਵੋ! (ਤੁਸੀਂ ਵੀ ਪ੍ਰਭੂ ਦੀ ਸ਼ਰਨ ਵਿਚ ਰਹੋ ਅਤੇ ਨਾਮ ਜਪ ਕੇ) ਸੁਖ ਮਾਣੋ।੨।੨੮।੯੨।

ਪਦਾਰਥ = ਸਿਮਰਉ–ਮੈਂ ਸਿਮਰਦਾ ਹਾਂ।ਸਾਂਈ–ਮਾਲਕ ਪ੍ਰਭੂ।ਦਿਨਸੁ ਰੈਨਿ–ਦਿਨ ਰਾਤ।ਸਦ–ਸਦਾ।ਧਿਆਈ–ਮੈਂ ਸਿਮਰਦਾ ਹਾਂ।ਦੇਇ–ਦੇ ਕੇ।ਜਿਨਿ–ਜਿਸ (ਪ੍ਰਭੂ) ਨੇ।ਰਾਖੇ–ਰੱਖਿਆ ਕੀਤੀ; ਬਚਾ ਲਿਆ।੧।ਗੁਰ ਊਪਰਿ–ਗੁਰੂ ਦੇ ਉਪਰੋਂ।ਭਏ–ਹੋਏ।ਜੀਅ–(ਸਾਰੇ) ਜੀਵ।ਰਹਾਉ।ਨਾਨਕ ਜਨ–ਦਾਸ ਨਾਨਕ।ਸਰਨਾਈ–ਸ਼ਰਨ ਵਿਚ।ਪੂਰਨ–ਪੂਰੀ ਤਰ੍ਹਾਂ।ਪੈਜ–ਇੱਜਤ।ਸਗਲੇ–ਸਾਰੇ।ਭੁੰਚਹੁ–ਭੋਗੋ; ਮਾਣੋ।ਮੇਰੇ ਭਾਈ–ਹੇ ਮੇਰੇ ਭਰਾਵੋ!।੨।੨੮।੯੨।

ਸੋਰਠਿ ਮਹਲਾ ੫ ॥ ਸੁਨਹੁ ਬਿਨੰਤੀ ਠਾਕੁਰ ਮੇਰੇ, ਜੀਅ ਜੰਤ ਤੇਰੇ ਧਾਰੇ ॥ ਰਾਖੁ ਪੈਜ ਨਾਮ ਅਪੁਨੇ ਕੀ, ਕਰਨ ਕਰਾਵਨਹਾਰੇ ॥੧

॥ ਪ੍ਰਭ ਜੀਉ ਖਸਮਾਨਾ ਕਰਿ ਪਿਆਰੇ ॥ ਬੁਰੇ ਭਲੇ ਹਮ ਥਾਰੇ ॥ਰਹਾਉ॥ ਸੁਣੀ ਪੁਕਾਰ ਸਮਰਥ ਸੁਆਮੀ, ਬੰਧਨ ਕਾਟਿ ਸਵਾਰੇ ॥ ਪਹਿਰਿ ਸਿਰਪਾਉ ਸੇਵਕ ਜਨ ਮੇਲੇ, ਨਾਨਕ ਪ੍ਰਗਟ ਪਹਾਰੇ ॥੨॥੨੯॥੯੩॥ (ਪ੍ਰਭੂ ਅੱਗੇ ਇਉਂ ਅਸਦਾਸ ਕਰੀਏ) ਹੇ ਮੇਰੇ ਮਾਲਕ ਪ੍ਰਭੂ! ਮੇਰੀ ਬੇਨਤੀ ਸੁਣੋ, ਸਾਰੇ ਜੀਵ ਜੰਤ ਤੇਰੇ ਬਣਾਏ ਹੋਏ ਹਨ; ਤੇਰੇ ਆਸਰੇ ਤੇ ਹਨ। ਹੇ ਸਭ ਕੁਛ ਕਰਨ ਵਾਲੇ ਤੇ ਜੀਵਾਂ ਪਾਸੋਂ ਕਰਾਉਣ ਵਾਲੇ ਪ੍ਰਭੂ! ਅਪਣੇ ਨਾਮ ਦੀ ਲਾਜ ਰੱਖ ਲੈ (ਤੇਰਾ ਨਾਮ ਦਇਆ ਤੇ ਬਖਸ਼ਿਸ਼ ਕਰਨ ਵਾਲਾ ਹੈ, ਤੂੰ ਅਪਣਾ ਸੁਭਾਉ ਵਰਤ ਕੇ ਸਾਨੂੰ ਬਖਸ਼ ਲੈ)।੧। ਹੇ ਪਿਆਰੇ ਪ੍ਰਭੂ ਜੀ! ਮਾਲਕ ਵਾਲਾ ਧਰਮ ਪੂਰਾ ਕਰ (ਮਾਲਕ ਦਾ ਧਰਮ ਹੈ, ਅਪਣੇ ਦਾਸ ਦੇ ਔਗਣ ਮਾਫ ਕਰਕੇ ਰੱਖਿਆ ਕਰਨੀ)। ਭਾਵੇਂ ਅਸੀਂ ਬੁਰੇ ਹਾਂ ਤੇ ਭਾਵੇਂ ਕੁਝ ਚੰਗੇ ਹਾਂ, ਜੋ ਕੁਝ ਹਾਂ, ਤੇਰੇ ਅਪਣੇ ਹਾਂ। ਰਹਾਉ। ਸਰਬ ਸ਼ਕਤੀਮਾਨ ਪ੍ਰਭੂ ਨੇ (ਜਿਨ੍ਹਾਂ ਸੇਵਕਾਂ ਦੀ) ਪੁਕਾਰ ਸੁਣ (ਬੇਨਤੀ ਪ੍ਰਵਾਨ ਕਰ) ਲਈ ਹੈ, (ਉਨ੍ਹਾਂ ਦੇ) ਬੰਧਨ ਕੱਟ ਕੇ (ਉਨ੍ਹਾ ਦੇ ਮਨ ਨੂੰ) ਸਵਾਰ (ਜੀਵਨ ਸੋਹਣਾ ਬਣਾ) ਦਿਤਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਹਰੀ ਨੇ ਅਪਣੇ ਸੇਵਕ ਜਨਾਂ ਨੂੰ ਸਿਰੋਪਾ ਪਹਿਨਾ ਕੇ ਅਪਣੇ ਨਾਲ ਮਿਲਾ ਲਿਆ ਹੈ ਅਤੇ (ਉਨ੍ਹਾਂ ਨੂੰ) ਸੰਸਾਰ ਵਿਚ ਪ੍ਰਗਟ (ਪ੍ਰਸਿੱਧ) ਕਰ ਦਿਤਾ ਹੈ।੨।੨੯।੯੩।

ਪਦਾਰਥ = ਬਿਨੰਤੀ–ਬੇਨਤੀ। ਠਾਕੁਰ–ਹੇ ਮਾਲਕ ਪ੍ਰਭੂ!। ਜੀਅ ਜੰਤ–ਛੋਟੇ ਵਡੇ ਜੀਵ; ਮਨੁੱਖ ਤੇ ਜਾਨਵਰ। ਧਾਰੇ–ਬਣਾਏ ਹੋਏ ਹਨ; ਆਸਰੇ ਤੇ ਹਨ। ਪੈਜ–ਇੱਜਤ। ਕਰਨ–ਹੇ ਸਭ ਕੁਝ ਕਰਨ ਵਾਲੇ। ਕਰਾਵਨਹਾਰੇ–ਹੇ ਜੀਵਾਂ ਪਾਸੋਂ ਕਰਾਉਣ ਵਾਲੇ ਪ੍ਰਭੂ।੧। ਪ੍ਰਭ ਜੀਉ–ਹੇ ਪ੍ਰਭੂ ਜੀਓ!। ਖਸਮਾਨਾ–ਮਾਲਕ ਵੱਲੋਂ ਅਪਣੇ ਦਾਸ ਦੀ ਰੱਖਿਆ ਜਾਂ ਪੱਖ ਕਰਨ ਵਾਲਾ ਧਰਮ। ਹਮ–ਅਸੀਂ। ਥਾਰੇ–(ਪੁਆਧ ਦੀ ਬੋਲੀ) ਤੇਰੇ। ਰਹਾਉ। ਸਮਰਥ–ਸਰਬ ਸ਼ਕਤੀਮਾਨ। ਕਾਟਿ–ਕੱਟ ਕੇ। ਸਵਾਰੇ–ਸਵਾਰ ਦਿਤਾ। ਪਹਿਰਿ ਸਿਰਪਾਉ–ਸਿਰੋਪਾ ਪਹਿਨਾ ਕੇ (ਆਦਰ ਮਾਣ ਦੇ ਕੇ)। ਪ੍ਰਗਟ–ਪ੍ਰਸਿੱਧ। ਪਹਾਰੇ–ਸੰਸਾਰ ਵਿਚ।੨।੨੯।੯੩।

ਸੋਰਠਿ ਮਹਲਾ ੫ ॥ ਜੀਅ ਜੰਤ ਸਭਿ ਵਸਿ ਕਰਿ ਦੀਨੇ, ਸੇਵਕ ਸਭਿ ਦਰਬਾਰੇ ॥ ਅੰਗੀਕਾਰੁ ਕੀਓ ਪ੍ਰਭ ਅਪੁਨੇ, ਭਵਨਿਧਿ ਪਾਰਿ ਉਤਾਰੇ ॥੧॥ ਸੰਤਨ ਕੇ ਕਾਰਜ ਸਗਲ ਸਵਾਰੇ ॥ ਦੀਨ ਦਇਆਲ ਕ੍ਰਿਪਾਲ ਕ੍ਰਿਪਾ ਨਿਧਿ, ਪੂਰਨ ਖਸਮ ਹਮਾਰੇ ॥ਰਹਾਉ॥ ਆਉ ਬੈਠੁ ਆਦਰੁ ਸਭ ਥਾਈ, ਊਨ ਨ ਕਤਹੂੰ ਬਾਤਾ ॥ ਭਗਤਿ ਸਿਰਪਾਉ ਦੀਓ ਜਨ ਅਪੁਨੇ, ਪ੍ਰਤਾਪੁ ਨਾਨਕ ਪ੍ਰਭ ਜਾਤਾ ॥੨॥੩੦॥੯੪॥ (ਹੇ ਭਾਈ! ਜੋ) ਸਾਰੇ ਸੇਵਕ ਪ੍ਰਭੂ ਦੇ ਦਰਬਾਰ ਵਿਚ (ਸੇਵਾ ਕਰਨ ਵਾਲੇ) ਹਨ, ਸਾਰੇ ਜੀਵ ਜੰਤ (ਉਨ੍ਹਾਂ ਸੇਵਕਾਂ ਦੇ) ਵਸ ਵਿਚ ਕਰ ਦਿਤੇ ਹਨ। ਅਪਣੇ ਪ੍ਰਭੂ ਨੇ (ਸੇਵਕਾਂ ਨੂੰ) ਅੰਗੀਕਾਰ ਕਰ (ਲੜ ਲਾ) ਲਿਆ ਹੈ ਅਤੇ ਭਵ ਸਾਗਰ ਤੋਂ ਪਾਰ ਉਤਾਰ ਦਿਤਾ ਹੈ।੧। (ਪ੍ਰਭੂ ਨੇ) ਸੰਤਾਂ ਦੇ ਸਾਰੇ ਕਾਰਜ ਸਵਾਰ ਦਿਤੇ ਹਨ। ਸਾਡਾ ਪਰੀ ਪੂਰਨ ਮਾਲਕ ਪ੍ਰਭੂ ਦੀਨਾਂ ਉਤੇ ਦਇਆ ਕਰਨ ਵਾਲਾ ਹੈ, ਕ੍ਰਿਪਾ ਦਾ ਘਰ ਤੇ ਕ੍ਰਿਪਾ ਦਾ ਖਜਾਨਾ ਹੈ। ਰਹਾਉ। (ਉਸ ਦੇ ਸੇਵਕ ਹੋਣ ਕਰਕੇ ਲੋਕ ਸਾਡਾ) ਸਭ ਜਗ੍ਹਾ ਆਦਰ ਕਰਦੇ ਹਨ, ਆਓ ਬੈਠੋ (ਸਾਨੂੰ ਜੀ ਆਇਆਂ ਨੂੰ) ਕਹਿੰਦੇ ਹਨ ਅਤੇ ਕਿਸੇ ਗੱਲ ਦੀ ਕਮੀ ਨਹੀਂ ਆਉਂਦੀ। ਪ੍ਰਭੂ ਨੇ ਅਪਣੇ ਸੇਵਕਾਂ ਨੂੰ ਭਗਤੀ ਦਾ ਸਿਰੋਪਾ ਦਿਤਾ ਹੈ, ਨਾਨਕ ਗੁਰੂ ਜੀ ਆਖਦੇ ਹਨ (ਕਿ ਅਸੀਂ ਇਹ ਸਭ) ਪ੍ਰਭੂ ਦਾ ਪ੍ਰਤਾਪ ਜਾਣਿਆ ਹੈ।੨।੩੦।੯੪।

ਪਦਾਰਥ =੧। ਜੀਅ ਜੰਤ–ਛੋਟੇ ਵੱਡੇ ਜੀਵ ਜੰਤ; ਮਨੁੱਖ ਤੇ ਜਾਨਵਰ। ਵਸਿ–ਵਸ ਵਿਚ। ਕਰਿ ਦੀਨੇ–ਕਰ ਦਿਤੇ। ਦਰਬਾਰੇ–ਦਰਬਾਰ ਵਿਚ। ਅੰਗੀਕਾਰੁ ਕੀਓ–ਪ੍ਰਵਾਨ ਕਰ ਲਿਆ; ਲੜ ਲਾ ਲਿਆ; ਪੱਖ ਕੀਤਾ। ਭਵ ਨਿਧਿ–ਸੰਸਾਰ ਸਮੁੰਦਰ। ਪਾਰਿ ਉਤਾਰੇ–ਪਾਰ ਉਤਾਰ (ਲੰਘਾ) ਦਿਤੇ।੧। ਸੰਤਨ ਕੇ–ਸੰਤਾਂ ਦੇ। ਸਗਲ–ਸਾਰੇ। ਸਵਾਰੇ–ਸਵਾਰ (ਪੂਰੇ ਕਰ) ਦਿਤੇ। ਦੀਨ ਦਇਆਲ–ਗਰੀਬਾਂ ਉਤੇ ਦਇਆ ਕਰਨ ਵਾਲਾ। ਕ੍ਰਿਪਾ ਨਿਧਿ–ਕ੍ਰਿਪਾ ਦਾ ਖਜਾਨਾ। ਪੂਰਨ–ਵਿਆਪਕ ਪ੍ਰਭੂ। ਖਸਮ–ਮਾਲਕ। ਰਹਾਉ। ਆਉ ਬੈਠੁ–ਆਓ ਬੈਠੋ ਜੀ। ਸਭ ਥਾਈ–ਸਭ ਜਗ੍ਹਾ। ਊਨ–ਕਮੀ। ਕਤਹੂੰ ਬਾਤਾ–ਕਿਸੇ ਗੱਲ ਦੀ। ਸਿਰਪਾਉ–ਸਿਰੋਪਾ (ਸਨਮਾਨ ਵਿਚ ਦਿਤੀ ਸਿਰ ਤੋਂ ਪੈਰਾਂ ਤਕ ਪਹਿਨਣ ਵਾਲੀ ਪੋਸ਼ਾਕ)। ਪ੍ਰਤਾਪ–ਤੇਜ; ਵਡਿਆਈ। ਜਾਤਾ–ਜਾਣਿਆ ਹੈ।੨।੩੦।੯੪।

ਸੋਰਠਿ ਮਹਲਾ ੯ ੴ ਸਤਿਗੁਰ ਪ੍ਰਸਾਦਿ ॥ ਰੇ ਮਨ ਰਾਮ ਸਿਉ ਕਰਿ ਪ੍ਰੀਤਿ ॥ ਸ੍ਰਵਨ ਗੋਬਿੰਦ ਗੁਨੁ ਸੁਨਉ ,ਅਰੁ ਗਾਉ ਰਸਨਾ ਗੀਤ ॥੧॥ਰਹਾਉ॥ ਕਰਿ ਸਾਧ ਸੰਗਤਿ ਸਿਮਰੁ ਮਾਧੋ, ਹੋਹਿ ਪਤਿਤ ਪੁਨੀਤ ॥ ਕਾਲੁ ਬਿਆਲੁ ਜਿਉ ਪਰਿਓ ਡੋਲੈ, ਮੁਖੁ ਪਸਾਰੇ ਮੀਤ ॥੧॥ ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ, ਸਮਝਿ ਰਾਖਉ ਚੀਤਿ ॥ ਕਹੈ ਨਾਨਕੁ ਰਾਮੁ ਭਜਿ ਲੈ, ਜਾਤੁ ਅਉਸਰੁ ਬੀਤ ॥੨॥੧॥ ਹੇ ਮੇਰੇ ਮਨ! ਤੂੰ ਰਾਮ ਨਾਲ ਪ੍ਰੀਤ ਕਰ। ਕੰਨਾਂ ਨਾਲ ਗੋਬਿੰਦ ਦਾ ਜਸ ਸੁਣਿਆ ਕਰ ਅਤੇ ਜੀਭ ਨਾਲ (ਪ੍ਰਭੂ ਦੀ ਸਿਫਤ ਸਲਾਹ ਦੇ) ਗੀਤ ਗਾਇਆ ਕਰ।੧। ਰਹਾਉ। ਸਾਧੂਆਂ ਦੀ ਸੰਗਤ ਕਰਕੇ ਮਾਇਆ ਦੇ ਪਤੀ ਪ੍ਰਭੂ ਨੂੰ ਸਿਮਰ, (ਨਾਮ ਸਿਮਰਨ ਦੀ ਬਰਕਤ ਨਾਲ) ਪਾਪੀ ਵੀ ਪਵਿਤ੍ਰ ਹੋ ਜਾਂਦੇ ਹਨ। ਹੇ ਮਿਤਰ! ਕਾਲ ਦਰਿੰਦੇ ਜਾਨਵਰ ਵਾਂਗ ਮੂੰਹ ਅੱਡ ਕੇ (ਤੇਰੇ ਪਿੱਛੇ

ਪਿੱਛੇ) ਫਿਰਦਾ ਪਿਆ ਹੈ।੧।ਅੱਜ ਕਲ੍ਹ ਵਿਚ ਫਿਰ (ਕਾਲ) ਤੈਨੂੰ ਖਾ ਲਵੇਗਾ, (ਇਹ ਗੱਲ) ਚਿਤ ਵਿਚ ਸਮਝ ਰੱਖ।ਨਾਨਕ ਗੁਰੂ ਜੀ ਕਹਿੰਦੇ ਹਨ (ਕਿ ਹੇ ਮਨ! ਤੂੰ) ਰਾਮ ਨਾਮ ਨੂੰ ਜਪ ਲੈ, (ਕਿਉਂਕਿ) ਮਨੁੱਖਾ ਜਨਮ ਦਾ ਸਮਾਂ ਬੀਤਦਾ ਜਾਂਦਾ ਹੈ।੨।੧।

ਪਦਾਰਥ = ਰੇ ਮਨ-ਹੇ ਮਨ!।ਰਾਮ ਸਿਉ-ਸਰਬ ਵਿਆਪਕ ਰਾਮ ਨਾਲ।ਕਰਿ ਪ੍ਰੀਤਿ-ਪਿਆਰ ਕਰ।ਸ੍ਰਵਨ-ਕੰਨਾਂ ਨਾਲ।ਗੁਨੁ ਸੁਨਉ-ਜਸ ਸੁਣਿਆ ਕਰ।ਅਰੁ-ਅਤੇ।ਰਸਨਾ-ਜੀਭ ਨਾਲ।ਗੀਤ-ਸਿਫਤ ਸਲਾਹ ਦੇ ਗੀਤ।੧।ਮਾਧੋ-ਮਾਇਆ ਦਾ ਪਤੀ ਪ੍ਰਭੂ। ਹੋਹਿ-ਹੋ ਜਾਂਦੇ ਹਨ।ਪਤਿਤ-ਪਾਪੀ।ਪੁਨੀਤ-ਪਵਿਤ੍ਰ।ਕਾਲੁ-ਮੌਤ।ਬਿਆਲ ਜਿਉ-ਦਰਿੰਦੇ ਜਾਨਵਰ ਵਾਂਗ; ਸੱਪ ਵਾਂਗ।ਪਰਿਓ ਡੋਲੈ -ਫਿਰਦਾ ਪਿਆ ਹੈ।ਮੁਖੁ ਪਸਾਰੇ-ਮੂੰਹ ਅੱਡ (ਖੋਲ੍ਹ) ਕੇ।ਮੀਤ-ਹੇ ਮਿੱਤਰ!।੧।ਆਜੁ ਕਾਲਿ-ਅੱਜ ਕਲ੍ਹ ਵਿਚ।ਫੁਨਿ-ਫਿਰ; ਭੀ। ਤੋਹਿ-ਤੈਨੂੰ।ਗ੍ਰਸਿ ਹੈ-ਖਾ ਲਏਗਾ।ਚੀਤਿ-ਚਿੱਤ ਵਿਚ।ਜਾਤੁ ਬੀਤ-ਬੀਤਦਾ ਜਾਂਦਾ ਹੈ।ਅਉਸਰੁ-ਮਨੁੱਖਾ ਜਨਮ ਦਾ ਸਮਾਂ।੨।੧।

ਸੋਰਠਿ ਮਹਲਾ ੯ ॥ ਮਨ ਕੀ ਮਨ ਹੀ ਮਾਹਿ ਰਹੀ ॥ ਨਾ ਹਰਿ ਭਜੇ ਨ ਤੀਰਥ ਸੇਵੇ, ਚੋਟੀ ਕਾਲਿ ਗਹੀ ॥੧॥ਰਹਾਉ॥ ਦਾਰਾ ਮੀਤ ਪੂਤ ਰਥ ਸੰਪਤਿ, ਧਨ ਪੂਰਨ ਸਭ ਮਹੀ ॥ ਅਵਰ ਸਗਲ ਮਿਥਿਆ ਏ ਜਾਨਉ ,ਭਜਨੁ ਰਾਮੁ ਕੋ ਸਹੀ ॥੧॥ ਫਿਰਤ ਫਿਰਤ ਬਹੁਤੇ ਜੁਗ ਹਾਰਿਓ, ਮਾਨਸ ਦੇਹ ਲਹੀ ॥ ਨਾਨਕ ਕਹਤ ਮਿਲਨ ਕੀ ਬਰੀਆ, ਸਿਮਰਤ ਕਹਾ ਨਹੀ ॥੨॥੨॥ (ਹੇ ਭਾਈ!) ਮਨ ਦੀ ਗੱਲ (ਜਾਂ ਇੱਛਾ) ਮਨ ਵਿਚ ਹੀ ਰਹਿ ਗਈ ਹੈ (ਪੂਰੀ ਨਾ ਹੋਈ)।ਨਾ ਹਰੀ ਦਾ ਭਜਨ ਕੀਤਾ, ਨਾ ਤੀਰਥਾਂ ਦੀ ਸੇਵਾ (ਤੀਰਥ ਯਾਤਰਾ) ਕੀਤੀ, ਮੌਤ ਨੇ ਆ ਕੇ ਬੋਦੀ ਫੜ ਲਈ (ਕੇਸਾਂ ਤੋਂ ਫੜ ਲਿਆ)।੧।ਰਹਾਉ।(ਘਰ ਵਾਲੀ) ਇਸਤ੍ਰੀ, ਮਿਤ੍ਰ, ਪੁਤ੍ਰ ,ਰਥ, ਮਾਲ ਅਸਬਾਬ, ਧਨ ਅਤੇ ਸਾਰੀ ਪੂਰੀ ਜਮੀਨ।ਹੋਰ ਸਭ ਕੁਛ ਝੂਠਾ (ਨਾਸ਼ਵੰਤ) ਸਮਝੋ, ਕੇਵਲ ਰਾਮ ਦਾ ਭਜਨ ਸਹੀ (ਸੱਚਾ) ਹੈ।੧।(ਹੇ ਭਾਈ! ਤੂੰ) ਬਹੁਤ ਜੁਗ ਫਿਰਦਾ ਫਿਰਦਾ (ਬਹੁਤ ਚਿਰ ਜੂਨਾਂ ਵਿਚ ਪੈ ਕੇ) ਹਾਰ ਗਿਆ ਸੀ, (ਹੁਣ ਭਾਗਾਂ ਨਾਲ ਤੈਨੂੰ) ਮਨੁੱਖਾ ਦੇਹ ਪ੍ਰਾਪਤ ਹੋਈ ਹੈ {ਲਖ ਚਉਰਾਸੀਹ ਭ੍ਰਮਤਿਆ, ਦੁਲਭ ਜਨਮੁ ਪਾਇਓਹਿ ੫੦}।ਨਾਨਕ ਗੁਰੂ ਜੀ ਆਖਦੇ ਹਨ ਕਿ (ਮਨੁੱਖਾ ਦੇਹ ਪ੍ਰਭੂ ਨੂੰ) ਮਿਲਣ ਦੀ ਵਾਰੀ ਹੈ, (ਇਸ ਕਰਕੇ ਤੂੰ ਪ੍ਰਭੂ ਨੂੰ) ਕਿਉਂ ਨਹੀ ਸਿਮਰਦਾ ਹੈ?।੨।੨।

ਪਦਾਰਥ = ਮਨ ਹੀ ਮਾਹਿ-ਮਨ ਵਿਚ ਹੀ।ਰਹੀ-ਰਹਿ ਗਈ।ਭਜੇ-ਭਜਨ ਕੀਤਾ।ਸੇਵੇ-ਸੇਵਾ (ਯਾਤਰਾ) ਕੀਤੀ।ਚੋਟੀ-ਬੋਦੀ (ਕੇਸ)।ਕਾਲਿ-ਮੌਤ ਨੇ।ਗਹੀ-ਫੜ ਲਈ।੧।ਰਹਾਉ।ਦਾਰਾ-ਇਸਤ੍ਰੀ।ਮੀਤ-ਮਿਤ੍ਰ।ਪੂਤ-ਪੁਤ੍ਰ।ਰਥ-ਗੱਡੀਆਂ।ਸੰਪਤਿ-ਮਾਲ ਅਸਬਾਬ।ਧਨ-ਦੌਲਤ।ਮਹੀ-ਜਮੀਨ ਜਾਇਦਾਦ।ਅਵਰ ਸਗਲ-ਹੋਰ ਸਭ।ਮਿਥਿਆ-ਝੂਠਾ; ਨਾਸ਼ਵੰਤ।ਜਾਨਉ-ਸਮਝੋ।ਕੋ-ਦਾ। ਸਹੀ-ਠੀਕ; ਸੱਚਾ।੧।ਫਿਰਤ ਫਿਰਤ-ਘੁੰਮਦਾ ਫਿਰਦਾ।ਜੁਗ-ਜੁਗਾਂ ਵਿਚ।ਹਾਰਿਓ-ਥੱਕ ਗਿਆ।ਮਾਨਸ ਦੇਹ-ਮਨੁੱਖਾ ਸਰੀਰ। ਲਹੀ-ਪ੍ਰਾਪਤ ਹੋਈ ਹੈ।ਕਹਤ-ਕਹਿੰਦੇ ਹਨ।ਬਰੀਆ-ਵਾਰੀ।ਕਹਾ ਨਹੀ-ਕਿਉਂ ਨਹੀਂ।੨।੨।

ਅੰਗ ੬੩੨ = ਸੋਰਠਿ ਮਹਲਾ ੯ ॥ ਮਨ ਰੇ ਕਉਨੁ ਕੁਮਤਿ ਤੈ ਲੀਨੀ ॥ ਪਰ ਦਾਰਾ ਨਿੰਦਿਆ ਰਸ ਰਚਿਓ, ਰਾਮ ਭਗਤਿ ਨਹਿ ਕੀਨੀ ॥੧॥ਰਹਾਉ॥ ਮੁਕਤਿ ਪੰਥੁ ਜਾਨਿਓ ਤੈ ਨਾਹਨਿ, ਧਨ ਜੋਰਨ ਕਉ ਧਾਇਆ ॥ ਅੰਤਿ ਸੰਗ ਕਾਹੂ ਨਹੀ ਦੀਨਾ, ਬਿਰਥਾ ਆਪੁ ਬੰਧਾਇਆ ॥੧॥ ਨਾ ਹਰਿ ਭਜਿਓ ਨ ਗੁਰ ਜਨੁ ਸੇਵਿਓ, ਨਹ ਉਪਜਿਓ ਕਛੁ ਗਿਆਨਾ ॥ ਘਟ ਮਾਹਿ ਨਿਰੰਜਨੁ ਤੇਰੈ, ਤੈ ਖੋਜਤ ਉਦਿਆਨਾ ॥੨॥ ਬਹੁਤੁ ਜਨਮ ਭਰਮਤ ਤੈ ਹਾਰਿਓ, ਅਸਥਿਰ ਮਤਿ ਨਹੀ ਪਾਈ ॥ ਮਾਨਸ ਦੇਹ ਪਾਇ ਪਦ ਹਰਿ ਭਜੁ ,ਨਾਨਕ ਬਾਤ ਬਤਾਈ ॥੩॥੩॥ ਹੇ (ਮੇਰੇ) ਮਨ! ਤੈਂ ਕਿਹੜੀ ਭੈੜੀ ਮੱਤ ਲੈ ਲਈ ਹੈ? ਪਰਾਈ ਇਸਤ੍ਰੀ ਤੇ ਪਰਾਈ ਨਿੰਦਿਆ ਦੇ ਸੁਆਦ ਵਿਚ ਤੂੰ ਰਚਿਆ ਹੋਇਆ ਹੈਂ, (ਪਰ ਤੈਂ) ਪ੍ਰਭੂ ਦੀ ਭਗਤੀ ਨਹੀਂ ਕੀਤੀ।੧।ਰਹਾਉ।(ਜਨਮ ਮਰਣ ਤੋਂ) ਮੁਕਤ ਹੋਣ ਦਾ ਰਸਤਾ ਤੈਂ ਨਹੀਂ ਜਾਣਿਆ, ਕੇਵਲ ਧਨ ਜੋੜਨ ਲਈ ਦੌੜਿਆ ਫਿਰਦਾ ਰਿਹਾ ਹੈਂ।(ਪਰ) ਅੰਤ ਸਮੇਂ ਕਿਸੇ (ਚੀਜ ਜਾਂ ਮਿਤ੍ਰ) ਨੇ ਤੇਰਾ ਸਾਥ ਨਹੀਂ ਦਿਤਾ, ਆਪਣੇ ਆਪ ਨੂੰ ਬਿਰਥਾ ਹੀ (ਤੈਂ ਬਿਅਰਥ ਚੀਜਾਂ ਵਿਚ) ਬਨ੍ਹਾਈ ਰੱਖਿਆ ਹੈ।੧।(ਹੇ ਮਨ! ਤੂੰ) ਨਾ ਹਰੀ ਦਾ ਭਜਨ ਕੀਤਾ ਹੈ ਤੇ ਨਾ ਹੀ ਗੁਰੂ ਪੁਰਖ ਦੀ ਸੇਵਾ ਕੀਤੀ ਹੈ ਅਤੇ ਨਾ ਹੀ (ਤੇਰੇ ਅੰਦਰ) ਕੁਛ ਆਤਮਕ ਗਿਆਨ ਪੈਦਾ ਹੋਇਆ ਹੈ। ਮਾਇਆ ਤੋਂ ਨਿਰਲੇਪ ਪ੍ਰਭੂ ਤੇਰੇ ਹਿਰਦੇ ਦੇ ਅੰਦਰ ਹੀ ਹੈ, ਪਰ ਤੂੰ (ਉਸ ਨੂੰ) ਜੰਗਲਾਂ ਵਿਚ ਖੋਜਦਾ ਫਿਰਦਾ ਹੈਂ।੨।ਬਹੁਤ ਜਨਮਾਂ ਵਿਚ ਤੂੰ ਭਟਕਦਾ ਹਾਰ ਗਿਆ ਹੈਂ, (ਪਰ ਤੈਂ) ਕਾਇਮ ਰਹਿਣ ਵਾਲੀ ਸੱਚੀ ਮੱਤ ਪ੍ਰਾਪਤ ਨਹੀਂ ਕੀਤੀ।ਤੈਂ ਮਨੁੱਖਾ ਦੇਹ ਦੀ ਪਦਵੀ ਪਾਈ ਹੈ, (ਹੁਣ ਤੂੰ) ਹਰੀ ਨੂੰ ਸਿਮਰ, ਨਾਨਕ ਗੁਰੂ ਜੀ ਆਖਦੇ ਹਨ ਕਿ (ਅਸੀਂ ਤੇਰੇ ਭਲੇ ਦੀ) ਗੱਲ ਦੱਸੀ ਹੈ।੩।੩।

ਪਦਾਰਥ = ਮਨ ਰੇ-ਹੇ ਮਨ!।ਕਉਨੁ-ਕਿਹੜੀ।ਕੁਮਤਿ-ਭੈੜੀ ਸਿੱਖਿਆ।ਤੈ-ਤੂੰ।ਲੀਨੀ-ਲੈ ਲਈ।ਪਰ ਦਾਰਾ-ਪਰਾਈ ਇਸਤ੍ਰੀ। ਰਸ-ਸੁਆਦ ਵਿਚ।ਰਚਿਆ-ਮਗਨ ਹੈਂ।ਨਹਿ ਕੀਨੀ-ਨਹੀਂ ਕੀਤੀ।੧।ਰਹਾਉ।ਮੁਕਤਿ ਪੰਥੁ-ਮੁਕਤ ਹੋਣ ਦਾ ਰਸਤਾ।ਜਾਨਿਓ ਨਾਹਨਿ-ਜਾਣਿਆ ਨਹੀਂ।ਜੋਰਨ ਕਉ-ਜੋੜਨ ਲਈ।ਧਾਇਆ-ਦੌੜਿਆ।ਅੰਤਿ-ਅੰਤ ਸਮੇਂ।ਸੰਗ-ਸਾਥ।ਕਾਹੂ-ਕਿਸੇ ਨੇ।ਨਹੀ

ਦੀਨਾ–ਨਹੀਂ ਦਿਤਾ। ਆਪੁ–ਅਪਣੇ ਆਪ ਨੂੰ। ਬੰਧਾਇਆ–ਬਨ੍ਹਾ ਲਿਆ।੧। ਗੁਰ ਜਨੁ–ਗੁਰੂ ਪਰਖ ਨੂੰ। ਸੇਵਿਓ–ਸੇਵਾ ਕੀਤੀ। ਉਪਜਿਓ–ਪੈਦਾ ਹੋਇਆ। ਗਿਆਨਾ–ਆਤਮਕ ਗਿਆਨ। ਘਟ ਹੀ ਮਾਹਿ–ਹਿਰਦੇ ਦੇ ਅੰਦਰ ਹੀ। ਨਿਰੰਜਨੁ–ਮਾਇਆ ਤੋਂ ਨਿਰਲੇਪ ਪ੍ਰਭੂ। ਉਦਿਆਨਾ–ਜੰਗਲਾਂ ਵਿਚ।੨। ਭਰਮਤ–ਭਟਕਦਾ ਹੋਇਆ। ਹਾਰਿਓ–ਥੱਕ ਹਾਰ ਗਿਆ ਹੈਂ। ਅਸਥਿਰੁ ਮਤਿ–ਕਾਇਮ ਰਹਿਣ ਵਾਲੀ ਅਕਲ; ਦ੍ਰਿੜ ਵਿਸਵਾਸ (ਐਸੀ ਸਮਝ, ਜੋ ਮਨ ਨੂੰ ਡੋਲਣ ਨਾ ਦੇਵੇ)। ਮਾਨਸ ਦੇਹ–ਮਨੁੱਖਾ ਸਰੀਰ। ਪਦ–ਪਦਵੀ; ਚਰਨ (ਸੰ.ਸ.; ਫ.ਸ.; ਬਾ.ਪ੍ਰ. ਹਰੀ ਦੇ ਚਰਨਾਂ ਨੂੰ ਸਿਮਰੋ)। ਬਾਤ ਬਤਾਈ–ਗੱਲ ਦੱਸੀ ਹੈ (ਉਪਦੇਸ਼ ਦਿਤਾ ਹੈ)।੩।੩।

ਸੋਰਠਿ ਮਹਲਾ ੯ ॥ ਮਨ ਰੇ ਪ੍ਰਭ ਕੀ ਸਰਨਿ ਬਿਚਾਰੋ ॥ ਜਿਹ ਸਿਮਰਤ ਗਨਕਾ ਸੀ ਉਧਰੀ, ਤਾ ਕੋ ਜਸੁ ਉਰ ਧਾਰੋ ॥੧॥ਰਹਾਉ॥ ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ, ਅਰੁ ਨਿਰਭੈ ਪਦੁ ਪਾਇਆ ॥ ਦੁਖ ਹਰਤਾ ਇਹ ਬਿਧਿ ਕੋ ਸੁਆਮੀ, ਤੈ ਕਾਹੇ ਬਿਸਰਾਇਆ ॥੧॥ ਜਬ ਹੀ ਸਰਨਿ ਗਹੀ ਕਿਰਪਾ ਨਿਧਿ, ਗਜ ਗਰਾਹ ਤੇ ਛੂਟਾ ॥ ਮਹਮਾ ਨਾਮ ਕਹਾ ਲਉ ਬਰਨਉ ,ਰਾਮ ਕਹਤ ਬੰਧਨ ਤਿਹ ਤੂਟਾ ॥੨॥ ਅਜਾਮਲੁ ਪਾਪੀ ਜਗੁ ਜਾਨੇ, ਨਿਮਖ ਮਾਹਿ ਨਿਸਤਾਰਾ ॥ ਨਾਨਕ ਕਹਤ ਚੇਤ ਚਿੰਤਾਮਨਿ, ਤੈ ਭੀ ਉਤਰਹਿ ਪਾਰਾ ॥੩ ॥੪॥ ਹੇ ਮਨ! ਹਰੀ ਦੀ ਸ਼ਰਨ ਵਿਚ ਰਹਿ ਕੇ (ਨਾਮ ਬਾਣੀ ਦੀ) ਵਿਚਾਰ ਕਰ। ਜਿਸ ਪ੍ਰਭੂ ਦੇ ਸਿਮਰਨ ਨਾਲ ਗਨਕਾ ਵਰਗੀ (ਪਾਪਣ) ਮੁਕਤ ਹੋ ਗਈ, ਉਸ (ਪ੍ਰਭੂ) ਦਾ ਜਸ ਹਿਰਦੇ ਵਿਚ ਧਾਰਣ ਕਰ ਲੈ।੧।ਰਹਾਉ। ਜਿਸ ਪ੍ਰਭੂ ਦੇ ਸਿਮਰਨ ਨਾਲ ਧਰੂ ਸਦਾ ਲਈ ਅੱਟਲ ਹੋ ਗਿਆ ਹੈ ਅਤੇ (ਉਸ ਨੇ) ਨਿਰਭੈ ਪਦ ਪਾਇਆ ਹੈ। ਇਸ ਤਰ੍ਹਾਂ ਦੇ ਦੁਖ ਨਾਸ਼ ਕਰਨ ਵਾਲਾ ਜੋ ਮਾਲਕ ਹੈ, ਤੂੰ ਉਸ ਨੂੰ ਕਿਉਂ ਭੁਲਾ ਦਿਤਾ ਹੈ।੧। ਹਾਥੀ ਨੇ ਜਦੋਂ ਹੀ ਕ੍ਰਿਪਾ ਦੇ ਭੰਡਾਰ ਹਰੀ ਦੀ ਸ਼ਰਨ ਫੜੀ, ਤਾਂ ਤੁਰੰਤ ਤੰਦੂਏ ਤੋਂ ਛੁਟ ਗਿਆ। ਮੈਂ ਨਾਮ ਦੀ ਮਹਿਮਾ ਕਿਥੋਂ ਤਕ ਵਰਨਣ ਕਰਾਂ, (ਜੋ ਮਨੁੱਖ) ਰਾਮ ਦਾ ਨਾਮ ਕਹਿੰਦਾ ਹੈ, ਉਸ ਦੇ ਬੰਧਨ ਟੁੱਟ ਜਾਂਦੇ ਹਨ; ਰਾਮ ਦਾ ਨਾਮ ਕਹਿਣ ਨਾਲ ਹੀ ਉਸ (ਹਾਥੀ) ਦੇ ਬੰਧਨ ਟੁੱਟ ਗਏ ਸਨ।੨। ਅਜਾਮਲ ਪਾਪੀ, ਜਿਸ ਨੂੰ ਸਾਰਾ ਜਗਤ ਜਾਣਦਾ ਸੀ, ਇਕ ਪਲ ਵਿਚ (ਹਰੀ ਦੇ ਨਾਮ ਦੀ ਬਰਕਤ ਨਾਲ ਉਹ) ਤਰ ਗਿਆ। ਨਾਨਕ ਗੁਰੂ ਜੀ ਕਹਿੰਦੇ ਹਨ (ਕਿ ਹੇ ਮਨ!) ਮਨ ਬਾਂਛਤ ਫਲ ਦੇਣ ਵਾਲੇ ਪ੍ਰਭੂ ਨੂੰ ਯਾਦ ਕਰ, ਤੂੰ ਵੀ (ਭਵਜਲ ਤੋਂ) ਪਾਰ ਉਤਰ (ਲੰਘ) ਜਾਵੇਂਗਾ।੩।੪।

ਪਦਾਰਥ = ਮਨ ਰੇ–ਹੇ ਮਨ!। ਬਿਚਾਰੋ–ਵਿਚਾਰ ਕਰ। ਜਿਹ ਸਿਮਰਤ–ਜਿਸ ਦੇ ਸਿਮਰਨ ਨਾਲ। ਸੀ–ਵਰਗੀ। ਉਧਰੀ–ਮੁਕਤ ਹੋ ਗਈ। ਤਾ ਕੋ–ਉਸ ਦਾ। ਉਰ ਧਾਰੋ–ਹਿਰਦੇ ਵਿਚ ਟਿਕਾ ਲੈ।੧। ਭਇਓ–ਹੋ ਗਿਆ। ਜਾ ਕੈ–ਜਿਸ ਦੇ। ਸਿਮਰਨਿ–ਸਿਮਰਨ ਨਾਲ। ਅਰੁ–ਅਤੇ। ਨਿਰਭੈ ਪਦੁ–ਭੈ ਰਹਿਤ ਪਦਵੀ; ਪਰਮਪਦ। ਹਰਤਾ–ਨਾਸ਼ ਕਰਨ ਵਾਲਾ। ਇਹ ਬਿਧਿ ਕੋ–ਇਸ ਤਰ੍ਹਾਂ ਦੇ। ਕਾਹੇ–ਕਿਉਂ। ਸੁਆਮੀ–ਮਾਲਕ। ਕਾਹੇ–ਕਿਉਂ। ਬਿਸਰਾਇਆ–ਭੁਲਾ ਦਿਤਾ।੧। ਜਬ ਹੀ–ਜਦੋਂ ਹੀ। ਗਹੀ–ਫੜੀ। ਕਿਰਪਾ ਨਿਧਿ–ਕ੍ਰਿਪਾ ਦੇ ਭੰਡਾਰ ਹਰੀ ਦੀ। ਗਜ–ਹਾਥੀ। ਗਰਾਹ ਤੇ–ਤੰਦੂਏ ਤੋਂ। ਕਹਾ ਲਉ–ਕਿਥੋਂ ਤਕ। ਬਰਨਉ–ਵਰਨਣ ਕਰਾਂ। ਤਿਹ–ਉਸ ਦੇ। ਤੂਟਾ–ਟੁੱਟ ਗਏ।੨ । ਜਾਨੇ–ਜਾਣਦਾ ਹੈ। ਨਿਮਖ ਮਾਹਿ–ਅੱਖ ਝਮਕਣ ਦੇ ਸਮੇਂ ਵਿਚ ਹੀ। ਨਿਸਤਾਰਾ–ਤਰ ਗਿਆ। ਚੇਤ–ਯਾਦ ਕਰ। ਚਿੰਤਾ ਮਨਿ–ਮਨ ਚਾਹੇ ਫਲ ਦੇਣ ਵਾਲਾ ਰਤਨ; ਪ੍ਰਭੂ। ਉਤਰਹਿ ਪਾਰਾ–(ਭਵਜਲ ਤੋਂ) ਪਾਰ ਉਤਰ (ਲੰਘ) ਜਾਵੇਂਗਾ।੩।੪।

ਗਨਕਾ = ਇਕ ਵੇਸਵਾ ਸੀ, ਜਿਸ ਤੇ ਰਹਿਮ ਕਰਕੇ ਸੰਤਾਂ ਨੇ ਤੋਤਾ ਦਿਤਾ, ਜੋ ਰਾਮ ਰਾਮ ਉਚਾਰਦਾ ਸੀ। ਉਸ ਤੋਂ ਗਨਕਾ ਨੂੰ ਐਸੀ ਲਗਨ ਲੱਗੀ, ਜਿਸ ਕਰਕੇ ਉਹ ਰਾਮ ਰਾਮ ਜਪਣ ਲਗ ਪਈ ਅਤੇ ਆਵਾਗਉਣ ਤੋਂ ਮੁਕਤ ਹੋ ਗਈ।

ਧਰੂ = ਰਾਜਾ ਉਤਾਨਪਾਦ ਦਾ ਪੁਤ੍ਰ, ਜੋ ਮਤ੍ਰੇਈ ਮਾਂ ਦੇ ਬੁਰੇ ਸਲੂਕ ਤੋਂ ਤੰਗ ਆ ਕੇ ੫ ਸਾਲ ਦੀ ਉਮਰ ਵਿਚ ਭਗਤੀ ਕਰਨ ਜੰਗਲ ਵਿਚ ਚਲਾ ਗਿਆ। ਹਰੀ ਦਾ ਸਿਮਰਨ ਕਰਕੇ ਅਟੱਲ ਪਦਵੀ ਨੂੰ ਪ੍ਰਾਪਤ ਹੋਇਆ।

ਗਜ = ਭਾਗਵਤ ਅਨੁਸਾਰ ਇਕ ਗੰਧਰਵ, ਜੋ ਕਿਸੇ ਰਿਖੀ ਦੇ ਸਰਾਪ ਕਰਕੇ ਹਾਥੀ ਦੀ ਜੂਨ ਵਿਚ ਪਿਆ, ਇਕ ਨਦੀ ਵਿਚ ਇਸ ਨੂੰ ਤੰਦੂਏ ਨੇ ਫੜ ਲਿਆ, ਵਾਹਿਗੁਰੂ ਦੇ ਸਿਮਰਨ ਨਾਲ ਇਹ ਹਾਥੀ ਤੰਦੂਏ ਦੀਆਂ ਤੰਦਾਂ ਤੋਂ ਮੁਕਤ ਹੋਇਆ ਸੀ।

ਅਜਾਮਲ = ਕਨੌਜ ਦਾ ਇਕ ਵੇਸਵਾਗਾਮੀ ਬ੍ਰਾਹਮਣ, ਸੰਤਾਂ ਦੇ ਕਹਿਣ ਤੇ ਇਸ ਨੇ ਅਪਣੇ ਪੁਤ੍ਰ ਦਾ ਨਾਂ ਨਰਾਇਣ ਰੱਖਿਆ। ਮਰਨ ਸਮੇਂ ਨਰਾਇਣ ਕਹਿੰਦਿਆਂ ਇਸ ਦੀ ਸੁਰਤ ਸੱਚੇ ਨਰਾਇਣ ਨਾਲ ਲਗ ਗਈ, ਜਿਸ ਕਰਕੇ ਪਾਪਾਂ ਤੋਂ ਮੁਕਤ ਹੋ ਗਿਆ।

ਸੋਰਠਿ ਮਹਲਾ ੯ ॥ ਪ੍ਰਾਨੀ ਕਉਨੁ ਉਪਾਉ ਕਰੈ ॥ ਜਾ ਤੇ ਭਗਤਿ ਰਾਮ ਕੀ ਪਾਵੈ, ਜਮ ਕੋ ਤ੍ਰਾਸੁ ਹਰੈ ॥੧॥ਰਹਾਉ॥ ਕਉਨੁ ਕਰਮ ਬਿਦਿਆ ਕਹੁ ਕੈਸੀ, ਧਰਮੁ ਕਉਨੁ ਫੁਨਿ ਕਰਈ ॥ ਕਉਨੁ ਨਾਮੁ ਗੁਰ ਜਾ ਕੈ ਸਿਮਰੈ, ਭਵ ਸਾਗਰ ਕਉ ਤਰਈ ॥੧॥ ਕਲ ਮੈ ਏਕੁ ਨਾਮੁ ਕਿਰਪਾ ਨਿਧਿ, ਜਾਹਿ ਜਪੈ ਗਤਿ ਪਾਵੈ ॥ ਅਉਰ ਧਰਮ ਤਾ ਕੈ ਸਮ ਨਾਹਨਿ, ਇਹ ਬਿਧਿ ਬੇਦੁ ਬਤਾਵੈ ॥੨॥ ਸੁਖੁ ਦੁਖੁ ਰਹਤ ਸਦਾ ਨਿਰਲੇਪੀ, ਜਾ ਕੋ ਕਹਤ ਗੁਸਾਈ ॥ ਸੋ ਤੁਮ ਹੀ ਮਹਿ ਬਸੈ ਨਿਰੰਤਰਿ, ਨਾਨਕ ਦਰਪਨਿ ਨਿਆਈ ॥੩॥੫॥ (ਪ੍ਰਸ਼ਨ। ਹੇ

ਗੁਰੂ ਜੀ!) ਪ੍ਰਾਣੀ ਕਿਹੜਾ ਜਤਨ ਕਰੇ? ਜਿਸ ਨਾਲ (ਪ੍ਰਾਣੀ) ਪ੍ਰਭੂ ਦੀ ਭਗਤੀ ਪ੍ਰਾਪਤ ਕਰ ਲਵੇ ਅਤੇ ਜਮ ਦਾ ਡਰ ਦੂਰ ਹੋ ਕਰ ਲਵੇ।੧।(ਹੇ ਗੁਰੂ ਜੀ! ਮਨੁੱਖ ਉਹ) ਕਿਹੜਾ ਕਰਮ ਕਰੇ ਤੇ ਦੱਸੋ ਕਿਹੋ ਜਿਹੀ ਵਿੱਦਿਆ ਪੜ੍ਹੇ ਜਾਂ ਫਿਰ ਕਿਹੜਾ ਧਰਮ ਧਾਰਨ ਕਰੇ ? ਗੁਰੂ ਦਾ (ਬਖਸ਼ਿਆ) ਕਿਹੜਾ ਨਾਮ ਸਿਮਰੇ, ਜਿਸ ਦੇ ਸਿਮਰਨ ਨਾਲ (ਮਨੁੱਖ) ਭਵ ਸਾਗਰ ਨੂੰ ਤਰ ਜਾਵੇ।੧।(ਉਤਰ) ਕਲਜੁਗ ਵਿਚ ਕਿਰਪਾ ਦੇ ਭੰਡਾਰ ਪ੍ਰਭੂ ਦਾ ਇਕੋ ਨਾਮ ਹੈ, ਜਿਸ ਨੂੰ (ਜਿਹੜਾ ਮਨੁੱਖ) ਜਪਦਾ ਹੈ, (ਉਹ) ਮੁਕਤੀ ਪ੍ਰਾਪਤ ਕਰ ਲੈਂਦਾ ਹੈ।ਉਸ (ਨਾਮ ਸਿਮਰਨ) ਦੇ ਬਰਾਬਰ ਹੋਰ ਕੋਈ ਧਰਮ ਨਹੀਂ ਹੈ, ਬੇਦ ਵੀ ਇਹੋ ਤਰੀਕਾ ਦਸਦਾ ਹੈ।੨।(ਪ੍ਰਭੂ ਦਾ ਸਰੂਪ ਕਿਹੋ ਜਿਹਾ ਹੈ? ਉਹ) ਸੁਖ ਦੁਖ ਤੋਂ ਅਲੱਗ ਤੇ ਸਦਾ ਸਭ ਤੋਂ ਨਿਰਲੇਪ ਹੈ, ਜਿਸ ਨੂੰ ਧਰਤੀ ਦਾ ਮਾਲਕ ਕਹਿੰਦੇ ਹਨ।ਨਾਨਕ ਗੁਰੂ ਜੀ ਕਹਿੰਦੇ ਹਨ ਕਿ ਉਹ ਤੇਰੇ ਮਨ ਵਿਚ ਨਿਰੰਤਰ ਬਸਦਾ ਹੈ, ਜਿਵੇਂ ਸ਼ੀਸੇ ਵਿਚ (ਦੇਖਣ ਵਾਲੇ ਮਨੁੱਖ ਦਾ) ਪ੍ਰਤੀਬਿੰਬ ਹੁੰਦਾ ਹੈ (ਜਿਵੇਂ ਸ਼ੀਸ਼ੇ ਵਿਚ ਪ੍ਰਤੀਬਿੰਬ ਦਿਸਦਾ ਹੈ, ਉਵੇਂ ਸ਼ੁੱਧ ਹਿਰਦੇ ਵਿਚ ਪ੍ਰਭੂ ਦਿਸਦਾ ਹੈ)।੩।੫।

ਪਦਾਰਥ = ਪ੍ਰਾਨੀ–ਪ੍ਰਾਣ ਧਾਰੀ ਜੀਵ।ਕਉਨੁ–ਕਿਹੜਾ।ਉਪਾਉ–ਜਤਨ।ਜਾ ਤੇ–ਜਿਸ ਨਾਲ।ਕੋ–ਦਾ।ਤ੍ਰਾਸ–ਡਰ।ਹਰੈ–ਦੂਰ ਕਰ ਲਵੇ।੧।ਰਹਾਉ।ਕਰਮ–ਧਾਰਮਕ ਕਰਮ।ਕਹੁ–ਦੱਸੋ।ਕੈਸੀ–ਕਿਹੋ ਜਿਹੀ।ਫੁਨਿ–ਫਿਰ।ਕਰਈ–ਕਰੇ।ਨਾਮੁ ਗੁਰ–ਗੁਰੂ ਦਾ ਦਿਤਾ ਨਾਮ।ਜਾ ਕੈ–ਜਿਸ ਦੇ।ਸਿਮਰੈ–ਸਿਮਰਨ ਨਾਲ।ਭਵ ਸਾਗਰ–ਸੰਸਾਰ ਸਮੁੰਦਰ।ਕਉ–ਨੂੰ।ਤਰਈ–ਤਰ ਜਾਵੇ।੧।ਕਲ ਮੈ–ਕਲਜੁਗ ਵਿਚ।ਕਿਰਪਾ ਨਿਧਿ–ਕਿਰਪਾ ਦੇ ਭੰਡਾਰ ਪ੍ਰਭੂ ਦਾ।ਜਾਹਿ–ਜਿਸ ਨੂੰ।ਅਉਰ–ਹੋਰ ਕੋਈ।ਤਾ ਕੈ–ਉਸ ਦੇ।ਸਮ ਨਾਹਨਿ–ਬਰਾਬਰ ਨਹੀਂ ਹਨ।ਬਿਧਿ–ਤਰੀਕਾ; ਜੁਗਤੀ।ਬਤਾਵੈ–ਦਸਦਾ ਹੈ।੨।ਰਹਤ–ਅਲੱਗ; ਵਖਰਾ।ਜਾ ਕਉ–ਜਿਸ ਨੂੰ।ਗੁਸਾਈ–ਧਰਤੀ ਦਾ ਮਾਲਕ।ਸੋ–ਉਹ।ਨਿਰੰਤਰਿ–ਬਿਨਾ ਵਿਥ ਦੇ ਇਕੋ ਜਿਹਾ।ਦਰਪਨ ਨਿਆਈ–ਸ਼ੀਸੇ ਦੇ ਪ੍ਰਤੀਬਿੰਬ ਵਾਂਗ।੩।੫।

ਸੋਰਠਿ ਮਹਲਾ ੯ ॥ ਮਾਈ ਕਿਹ ਬਿਧਿ ਲਖਉ ਗੁਸਾਈ ॥ ਮਹਾ ਮੋਹ ਅਗਿਆਨਿ ਤਿਮਰਿ, ਮੋ ਮਨੁ ਰਹਿਓ ਉਰਝਾਈ ॥੧॥ਰਹਾਉ॥ ਸਗਲ ਜਨਮ ਭਰਮ ਹੀ ਭਰਮ ਖੋਇਓ, ਨਹ ਅਸਥਿਰੁ ਮਤਿ ਪਾਈ ॥ ਬਿਖਿਆਸਕਤ ਰਹਿਓ ਨਿਸ ਬਾਸੁਰ, ਨਹ ਛੂਟੀ ਅਧਮਾਈ ॥੧॥ ਸਾਧ ਸੰਗੁ ਕਬਹੂ ਨਹੀ ਕੀਨਾ, ਨਹ ਕੀਰਤਿ ਪ੍ਰਭ ਗਾਈ ॥ ਜਨ ਨਾਨਕ ਮੈ ਨਾਹਿ ਕੋਊ ਗੁਨੁ ,ਰਾਖਿ ਲੇਹੁ ਸਰਨਾਈ ॥੨॥੬॥ ਹੇ ਮਾਂ! ਮੈਂ ਕਿਸ ਤਰ੍ਹਾਂ ਪ੍ਰਿਥਵੀ ਦੇ ਮਾਲਕ ਪ੍ਰਭੂ ਨੂੰ ਜਾਣਾਂ? (ਕਿਉਂਕਿ) ਬਹੁਤ ਜਿਆਦਾ ਮੋਹ ਤੇ ਅਗਿਆਨਤਾ ਦੇ ਹਨ੍ਹੇਰੇ ਵਿਚ ਮੇਰਾ ਮਨ ਫਸਿਆ ਰਿਹਾ ਹੈ।੧।ਰਹਾਉ।ਮੈਂ ਸਾਰਾ ਜਨਮ ਭਰਮ ਦੇ ਭਰਮਾਏ ਹੋਏ ਨੇ ਗੁਆ ਦਿਤਾ ਹੈ, ਸਥਿਰ ਰਹਿਣ ਵਾਲੀ ਅਡੋਲ ਮੱਤ ਨਹੀਂ ਪ੍ਰਾਪਤ ਕੀਤੀ।ਅਤੇ ਮੈਂ ਦਿਨ ਰਾਤ ਵਿਸ਼ਿਆਂ ਵਿਚ ਮਗਨ ਰਿਹਾ ਅਤੇ ਨਾ ਹੀ (ਮੇਰਾ) ਨੀਚਪੁਣਾ ਛੁਟ ਸਕਿਆ ਹੈ।੧।ਨਾ ਹੀ ਮੈਂ ਕਦੇ ਸਾਧੂਆਂ ਦੀ ਸੰਗਤ ਕੀਤੀ ਹੈ ਅਤੇ ਨਾ ਪ੍ਰਭੂ ਦੀ ਕੀਰਤੀ ਗਾਈ ਹੈ।ਦਾਸ ਨਾਨਕ ਆਖਦਾ ਹੈ ਕਿ ਮੇਰੇ ਵਿਚ ਕੋਈ ਗੁਣ ਨਹੀਂ, (ਹੇ ਪ੍ਰਭੂ! ਕ੍ਰਿਪਾ ਕਰਕੇ ਮੈਨੂੰ ਅਪਣੀ) ਸ਼ਰਨ ਵਿਚ ਰੱਖ ਲੈ।੨।੬।

ਪਦਾਰਥ = ਮਾਈ–ਹੇ ਮਾਂ!; ਹੇ ਭਾਈ!।ਕਿਹ ਬਿਧਿ–ਕਿਸ ਤਰ੍ਹਾਂ।ਲਖਉ–ਮੈਂ ਜਾਣਾਂ; ਪਛਾਣਾਂ।ਗੁਸਾਈ–ਧਰਤੀ ਦੇ ਮਲਕ ਪ੍ਰਭੂ ਨੂੰ।ਮਹਾ ਮੋਹ–ਬਹੁਤ ਜਿਆਦਾ ਮੋਹ।ਅਗਿਆਨਿ–ਅਗਿਆਨਤਾ ਵਿਚ।ਤਿਮਰਿ–ਹਨ੍ਹੇਰੇ ਵਿਚ।ਰਹਿਓ ਉਰਝਾਈ–ਫਸਿਆ ਰਿਹਾ ਹੈ।ਮੋ ਮਨੁ–ਮੇਰਾ ਮਨ।੧।ਰਹਾਉ।ਸਗਲ–ਸਾਰਾ।ਭਰਮ ਹੀ ਭਰਮ–ਭਰਮ ਦੇ ਭਰਮਾਏ ਹੋਏ ਨੇ।ਖੋਇਓ–ਗੁਆ ਦਿਤਾ।ਅਸਥਿਰੁ ਮਤਿ–ਸਥਿਰ ਰਹਿਣ ਵਾਲੀ ਅਡੋਲ ਅਕਲ।ਪਾਈ–ਪ੍ਰਾਪਤ ਕੀਤੀ।ਬਿਖਿਆਸਕਤ–(ਵਿਸ਼ੇ+ਆਸਕਤ) ਵਿਸ਼ੇ ਪਰਾਇਣ (ਵਿਸ਼ਿਆਂ ਵਿਚ ਲਿਵ ਲੀਨਤਾ)।ਨਿਸ–ਰਾਤ।ਬਾਸੁਰ–ਦਿਨ।ਅਧਮਾਈ–ਨੀਚਪੁਣਾ।੧।ਸੰਗੁ–ਸੰਗਤ।ਕਬਹੂ–ਕਦੇ।ਕੀਨਾ–ਕੀਤੀ।ਕੀਰਤਿ–ਸਿਫਤ ਸਲਾਹ।ਜਨ ਨਾਨਕ–ਦਾਸ ਨਾਨਕ।ਕੋਊ–ਕੋਈ।ਰਾਖਿ ਲੇਹੁ–ਰੱਖ ਲੈ।ਸਰਨਾਈ–ਸ਼ਰਨ ਵਿਚ।੨।੬।

ਸੋਰਠਿ ਮਹਲਾ ੯ ॥ ਮਾਈ ਮਨੁ ਮੇਰੋ ਬਸਿ ਨਾਹਿ ॥ ਨਿਸ ਬਾਸੁਰ ਬਿਖਿਅਨ ਕਉ ਧਾਵਤ, ਕਿਹਿ ਬਿਧਿ ਰੋਕਉ ਤਾਹਿ ॥੧॥ਰਹਾਉ॥ ਹੇ ਮਾਂ! ਮੇਰਾ ਮਨ ਮੇਰੇ ਵਸ ਵਿਚ ਨਹੀਂ ਹੈ।ਰਾਤ ਦਿਨ ਮਨ ਵਿਸ਼ਿਆਂ ਵੱਲ ਨੂੰ ਦੌੜਦਾ ਹੈ, ਕਿਸ ਤਰ੍ਹਾਂ ਮੈਂ ਉਸ (ਮਨ) ਨੂੰ ਰੋਕ ਕੇ ਰੱਖਾਂ? (ਮਨ ਨੂੰ ਕਿਵੇਂ ਅਪਣੇ ਕਾਬੂ ਰੱਖਾਂ)।੧।ਰਹਾਉ।

ਅੰਗ ੬੩੩ = ਬੇਦ ਪੁਰਾਨ ਸਿਮ੍ਰਿਤਿ ਕੇ ਮਤਿ ਸੁਨਿ, ਨਿਮਖ ਨ ਹੀਏ ਬਸਾਵੈ ॥ ਪਰ ਧਨ ਪਰ ਦਾਰਾ ਸਿਉ ਰਚਿਓ, ਬਿਰਥਾ ਜਨਮੁ ਸਿਰਾਵੈ ॥੧॥ ਮਦਿ ਮਾਇਆ ਕੈ ਭਇਓ ਬਾਵਰੋ, ਸੂਝਤ ਨਹ ਕਛੁ ਗਿਆਨਾ ॥ ਘਟ ਹੀ ਭੀਤਰਿ ਬਸਤ ਨਿਰੰਜਨੁ ,ਤਾ ਕੋ ਮਰਮੁ ਨ ਜਾਨਾ ॥੨॥ ਜਬ ਹੀ ਸਰਨਿ ਸਾਧ ਕੀ ਆਇਓ, ਦੁਰਮਤਿ ਸਗਲ ਬਿਨਾਸੀ ॥ ਤਬ ਨਾਨਕ ਚੇਤਿਓ ਚਿੰਤਾਮਨਿ, ਕਾਟੀ ਜਮ ਕੀ ਫਾਸੀ ॥੩॥੭॥ ਬੇਦ ਪੁਰਾਨ ਤੇ ਸਿਮ੍ਰਤੀਆਂ ਦੀ ਸਿੱਖਿਆ ਸੁਣ ਕੇ ਇਕ ਖਿਨ ਭਰ ਵੀ (ਉਨ੍ਹਾਂ ਦਾ ਉਪਦੇਸ਼ ਅਪਣੇ) ਰਿਦੇ ਵਿਚ ਨਹੀ ਵਸਾਉਂਦਾ।ਪਰਾਇਆ ਧਨ ਤੇ ਪਰਾਈ ਇਸਤ੍ਰੀ ਨਾਲ ਮਗਨ ਹੋਇਆ (ਅਪਣਾ ਅਮੋਲਕ ਮਨੁੱਖਾ) ਜਨਮ ਬਿਅਰਥ

ਗੁਜ਼ਾਰ ਰਿਹਾ ਹੈ।੧।ਮਾਇਆ ਦੇ ਨਸ਼ੇ ਵਿਚ ਝੱਲਾ ਹੋਇਆ ਫਿਰਦਾ ਹੈ, (ਇਸ ਮਨ ਨੂੰ) ਕੁਛ ਆਤਮਕ ਗਿਆਨ ਸੁਝਦਾ ਹੀ ਨਹੀਂ ਹੈ।ਮਾਇਆ ਤੋਂ ਰਹਿਤ ਹਰੀ ਹਿਰਦੇ ਦੇ ਅੰਦਰ ਹੀ ਵਸਦਾ ਹੈ, (ਪਰ ਇਸ ਮਨ ਨੇ) ਉਸ ਦਾ ਭੇਦ ਨਹੀਂ ਜਾਣਿਆ।੨।ਜਦੋਂ ਹੀ ਮੈਂ ਸ੍ਰੇਸ਼ਟ ਗੁਰੂ ਦੀ ਸ਼ਰਣ ਵਿਚ ਆਇਆ, ਤਾਂ ਖੋਟੀ ਮੱਤ ਸਾਰੀ ਨਾਸ਼ ਹੋ ਗਈ।ਤਾਂ ਮੈਂ ਚਿਤ ਵਿਚ ਚਾਹੇ ਫਲ ਦੇਣ ਵਾਲੇ ਪ੍ਰਭੂ ਨੂੰ ਚੇਤੇ ਕੀਤਾ, (ਜਿਸ ਦੀ ਬਰਕਤ ਨਾਲ) ਜਮਾਂ ਦੀ ਫਾਹੀ ਕੱਟੀ ਗਈ।੩।੭।

ਪਦਾਰਥ = ਮਾਈ–ਹੇ ਮਾਂ!।ਮੇਰੋ–ਮੇਰਾ।ਬਸਿ–ਵਸ ਵਿਚ।ਨਿਸ–ਰਾਤ।ਬਾਸੁਰ–ਦਿਨ।ਬਿਖਿਅਨ ਕਉ–ਵਿਸ਼ਿਆਂ ਵੱਲ ਨੂੰ। ਧਾਵਤ–ਦੌੜਦਾ ਹੈ।ਕਿਹਿ ਬਿਧਿ–ਕਿਸ ਤਰ੍ਹਾਂ (ਕਿਸ ਢੰਗ ਨਾਲ)।ਰੋਕਉ–ਰੋਕਾਂ।ਤਾਹਿ–ਉਸ ਨੂੰ।੧।ਰਹਾਉ।ਕੋ–ਦਾ।ਮਤੁ–ਸਿੱਖਿਆ।ਨਿਮਖ–ਅੱਖ ਝਮਕਣ ਜਿੰਨਾ ਸਮਾਂ।ਹੀਏ–ਹਿਰਦੇ ਵਿਚ।ਪਰ–ਪਰਾਇਆ।ਪਰ ਦਾਰਾ–ਪਰਾਈ ਇਸਤ੍ਰੀ।ਸਿਉ–ਨਾਲ। ਸਿਰਾਵੈ–ਗੁਜ਼ਾਰਦਾ ਹੈ।੧।ਮਦਿ–ਨਸ਼ੇ ਵਿਚ।ਭਇਓ ਬਾਵਰੋ–ਝੱਲਾ ਹੋਇਆ।ਸੂਝਤ ਨਹ–ਸੁੱਝਦਾ ਨਹੀਂ।ਘਟ ਹੀ ਭੀਤਰਿ–ਹਿਰਦੇ ਦੇ ਅੰਦਰ ਹੀ।ਬਸਤ–ਵਸਦਾ ਹੈ।ਨਿਰੰਜਨੁ–ਮਾਇਆ ਰਹਿਤ ਪ੍ਰਭੂ।ਤਾ ਕੋ–ਉਸ ਦਾ।ਮਰਮੁ–ਭੇਦ।੨।ਜਬ ਹੀ–ਜਦੋਂ ਹੀ।ਸਾਧ–ਸ੍ਰੇਸ਼ਟ ਗੁਰੂ।ਦੁਰਮਤਿ–ਖੋਟੀ ਬੁੱਧੀ।ਸਗਲ–ਸਾਰੀ।ਬਿਨਾਸੀ–ਨਾਸ਼ ਹੋ ਗਈ।ਤਬ–ਤਦ।ਚੇਤਿਓ–ਯਾਦ ਕੀਤਾ।ਚਿੰਤਾਮਨਿ–ਚਿਤ ਵਿਚ ਚਾਹੇ ਹੋਏ ਫਲ ਦੇਣ ਵਾਲਾ ਪ੍ਰਭੂ।ਕਾਟੀ–ਕੱਟੀ ਗਈ।ਫਾਸੀ–ਫਾਹੀ।੩।੭।

ਸੋਰਠਿ ਮਹਲਾ ੯ ॥ ਰੇ ਨਰ ਇਹ ਸਾਚੀ ਜੀਅ ਧਾਰਿ ॥ ਸਗਲ ਜਗਤੁ ਹੈ ਜੈਸੇ ਸੁਪਨਾ, ਬਿਨਸਤ ਲਗਤ ਨ ਬਾਰ ॥੧॥ਰਹਾਉ॥ ਬਾਰੂ ਭੀਤਿ ਬਨਾਈ ਰਚਿ ਪਚਿ, ਰਹਤ ਨਹੀ ਦਿਨ ਚਾਰਿ ॥ ਤੈਸੇ ਹੀ ਇਹ ਸੁਖ ਮਾਇਆ ਕੇ, ਉਰਝਿਓ ਕਹਾ ਗਵਾਰ ॥੧॥ ਅਜਹੂ ਸਮਝਿ ਕਛੁ ਬਿਗਰਿਓ ਨਾਹਿਨਿ, ਭਜਿ ਲੇ ਨਾਮੁ ਮੁਰਾਰਿ ॥ ਕਹੁ ਨਾਨਕ ਨਿਜ ਮਤੁ ਸਾਧਨ ਕਉ ,ਭਾਖਿਓ ਤੋਹਿ ਪੁਕਾਰਿ ॥੨॥੮॥

ਹੇ ਮਨੁੱਖ! ਇਹ ਸੱਚੀ (ਗੱਲ ਅਪਣੇ) ਦਿਲ ਵਿਚ ਟਿਕਾ ਲੈ।ਕਿ ਸਾਰਾ ਜਗਤ ਸੁਫਨੇ ਵਰਗਾ (ਨਾਸ਼ਵੰਤ) ਹੈ, ਇਸ ਨੂੰ ਨਾਸ਼ ਹੁੰਦਿਆਂ ਦੇਰ ਨਹੀਂ ਲਗਦੀ।੧।ਰਹਾਉ।ਜਿਵੇਂ ਰੇਤ ਦੀ ਕੰਧ ਉਸਾਰ ਕੇ ਤੇ ਪੋਚ ਕੇ ਬਣਾਈ ਹੋਵੇ, (ਪਰ ਉਹ ਕੰਧ) ਚਾਰ ਦਿਨ ਵੀ ਨਹੀਂ ਟਿਕੀ ਰਹਿੰਦੀ (ਛੇਤੀ ਢਹਿ ਜਾਂਦੀ ਹੈ)।ਉਸੇ ਤਰ੍ਹਾਂ ਮਾਇਆ ਦੇ ਇਹ ਸੁਖ (ਨਾਸ਼ਵੰਤ) ਹਨ, (ਇਸ ਲਈ) ਹੇ ਮੂਰਖ ਬੰਦੇ! ਇਨ੍ਹਾਂ (ਸੁੱਖਾਂ ਵਿਚ ਤੂੰ) ਕਿਉਂ ਫਸਿਆ ਹੋਇਆ ਹੈਂ।੧।(ਹੇ ਮੂਰਖ ਬੰਦੇ! ਤੂੰ) ਅਜੇ ਵੀ ਸਮਝ ਜਾਹ, ਅਜੇ ਵੀ ਕੁਛ ਨਹੀਂ ਵਿਗੜਿਆ, ਤੂੰ ਪ੍ਰਭੂ ਦਾ ਨਾਮ ਜਪ ਲੈ।ਨਾਨਕ ਗੁਰੂ ਜੀ ਆਖਦੇ ਹਨ ਕਿ ਸਾਧੂਆਂ ਦਾ ਜੋ ਅਪਣਾ ਮੱਤ ਹੈ, ਉਹ ਤੈਨੂੰ ਪੁਕਾਰ ਕੇ ਦਸ ਦਿਤਾ ਹੈ (ਸਭ ਨੇ ਇਹੀ ਅਰਥ ਕੀਤਾ ਹੈ); ਤੇਰੀ ਅਪਣੀ ਮੱਤ ਸੋਧਣ ਲਈ ਤੈਨੂੰ ਪੁਕਾਰ ਕੇ ਕਿਹਾ ਹੈ (ਨਿਰਣੈ)।੨।੮।

ਪਦਾਰਥ = ਰੇ ਨਰ–ਹੇ ਮਨੁੱਖ!।ਜੀਅ–ਦਿਲ ਵਿਚ।ਧਾਰਿ–ਟਿਕਾ ਲੈ।ਸਗਲ–ਸਾਰਾ।ਜੈਸੇ–ਜੈਸਾ (ਵਰਗਾ)।ਬਿਨਸਤ–ਨਾਸ਼ ਹੁੰਦਿਆਂ।ਲਗਤ ਨ–ਨਹੀਂ ਲਗਦੀ।ਬਾਰ–ਦੇਰ।੧।ਰਹਾਉ।ਬਾਰੂ–ਰੇਤ।ਭੀਤਿ–ਕੰਧ।ਰਚਿ ਪਚਿ–ਉਸਾਰ ਕੇ ਤੇ ਪੋਚ ਕੇ; ਮਰ ਖਪ ਕੇ; ਬਹੁਤ ਮੇਹਨਤ ਨਾਲ ਰਚ ਕੇ।ਤੈਸੇ ਹੀ–ਉਸੇ ਤਰ੍ਹਾਂ ਹੀ।ਉਰਝਿਓ–ਫਸਿਆ ਹੋਇਆ ਹੈਂ।ਕਹਾ–ਕਿਉਂ।ਗਵਾਰ–ਹੇ ਮੂਰਖ ਬੰਦੇ! ।੧।ਅਜ ਹੂ–ਅਜੇ ਵੀ; ਹੁਣ ਵੀ।ਨਾਹਿਨਿ–ਨਹੀਂ।ਮੁਰਾਰਿ–ਪ੍ਰਭੂ।ਨਿਜ ਮਤੁ–ਅਪਣਾ ਮੱਤ (ਗਿਆਨ; ਸਿੱਖਿਆ)।ਸਾਧਨ ਕਉ (ਕੋ)–ਸਾਧੂਆਂ ਦਾ; ਸੁਧਾਰਨ ਲਈ।ਭਾਖਿਓ–ਕਿਹਾ ਹੈ।ਤੋਹਿ–ਤੈਨੂੰ।ਪੁਕਾਰਿ–ਪੁਕਾਰ ਕੇ।੨।੮।

ਸੋਰਠਿ ਮਹਲਾ ੯ ॥ ਇਹ ਜਗਿ ਮੀਤੁ ਨ ਦੇਖਿਓ ਕੋਈ ॥ ਸਗਲ ਜਗਤੁ ਅਪਨੈ ਸੁਖਿ ਲਾਗਿਓ, ਦੁਖ ਮੈ ਸੰਗਿ ਨ ਹੋਈ ॥੧॥ਰਹਾਉ ॥ ਦਾਰਾ ਮੀਤ ਪੂਤ ਸਨਬੰਧੀ, ਸਗਰੇ ਧਨ ਸਿਉ ਲਾਗੇ ॥ ਜਬ ਹੀ ਨਿਰਧਨ ਦੇਖਿਓ ਨਰ ਕਉ ,ਸੰਗੁ ਛਾਡਿ ਸਭ ਭਾਗੇ ॥੧॥ ਕਹੰਉ ਕਹਾ ਯਿਆ ਮਨ ਬਉਰੇ ਕਉ ,ਇਨ ਸਿਉ ਨੇਹੁ ਲਗਾਇਓ ॥ ਦੀਨਾ ਨਾਥ ਸਕਲ ਭੈ ਭੰਜਨ, ਜਸੁ ਤਾ ਕੋ ਬਿਸਰਾਇਓ ॥ ੨॥ ਸੁਆਨ ਪੂਛ ਜਿਉ ਭਇਓ ਨ ਸੂਧਉ ,ਬਹੁਤੁ ਜਤਨੁ ਮੈ ਕੀਨਉ ॥ ਨਾਨਕ ਲਾਜ ਬਿਰਦ ਕੀ ਰਾਖਹੁ ,ਨਾਮੁ ਤੁਹਾਰਉ ਲੀਨਉ ॥੩॥੯॥ (ਹੇ ਭਾਈ! ਅਸੀਂ) ਇਸ ਜਗਤ ਵਿਚ ਕੋਈ ਸੱਚਾ ਮਿਤ੍ਰ ਨਹੀਂ ਦੇਖਿਆ (ਜੋ ਪ੍ਰਲੋਕ ਵਿਚ ਸਹਾਇਤਾ ਕਰ ਸਕੇ)।ਸਾਰਾ ਜਗਤ ਅਪਣੇ ਸੁਖ ਵਿਚ ਹੀ ਲੱਗਾ ਹੋਇਆ ਹੈ, ਦੁਖ ਵਿਚ (ਕੋਈ ਕਿਸੇ ਦਾ) ਸਾਥੀ ਨਹੀਂ ਹੁੰਦਾ।੧।ਰਹਾਉ।ਇਸਤ੍ਰੀ, ਮਿਤ੍ਰ, ਪੁਤ੍ਰ ਅਤੇ ਸਬੰਧੀ, ਇਹ ਸਾਰੇ ਧਨ ਨਾਲ ਲੱਗੇ (ਜੁੜੇ) ਰਹਿੰਦੇ ਹਨ।ਜਦੋਂ (ਇਨ੍ਹਾਂ ਸਬੰਧੀਆਂ ਨੇ) ਮਨੁੱਖ ਨੂੰ ਧਨ ਹੀਣ ਦੇਖਿਆ, ਤਾਂ ਸਾਰੇ (ਸਬੰਧੀ ਇਸ ਦਾ) ਸਾਥ ਛਡ ਕੇ ਦੌੜ ਜਾਂਦੇ ਹਨ।੧।ਇਸ ਪਾਗਲ ਮਨ ਨੂੰ ਮੈਂ ਕੀ ਕਹਾਂ (ਕੀ ਸਿੱਖਿਆ ਦੇਵਾਂ)? ਇਨ੍ਹਾਂ (ਉਪਰ ਦੱਸੇ ਸਬੰਧੀਆਂ ਨਾਲ ਇਸ ਨੇ) ਮੋਹ ਲਾਇਆ ਹੋਇਆ ਹੈ।ਗਰੀਬਾਂ ਦਾ ਮਾਲਕ ਪ੍ਰਭੂ ਜੋ ਸਭ ਤਰ੍ਹਾਂ ਦਾ ਡਰ ਨਾਸ਼ ਕਰਨ ਵਾਲਾ ਹੈ, ਉਸ ਦਾ ਜਸ (ਇਸ ਨੇ) ਭੁਲਾ ਦਿਤਾ ਹੈ।੨।ਮੈਂ ਬਹੁਤ ਜਤਨ ਕੀਤਾ ਹੈ, (ਇਹ ਮਨ) ਕੁੱਤੇ ਦੀ ਪੂੰਛ ਵਾਂਗ ਕਦੇ ਸਿੱਧਾ ਨਹੀਂ ਹੋਇਆ (ਬੇਮੁਖ ਰਹਿੰਦਾ ਹੈ, ਹਰੀ ਨਾਲ ਨਹੀਂ ਜੁੜਦਾ)।ਨਾਨਕ ਗੁਰੂ ਜੀ ਆਖ ਰਹੇ ਹਨ (ਕਿ ਹੇ ਪ੍ਰਭੂ! ਤੂੰ ਅਪਣੇ) ਧਰਮ

ਦੀ ਲਾਜ ਰੱਖ, (ਮੇਰੇ ਤੇ ਮੇਹਰ ਕਰ, ਮੈਨੂੰ ਬਖਸ਼ ਲੈ) ਮੈਂ ਤੇਰਾ ਨਾਮ ਲੈਂਦਾ (ਜਪਦਾ) ਹਾਂ।੩।੯।

ਪਦਾਰਥ = ਜਗਿ-ਜਗਤ ਵਿਚ।ਮੀਤੁ-ਮਿਤ੍ਰ।ਸਗਲ-ਸਾਰਾ।ਸੁਖਿ-ਸੁਖ ਵਿਚ।ਦੁਖ ਮੈ-ਦੁਖ ਵਿਚ।ਸੰਗਿ-ਸੰਗੀ (ਸਾਥੀ)।੧। ਰਹਾਉ।ਦਾਰਾ-ਇਸਤ੍ਰੀ।ਪੂਤ-ਪੁਤ੍ਰ।ਸਨਬੰਧੀ-ਰਿਸ਼ਤੇਦਾਰ।ਸਗਰੇ-ਸਾਰੇ।ਧਨ ਸਿਉ-ਮਾਇਆ ਨਾਲ।ਜਬ ਹੀ-ਜਦੋਂ ਹੀ।ਨਿਰ ਧਨ-ਧਨ ਹੀਣ (ਕੰਗਾਲ)।ਨਰ ਕਉ-ਮਨੁੱਖ ਨੂੰ।ਸੰਗੁ-ਸਾਥ।ਭਾਗੇ-ਦੌੜ ਜਾਂਦੇ ਹਨ।੧।ਕਹੰਉ ਕਹਾ-ਮੈਂ ਕੀ ਕਹਾਂ।ਯਿਆ-ਇਸ।ਬਉਰੇ ਕਉ-ਪਾਗਲ ਨੂੰ।ਇਨ ਸਿਉ-ਇਨ੍ਹਾਂ ਨਾਲ।ਨੇਹੁ-ਮੋਹ।ਲਗਾਇਓ-ਲਾਇਆ ਹੋਇਆ ਹੈ।ਦੀਨਾ ਨਾਥ-ਗਰੀਬਾਂ ਦਾ ਮਾਲਕ।ਸਕਲ-ਸਾਰੇ।ਭੈ ਭੰਜਨ-ਡਰ ਨਾਸ਼ ਕਰਨ ਵਾਲਾ।ਤਾ ਕੋ-ਉਸ ਦਾ।ਬਿਸਰਾਇਓ-ਭੁਲਾ ਦਿਤਾ ਹੈ।੨।ਸੁਆਨ ਪੂਛ-ਕੁੱਤੇ ਦੀ ਪੂੰਛ।ਜਿਉ-ਵਾਂਗ; ਜਿਵੇਂ।ਭਇਓ ਨ ਸੂਧਉ-ਸਿੱਧਾ ਨਹੀਂ ਹੋਇਆ।ਮੈ ਕੀਨਉ-ਮੈਂ ਕੀਤਾ ਹੈ।ਲਾਜ-ਇੱਜਤ।ਬਿਰਦ ਕੀ-ਧਰਮ ਦੀ; ਸ਼ੁਭਾਉ ਦੀ।ਤੁਹਾਰਉ-ਤੇਰਾ।ਲੀਨਉ-ਲੈਂਦਾ (ਜਪਦਾ) ਹਾਂ।੩।੯।

ਸੋਰਠਿ ਮਹਲਾ ੯ ॥ ਮਨ ਰੇ ਗਹਿਓ ਨ ਗੁਰ ਉਪਦੇਸੁ ॥ ਕਹਾ ਭਇਓ ਜਉ ਮੂਡੁ ਮੁਡਾਇਓ, ਭਗਵਉ ਕੀਨੋ ਭੇਸੁ ॥੧॥ਰਹਾਉ॥ ਸਾਚ ਛਾਡਿ ਕੈ ਝੂਠਹ ਲਾਗਿਓ, ਜਨਮੁ ਅਕਾਰਥੁ ਖੋਇਓ ॥ ਕਰਿ ਪਰਪੰਚ ਉਦਰ ਨਿਜ ਪੋਖਿਓ, ਪਸੁ ਕੀ ਨਿਆਈ ਸੋਇਓ ॥੧॥ ਰਾਮ ਭਜਨ ਕੀ ਗਤਿ ਨਹੀ ਜਾਨੀ, ਮਾਇਆ ਹਾਥਿ ਬਿਕਾਨਾ ॥ ਉਰਝਿ ਰਹਿਓ ਬਿਖਿਅਨ ਸੰਗਿ ਬਉਰਾ, ਨਾਮੁ ਰਤਨੁ ਬਿਸਰਾਨਾ ॥੨॥ ਰਹਿਓ ਅਚੇਤੁ ਨ ਚੇਤਿਓ ਗੋਬਿੰਦ, ਬਿਰਥਾ ਅਉਧ ਸਿਰਾਨੀ ॥ ਕਹੁ ਨਾਨਕ ਹਰਿ ਬਿਰਦੁ ਪਛਾਨਉ ,ਭੂਲੇ ਸਦਾ ਪਰਾਨੀ ॥ ੩॥੧੦॥ ਹੇ ਮਨ! ਤੂੰ ਗੁਰੂ ਦਾ ਉਪਦੇਸ਼ ਗ੍ਰਹਿਣ ਨਹੀਂ ਕੀਤਾ।(ਹੇ ਸੰਨਿਆਸੀ ਸਾਧੂ!) ਕੀ ਹੋਇਆ, ਜੇ (ਤੂੰ ਅਪਣਾ) ਸਿਰ ਮੂੰਹ ਮੁਨਾ ਲਿਆ ਅਤੇ ਭਗਵਾ ਵੇਸ ਕਰ (ਬਣਾ) ਲਿਆ ਹੈ (ਇਸ ਦਾ ਕੋਈ ਲਾਭ ਨਹੀਂ)।੧।ਰਹਾਉ।ਸੱਚੇ ਨਾਮ ਨੂੰ ਛਡ ਕੇ ਝੂਠੇ ਕੰਮਾਂ ਵਿਚ ਲਗ ਗਿਆ ਹੈਂ, (ਅਪਣਾ ਮਨੁੱਖਾ) ਜਨਮ ਬਿਅਰਥ ਗੁਆ ਲਿਆ ਹੈ।(ਕਈ ਤਰ੍ਹਾਂ ਦੇ) ਵਲ ਛਲ ਕਰਕੇ ਅਪਣਾ ਪੇਟ ਭਰਿਆ ਹੈ ਅਤੇ (ਖਾ ਕੇ) ਪਸ਼ੂ ਦੀ ਨਿਆਈਂ ਸੁੱਤਾ ਰਿਹਾ ਹੈਂ।੧।(ਹੇ ਭਾਈ! ਤੈਂ) ਪ੍ਰਭੂ ਦੇ ਭਜਨ ਦੀ ਜੁਗਤੀ ਨਹੀਂ ਜਾਣੀ, ਮਾਇਆ ਦੇ ਹੱਥਾਂ ਵਿਚ ਬਿਕ (ਗੁਲਾਮ ਬਣ) ਗਿਆ ਹੈਂ।ਹੇ ਪਾਗਲ ਮਨੁੱਖ! ਤੂੰ ਵਿਸ਼ਿਆਂ ਨਾਲ ਉਲਝਿਆ ਰਿਹਾ ਹੈ, ਹਰੀ ਦਾ ਅਮੋਲਕ ਰਤਨ ਰੂਪ ਨਾਮ ਭੁਲਾ ਦਿਤਾ ਹੈ।੨।(ਹੇ ਭਾਈ! ਤੂੰ) ਮੂਰਖ ਹੋ ਰਿਹਾ ਹੈ, ਗੋਬਿੰਦ ਨੂੰ ਯਾਦ ਨਹੀਂ ਕਰਦਾ, ਤੈਂ ਸਾਰੀ ਉਮਰ ਬਿਰਥਾ ਗੁਜਾਰ ਲਈ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਹਰੀ! (ਤੁਸੀਂ ਅਪਣਾ) ਧਰਮ ਪਛਾਣੋ, ਅਸੀਂ ਪ੍ਰਾਣੀ ਸਦਾ ਭੁਲਦੇ ਰਹਿੰਦੇ ਹਾਂ।੩।੧੦। ਹਮਰੋ ਸਹਾਉ ਸਦਾ ਸਦ ਭੂਲਨ ਤੁਮ੍ਰੋ ਬਿਰਦੁ ਪਤਿਤ ਉਧਰਨ। (੮੨੮)

ਪਦਾਰਥ = ਮਨ ਰੇ-ਹੇ ਮਨ!।ਗਹਿਓ ਨ-ਗ੍ਰਹਿਣ ਨਹੀਂ ਕੀਤਾ।ਕਹਾ ਭਇਓ-ਕੀ ਹੋਇਆ।ਜਉ-ਜੇ।ਮੂਡੁ-ਸਿਰ ਮੂੰਹ।ਮੁਡਾਇਓ -ਮੁਨਾ ਲਿਆ।ਭਗਵਉ-ਭਗਵਾ (ਗੇਰੂ ਰੰਗ ਦਾ)।ਭੇਸ-ਪਹਿਰਾਵਾ।੧।ਰਹਾਉ।ਝੂਠਹ-ਝੂਠੇ ਕੰਮਾਂ ਵਿਚ।ਅਕਾਰਥੁ-ਬਿਅਰਥ। ਕਰਿ ਪਰਪੰਚ-ਵਲ ਛਲ ਕਰਕੇ।ਉਦਰ-ਪੇਟ।ਪੋਖਿਓ-ਭਰਿਆ (ਪਾਲਦਾ ਰਿਹਾ) ਹੈਂ।ਪਸੁ ਕੀ ਨਿਆਈ-ਪਸ਼ੂ ਵਾਂਗ।੧।ਗਤਿ-ਜੁਗਤੀ; ਤਰੀਕਾ।ਹਾਥਿ ਬਿਕਾਨਾ-ਹੱਥ ਵਿਚ ਬਿਕ (ਗੁਲਾਮ ਬਣ) ਗਿਆ।ਉਰਝਿ ਰਹਿਓ-ਫਸਿਆ ਰਿਹਾ।ਬਿਖਿਅਨ ਸੰਗਿ-ਵਿਸ਼ਿਆਂ ਨਾਲ।ਬਉਰਾ-ਪਾਗਲ।ਬਿਸਰਾਨਾ-ਭੁਲਾ ਦਿਤਾ।੨।ਅਚੇਤੁ-ਮੂਰਖ; ਬੇਸਮਝ।ਨ ਚੇਤਿਓ-ਯਾਦ ਨਹੀਂ ਕੀਤਾ।ਅਉਧ-ਉਮਰ।ਸਿਰਾਨੀ-ਗੁਜਾਰ ਦਿਤੀ।ਬਿਰਦੁ-ਧਰਮ; ਦਿਆਲੂ ਸੁਭਾਉ।ਪਰਾਨੀ-ਜੀਵ।੩।੧੦।

ਸੋਰਠਿ ਮਹਲਾ ੯ ॥ ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥ ਸੁਖ ਸਨੇਹੁ ਅਰੁ ਭੈ ਨਹੀ ਜਾ ਕੈ, ਕੰਚਨ ਮਾਟੀ ਮਾਨੈ ॥੧॥ਰਹਾਉ॥ ਨਹ ਨਿੰਦਿਆ ਨਹ ਉਸਤਤਿ ਜਾ ਕੈ, ਲੋਭੁ ਮੋਹੁ ਅਭਿਮਾਨਾ ॥ ਹਰਖ ਸੋਗ ਤੇ ਰਹੈ ਨਿਆਰਉ ,ਨਾਹਿ ਮਾਨ ਅਪਮਾਨਾ ॥੧॥ ਆਸਾ ਮਨਸਾ ਸਗਲ ਤਿਆਗੈ, ਜਗ ਤੇ ਰਹੈ ਨਿਰਾਸਾ ॥(ਗੁਰੂ ਜੀ ਬ੍ਰਹਮ ਗਿਆਨੀ ਦੇ ਲੱਛਣ ਦਸਦੇ ਹਨ।ਹੇ ਭਾਈ!) ਜਿਹੜਾ ਮਨੁੱਖ ਦੁਖ ਵਿਚ ਦੁਖ ਨਹੀਂ ਮੰਨਦਾ (ਮਹਿਸੂਸ ਨਹੀਂ ਕਰਦਾ)।ਜਿਸ ਨੂੰ ਸੁਖਾਂ ਦਾ ਮੋਹ ਨਹੀਂ ਅਤੇ ਜਿਸ ਨੂੰ ਕਿਸੇ ਕਿਸਮ ਦਾ ਡਰ ਨਹੀਂ, ਸੋਨੇ ਤੇ ਮਿੱਟੀ ਨੂੰ ਬਰਾਬਰ ਮੰਨਦਾ ਹੈ।੧।ਰਹਾਉ।ਜਿਸ ਮਨੁੱਖ ਦੇ ਮਨ ਵਿਚ ਨਾ ਨਿੰਦਿਆ ਹੈ ਤੇ ਨਾ ਉਸਤਤੀ ਹੈ (ਨਾ ਕਿਸੇ ਦੀ ਨਿੰਦਿਆ ਕਰਦਾ ਹੈ ਤੇ ਨਾ ਕਿਸੇ ਤੋਂ ਅਪਣੀ ਉਸਤਤੀ ਕਰਾਉਂਦਾ ਹੈ ਅਤੇ ਜਿਸ ਨੂੰ) ਨਾ ਲੋਭ ਹੈ, ਨਾ ਮੋਹ ਹੈ ਤੇ ਨਾ ਹੀ ਹੰਕਾਰ ਹੈ।ਜੋ ਖੁਸ਼ੀ ਗਮੀ ਤੋਂ ਨਿਰਲੇਪ ਰਹਿੰਦਾ ਹੈ, ਆਦਰ ਤੇ ਨਿਰਾਦਰ ਦੀ ਪ੍ਰਵਾਹ ਨਹੀਂ ਕਰਦਾ (ਅਪਣਾ ਆਦਰ ਨਹੀਂ ਕਰਾਉਂਦਾ ਅਤੇ ਨਾ ਕਿਸੇ ਦਾ ਨਿਰਾਦਰ ਕਰਦਾ ਹੈ)।੧।ਆਸਾ ਤੇ ਮਨਸਾ ਸਭ ਛਡ ਦਿੰਦਾ ਹੈ ਅਤੇ ਜਗਤ ਤੋਂ ਕੋਈ ਆਸ ਨਹੀਂ ਰੱਖਦਾ।

ਅੰਗ ੬੩੪ = ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ, ਤਿਹ ਘਟਿ ਬ੍ਰਹਮੁ ਨਿਵਾਸਾ ॥੨॥ ਗੁਰ ਕਿਰਪਾ ਜਿਹ ਨਰ ਕਉ ਕੀਨੀ, ਤਿਹ ਇਹ ਜੁਗਤਿ ਪਛਾਨੀ ॥ ਨਾਨਕ ਲੀਨ ਭਇਓ ਗੋਬਿੰਦ ਸਿਉ ,ਜਿਉ ਪਾਨੀ ਸੰਗਿ ਪਾਨੀ ॥੩॥੧੧॥ ਕਾਮ ਤੇ ਕ੍ਰੋਧ ਜਿਸ ਨੂੰ ਛੋਹ

ਨਹੀਂ (ਅਸਰ ਨਹੀਂ ਕਰ) ਸਕਦੇ, ਉਸ ਮਨੁੱਖ ਦੇ ਹਿਰਦੇ ਵਿਚ ਪ੍ਰਭੂ ਨਿਵਾਸ ਕਰਦਾ ਹੈ।੨।(ਪਰ) ਜਿਸ ਮਨੁੱਖ ਉਤੇ ਗੁਰੂ ਨੇ ਕ੍ਰਿਪਾ ਕੀਤੀ ਹੈ, ਉਸ ਨੇ (ਜੀਵਨ ਦੀ) ਇਹ ਜੁਗਤੀ ਪਛਾਣੀ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਉਹ ਮਨੁੱਖ ਇਸ ਤਰ੍ਹਾਂ) ਪ੍ਰਭੂ ਨਾਲ ਲੀਨ ਹੋਇਆ ਹੈ, ਜਿਵੇਂ ਪਾਣੀ ਨਾਲ ਪਾਣੀ ਮਿਲ (ਕੇ ਇਕ ਰੂਪ ਹੋ) ਜਾਂਦਾ ਹੈ।੩।੧੧।

ਪਦਾਰਥ = ਨਰੁ-ਮਨੁੱਖ।ਮੈ-ਵਿਚ।ਨਹੀਂ ਮਾਨੈ-ਨਹੀਂ ਮੰਨਦਾ; ਮਹਿਸੂਸ ਨਹੀਂ ਕਰਦਾ; ਘਬਰਾਉਂਦਾ ਨਹੀਂ।ਸੁਖ ਸਨੇਹੁ-ਸੁੱਖਾਂ ਦਾ ਮੋਹ।ਅਰੁ-ਅਤੇ।ਜਾ ਕੈ-ਜਿਸ ਨੂੰ; ਜਿਸ ਦੇ (ਮਨ ਵਿਚ)।ਕੰਚਨ-ਸੋਨਾ।੧।ਰਹਾਉ।ਨਹ ਉਸਤਤਿ-(ਅਪਣੀ) ਵਡਿਆਈ ਨਹੀਂ ਚਾਹੁੰਦਾ; ਕਿਸੇ ਦੀ ਚਾਪਲੂਸੀ ਨਹੀਂ ਕਰਦਾ।ਅਭਿਮਾਨਾ-ਹੰਕਾਰ।ਹਰਖ-ਖੁਸ਼ੀ।ਸੋਗ-ਗਮੀ।ਰਹੈ ਨਿਆਰਉ-ਨਿਰਲੇਪ ਰਹਿੰਦਾ ਹੈ।ਮਾਨ ਅਪਮਾਨਾ-ਆਦਰ ਤੇ ਨਿਰਾਦਰ।੧।ਮਨਸਾ-ਮਨ ਦਾ ਇਰਾਦਾ।ਸਗਲ ਤਿਆਗੈ-ਸਭ ਛਡ ਦਿੰਦਾ ਹੈ।ਜਗ ਤੇ-ਜਗਤ ਤੋਂ।ਨਿਰਾਸਾ-ਨਿਰਮੋਹ ;ਆਸਾ ਰਹਿਤ।ਜਿਹ-ਜਿਸ ਨੂੰ।ਪਰਸੈ ਨਾਹਨਿ-ਛੋਹ ਨਹੀਂ ਸਕਦੇ।ਤਿਹ-ਉਸ ਦੇ।ਘਟਿ-ਹਿਰਦੇ ਵਿਚ।੨।ਕਉ-ਨੂੰ; ਉਤੇ।ਕੀਨੀ-ਕੀਤੀ ਹੈ।ਲੀਨ ਭਇਓ-ਲੀਨ ਹੋਇਆ ਹੈ।ਸਿਉ-ਨਾਲ।ਪਾਨੀ ਸੰਗਿ-ਪਾਣੀ ਨਾਲ।੩।੧੧।

ਸੋਰਠਿ ਮਹਲਾ ੯ ॥ ਪ੍ਰਿਤਮ ਜਾਨਿ ਲੇਹੁ ਮਨ ਮਾਹੀ ॥ ਅਪਨੇ ਸੁਖ ਸਿਉ ਹੀ ਜਗੁ ਫਾਂਧਿਓ, ਕੋ ਕਾਹੂ ਕੋ ਨਾਹੀ ॥੧॥ਰਹਾਉ॥ ਸੁਖ ਮੈ ਆਨਿ ਬਹੁਤੁ ਮਿਲਿ ਬੈਠਤ, ਰਹਤ ਚਹੂ ਦਿਸਿ ਘੇਰੈ ॥ ਬਿਪਤਿ ਪਰੀ ਸਭ ਹੀ ਸੰਗੁ ਛਾਡਿਤ, ਕੋਊ ਨ ਆਵਤ ਨੇਰੈ ॥੧॥ ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ ,ਸਦਾ ਰਹਤ ਸੰਗ ਲਾਗੀ ॥ ਜਬ ਹੀ ਹੰਸ ਤਜੀ ਇਹ ਕਾਂਇਆ, ਪ੍ਰੇਤ ਪ੍ਰੇਤ ਕਰਿ ਭਾਗੀ ॥੨ ॥ ਇਹ ਬਿਧਿ ਕੋ ਬਿਉਹਾਰੁ ਬਨਿਓ ਹੈ, ਜਾ ਸਿਉ ਨੇਹੁ ਲਗਾਇਓ ॥ ਅੰਤਿ ਬਾਰ ਨਾਨਕ ਬਿਨੁ ਹਰਿ ਜੀ, ਕੋਊ ਕਾਮਿ ਨ ਆਇਓ ॥੩॥੧੨॥੧੩੯॥ ਹੇ ਪਿਆਰੇ ਸੱਜਨ! (ਇਹ ਸਿੱਖਿਆ) ਮਨ ਵਿਚ ਸਮਝ ਲੈ।ਕਿ ਜਗਤ ਅਪਨੇ ਸੁੱਖਾਂ ਨਾਲ ਹੀ ਬੰਨ੍ਹਿਆ ਹੋਇਆ ਹੈ (ਅਪਣੇ ਮਤਲਬ ਲਈ ਲੋਕ ਸਾਕ ਤੇ ਮਿਤ੍ਰ ਬਣੇ ਰਹਿੰਦੇ ਹਨ, ਅਸਲ ਵਿਚ) ਕੋਈ ਕਿਸੇ ਦਾ (ਸੱਚਾ ਮਿਤ੍ਰ) ਨਹੀਂ ਹੈ।੧।ਰਹਾਉ। ਸੁਖ ਵਿਚ ਬਹੁਤ ਲੋਕ ਮਿਲ ਕੇ (ਮਨੁੱਖ ਕੋਲ) ਆ ਕੇ ਬੈਠਦੇ ਹਨ ਅਤੇ ਚਾਰੇ ਪਾਸਿਓਂ ਘੇਰੀ ਰਖਦੇ ਹਨ।(ਪਰ ਜਦੋਂ ਉਸ ਮਨੁੱਖ ਨੂੰ ਕੋਈ) ਬਿਪਤਾ ਆ ਪੈਂਦੀ ਹੈ, ਤਾਂ ਸਾਰੇ (ਉਸ ਦਾ) ਸਾਥ ਛਡ ਜਾਂਦੇ ਹਨ, ਕੋਈ ਵੀ (ਮਿਤ੍ਰ ਜਾਂ ਸਾਕ ਬਿਪਤਾ ਸਮੇਂ) ਨੇੜੇ ਨਹੀਂ ਆਉਂਦਾ।੧।ਘਰ ਦੀ ਇਸਤ੍ਰੀ, ਜਿਸ ਨਾਲ ਬਹੁਤ ਪਿਆਰ ਹੁੰਦਾ ਹੈ, (ਜੋ ਪਤੀ ਦੇ) ਨਾਲ ਸਦਾ ਲੱਗੀ ਰਹਿੰਦੀ ਹੈ।(ਪਰ) ਜਦੋਂ ਹੀ ਆਤਮਾ ਇਸ ਸਰੀਰ ਨੂੰ ਛਡ ਜਾਂਦਾ ਹੈ, (ਤਾਂ ਉਸ ਵੇਲੇ ਇਸਤ੍ਰੀ ਵੀ ਡਰ ਕੇ ਪਤੀ ਨੂੰ) ਪ੍ਰੇਤ ਪ੍ਰੇਤ ਕਹਿ ਕੇ ਪਰੇ ਦੌੜ ਜਾਂਦੀ ਹੈ ।੨।(ਜਗਤ ਵਿਚ) ਇਸ ਤਰ੍ਹਾਂ ਦਾ ਵਿਹਾਰ ਬਣਿਆ ਹੋਇਆ ਹੈ, ਜਿਸ ਨਾਲ ਵੀ (ਮਨੁੱਖ ਨੇ) ਮੋਹ ਲਾਇਆ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਅੰਤ ਵੇਲੇ ਹਰੀ ਤੋਂ ਬਿਨਾ ਕੋਈ ਕੰਮ ਨਹੀਂ ਆਇਆ ਕਰਦਾ (ਸਹਾਈ ਨਹੀਂ ਹੁੰਦਾ)।੩।੧੨।੧੩੯।

ਪਦਾਰਥ = ਪ੍ਰੀਤਮ-ਹੇ ਪਿਆਰੇ ਸੱਜਨ!।ਜਾਨਿ ਲੇਹੁ-ਜਾਣ (ਸਮਝ) ਲੈ।ਮਾਹੀ-ਵਿਚ।ਸਿਉ-ਨਾਲ।ਫਾਂਧਿਓ-ਫਸਿਆ (ਬੰਨ੍ਹਿਆ) ਹੋਇਆ ਹੈ।ਕੋ-ਕੋਈ।ਕਾਹੂ ਕੋ-ਕਿਸੇ ਦਾ।੧।ਰਹਾਉ।ਮੈ-ਵਿਚ।ਆਨਿ-ਆ ਕੇ।ਮਿਲਿ-ਮਿਲ ਕੇ।ਚਹੂ ਦਿਸਿ-ਚਾਰੇ ਪਾਸੇ। ਰਹਤ ਘੇਰੈ-ਘੇਰੀ ਰਖਦੇ ਹਨ।ਬਿਪਤਿ ਪਰੀ-ਮੁਸੀਬਤ ਆ ਪੈਂਦੀ ਹੈ।ਸੰਗੁ-ਸਾਥ।ਕੋਊ-ਕੋਈ ਵੀ।ਨੇਰੈ-ਨੇੜੇ।੧।ਨਾਰਿ-ਇਸਤ੍ਰੀ ।ਹਿਤੁ-ਪਿਆਰ।ਜਾ ਸਿਉ-ਜਿਸ ਨਾਲ।ਰਹਤ ਸੰਗ ਲਾਗੀ-ਨਾਲ ਲਗੀ ਰਹਿੰਦੀ ਹੈ।ਜਬ ਹੀ-ਜਦੋਂ ਹੀ।ਹੰਸ-ਆਤਮਾ।ਕਾਂਇਆ-ਸਰੀਰ।ਭਾਗੀ-ਦੌੜ ਜਾਂਦੀ ਹੈ।੨।ਇਹ ਬਿਧਿ-ਇਸ ਤਰ੍ਹਾਂ ਦਾ।ਬਿਉਹਾਰੁ-ਵਿਹਾਰ; ਵਰਤਾਰਾ; ਰੀਤ।ਨੇਹੁ-ਮੋਹ।ਅੰਤਿ ਬਾਰ-ਅੰਤ ਵੇਲੇ।ਕਾਮਿ ਨ ਆਇਓ-ਕੰਮ ਨਹੀਂ ਆਇਆ (ਸਹਾਈ ਨਹੀਂ ਬਣਿਆ)।੩।੧੨।੧੩੯।

ਮਹਲਾ ੧ ਦੇ ਸ਼ਬਦ ੧੨. ਮਹਲਾ ੩ ਦੇ ਸ਼ਬਦ ੧੨. ਮਹਲਾ ੪ ਦੇ ਸ਼ਬਦ ੯.

ਮਹਲਾ ੫ ਦੇ ਸ਼ਬਦ ੯੪. ਮਹਲਾ ੯ ਦੇ ਸ਼ਬਦ ੧੨ . ਕੁਲ ਸ਼ਬਦਾਂ ਦੀ ਗਿਣਤੀ ੧੩੯ ਹੈ.

ਸੋਰਠਿ ਮਹਲਾ ੧ ਘਰੁ ੧ ਅਸਟਪਦੀਆ ਚਉਤੁਕੀ ੴ ਸਤਿਗੁਰ ਪ੍ਰਸਾਦਿ ॥

ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ ,ਮੜੈ ਮਸਾਣਿ ਨ ਜਾਈ ॥ ਤ੍ਰਿਸਨਾ ਰਾਚਿ ਨ ਪਰ ਘਰਿ ਜਾਵਾ, ਤ੍ਰਿਸਨਾ ਨਾਮਿ ਬੁਝਾਈ ॥ ਘਰ ਭੀਤਰਿ ਘਰੁ ਗੁਰੂ ਦਿਖਾਇਆ, ਸਹਜਿ ਰਤੇ ਮਨ ਭਾਈ ॥ ਤੂ ਆਪੇ ਦਾਨਾ ਆਪੇ ਬੀਨਾ, ਤੂ ਦੇਵਹਿ ਮਤਿ ਸਾਈ ॥੧॥ ਮਨੁ ਬੈਰਾਗਿ ਰਤਉ ਬੈਰਾਗੀ, ਸਬਦਿ ਮਨੁ ਬੇਧਿਆ ਮੇਰੀ ਮਾਈ ॥ ਅੰਤਰਿ ਜੋਤਿ ਨਿਰੰਤਰਿ ਬਾਣੀ, ਸਾਚੇ ਸਾਹਿਬ ਸਿਉ ਲਿਵ ਲਾਈ ॥ਰਹਾਉ॥ ਅਸੰਖ ਬੈਰਾਗੀ ਕਹਹਿ ਬੈਰਾਗ, ਸੋ ਬੈਰਾਗੀ ਜਿ ਖਸਮੈ ਭਾਵੈ ॥ ਹਿਰਦੈ ਸਬਦਿ ਸਦਾ ਭੈ ਰਚਿਆ, ਗੁਰ ਕੀ ਕਾਰ ਕਮਾਵੈ ॥ ਏਕੋ ਚੇਤੈ ਮਨੂਆ ਨ ਡੋਲੈ, ਧਾਵਤੁ ਵਰਜਿ ਰਹਾਵੈ ॥ ਸਹਜੇ ਮਾਤਾ ਸਦਾ ਰੰਗਿ ਰਾਤਾ, ਸਾਚੇ ਕੇ ਗੁਣ ਗਾਵੈ ॥੨॥

(ਹੇ ਭਾਈ!) ਮੈਂ ਦੁਬਿਧਾ ਵਿਚ ਨਹੀਂ ਪੈਂਦਾ; ਮੈਂ ਦੁਬਿਧਾ ਵਿਚ ਪਾਉਣ ਵਾਲੇ (ਵੇਦ ਸ਼ਾਸਤ੍ਰ ਆਦਿ ਗ੍ਰੰਥ) ਨਹੀਂ ਪੜ੍ਹਦਾ (ਸੰ.ਸ.; ਫ.ਸ.), ਹਰੀ ਤੋਂ ਬਿਨਾ ਹੋਰ ਕਿਸੇ ਨੂੰ ਨਹੀਂ ਪੂਜਦਾ, ਨਾ ਮੈਂ ਕਬਰਾਂ ਤੇ ਮੜ੍ਹੀਆਂ ਵਿਚ ਜਾਂਦਾ ਹਾਂ। ਮੈਂ ਤ੍ਰਿਸ਼ਨਾ ਵਿਚ ਲਗ ਕੇ ਪਰਾਏ ਘਰ ਨਹੀਂ ਜਾਂਦਾ, ਨਾਮ ਵਿਚ ਜੁੜ ਕੇ ਮੈਂ ਅਪਣੀ ਤ੍ਰਿਸ਼ਨਾ ਬੁਝਾ ਲਈ ਹੈ। ਹਿਰਦੇ ਦੇ ਅੰਦਰ ਹੀ ਗੁਰੂ ਨੇ ਹਰੀ ਦਾ ਘਰ ਦਿਖਾ ਦਿਤਾ ਹੈ, ਹੇ ਭਾਈ! (ਹੁਣ ਸਾਡੇ) ਮਨ ਆਤਮ ਗਿਆਨ ਦੇ ਕੁਦਰਤੀ ਅਨੰਦ ਵਿਚ ਮਸਤ ਰਹਿੰਦੇ ਹਨ। ਹੇ ਹਰੀ! ਤੂੰ ਆਪੇ (ਸਾਡੇ ਮਦ ਦੇ ਅੰਦਰ ਦੀਆਂ) ਜਾਣਦਾ ਹੈਂ ਤੇ ਆਪੇ (ਸਾਡੇ ਕਰਮ) ਦੇਖਦਾ ਹੈਂ, ਜਿਹੜੀ ਮੱਤ ਤੂੰ (ਸਾਨੂੰ) ਦੇਂਦਾ ਹੈ, ਉਹ ਹੀ ਚੰਗੀ ਹੈ।੧। ਹੇ ਮਾਂ! (ਮੇਰਾ) ਮਨ ਬੈਰਾਗ ਵਿਚ ਰੰਗਿਆ ਬੈਰਾਗੀ ਹੋ ਗਿਆ ਹੈ, ਗੁਰੂ ਦੇ ਸ਼ਬਦ ਨੇ ਮੇਰਾ ਮਨ ਵਿੰਨ੍ਹ ਦਿਤਾ ਹੈ। ਮਨ ਦੇ ਅੰਦਰ ਹਰੀ ਦੀ ਜੋਤ ਵਸ ਗਈ ਹੈ ਤੇ ਉਸ ਦੀ ਬਾਣੀ ਚੰਗੀ ਤਰ੍ਹਾਂ ਅੰਦਰ ਟਿਕ ਗਈ ਹੈ ਅਤੇ ਸੱਚੇ ਮਾਲਕ ਨਾਲ ਲਿਵ ਲਗ ਗਈ ਹੈ। ਰਹਾਉ। ਅਣਗਿਣਤ ਬੈਰਾਗੀ ਬੈਰਾਗ ਦੀਆਂ ਗੱਲਾਂ ਕਹਿੰਦੇ ਹਨ, ਪਰ ਅਸਲ ਬੈਰਾਗੀ ਉਹ ਹੈ, ਜਿਹੜਾ ਮਾਲਕ ਨੂੰ ਚੰਗਾ ਲਗਦਾ ਹੈ। (ਅਜੇਹਾ ਬੈਰਾਗੀ ਗੁਰੂ ਦੇ) ਸ਼ਬਦ ਦੁਆਰਾ ਅਪਣੇ ਹਿਰਦੇ ਵਿਚ (ਪ੍ਰਭੂ ਨੂੰ ਵਸਾ ਲੈਂਦਾ ਹੈ ਤੇ) ਸਦਾ ਪ੍ਰਭੂ ਦੇ ਭੈ ਵਿਚ ਰਚਿਆ ਰਹਿੰਦਾ ਹੈ ਅਤੇ ਗੁਰੂ ਦੀ ਕਾਰ ਸੇਵਾ ਕਰਦਾ ਹੈ। ਉਹ ਇਕੋ ਪ੍ਰਭੂ ਨੂੰ ਸਿਮਰਦਾ ਹੈ, (ਜਿਸ ਕਰਕੇ ਉਸ ਦਾ) ਮਨ ਡੋਲਦਾ ਨਹੀਂ ਅਤੇ (ਮਾਇਆ ਤੇ ਵਾਸ਼ਨਾਵਾਂ ਵੱਲ) ਦੌੜਦੇ ਮਨ ਰੋਕ ਕੇ ਰਖਦਾ ਹੈ। ਉਹ ਸਹਿਜ ਅਵਸਥਾ (ਕੁਦਰਤੀ ਅਨੰਦ) ਵਿਚ ਮਸਤ ਹੋਇਆ ਸਦਾ ਹਰੀ ਦੇ ਪ੍ਰੇਮ ਵਿਚ ਰੰਗਿਆ ਰਹਿੰਦਾ ਹੈ ਅਤੇ ਸੱਚੇ ਪ੍ਰਭੂ ਦੇ ਗੁਣ ਗਾਉਂਦਾ ਹੈ।੨।

ਪਦਾਰਥ = ਅਸਟਪਦੀਆ–ਅੱਠ ਪਦਾਂ ਵਾਲੀ ਬਾਣੀ। ਚਉਤੁਕੀ–ਚਾਰ ਚਾਰ ਤੁਕਾਂ ਵਾਲਾ ਪਦਾ। ਦੁਬਿਧਾ–ਦੁਚਿੱਤਾਪਣ; (ਹਰੀ ਤੋਂ ਬਿਨਾ) ਦੂਜੇ ਵਿਚ ਭਾਵਨਾ ਹੋਣੀ। ਨ ਪੜਉ–ਨਹੀਂ ਪੈਂਦਾ; ਨਹੀਂ ਪੜ੍ਹਦਾ। ਨ ਪੂਜਉ–ਨਹੀਂ ਪੂਜਦਾ। ਮੜੈ–ਮਠ; ਕਬਰਾਂ; ਸਮਾਧਾਂ। ਮਸਾਣਿ–ਮੜੀਆਂ (ਸ਼ਮਸ਼ਾਨ ਘਾਟ)। ਰਾਚਿ–ਲਗ ਕੇ। ਪਰ ਘਰਿ–ਪਰਾਏ ਘਰ (ਦੇਵੀ ਦੇਵਤਿਆਂ ਦੇ ਮੰਦਰਾਂ) ਵਿਚ। ਨਾਮਿ–ਨਾਮ ਨੇ। ਬੁਝਾਈ–ਬੁਝਾ (ਮਿਟਾ) ਦਿਤੀ। ਘਰ ਭੀਤਰਿ–ਹਿਰਦੇ ਦੇ ਅੰਦਰ। ਘਰੁ–ਹਰੀ ਦਾ ਘਰ (ਹਰਿਮੰਦਰ)। ਸਹਜ–ਕੁਦਰਤੀ ਅਨੰਦ। ਰਤੇ–ਮਸਤ ਹਾਂ। ਭਾਈ–ਹੇ ਭਾਈ!। ਦਾਨਾ–ਜਾਣਦਾ ਹੈਂ। ਬੀਨਾ–ਦੇਖਦਾ ਹੈਂ। ਦੇਵਹਿ–ਦੇਂਦਾ ਹੈਂ। ਮਤਿ–ਅਕਲ। ਸਾਈ–ਹੇ ਹਰੀ; ਉਹ ਹੀ।੧। ਬੈਰਾਗਿ–ਉਪਰਾਮਤਾ ਵਿਚ; ਲੋਕ ਪ੍ਰਲੋਕ ਦੇ ਪਦਾਰਥਾਂ ਦਾ ਪ੍ਰੇਮ ਨਾ ਹੋਣਾ। ਸੋ–ਉਹ। ਰਤਉ–ਰੰਗਿਆ ਹੋਇਆ। ਬੇਧਿਆ–ਵਿੰਨ੍ਹ ਦਿਤਾ। ਮਾਈ–ਹੇ ਮਾਂ!। ਅੰਤਰਿ–ਮਨ ਦੇ ਅੰਦਰ। ਨਿਰੰਤਰਿ–ਚੰਗੀ ਤਰ੍ਹਾਂ ਅੰਦਰ (ਟਿਕ ਗਈ)। ਸਿਉ–ਨਾਲ। ਰਹਾਉ। ਅਸੰਖ–ਅਣਗਿਣਤ। ਜਿ–ਜਿਹੜਾ। ਖਸਮੈ–ਮਾਲਕ ਨੂੰ। ਭਾਵੈ–ਚੰਗਾ ਲਗਦਾ ਹੈ। ਹਿਰਦੈ–ਹਿਰਦੇ ਵਿਚ। ਰਚਿਆ–ਮਿਲਿਆ ਹੈ। ਕਾਰ ਕਮਾਵੈ–ਸੇਵਾ ਕਰਦਾ ਹੈ। ਏਕੋ ਚੇਤੈ–ਇਕ ਹਰੀ ਨੂੰ ਸਿਮਰਦਾ ਹੈ। ਮਨੂਆ–ਮਨ। ਧਾਵਤੁ–ਧੌੜ ਰਹੇ ਮਨ ਨੂੰ। ਵਰਜਿ ਰਹਾਵੈ–ਰੋਕ ਕੇ ਰਖਦਾ ਹੈ। ਮਾਤਾ–ਮਸਤ ਹੋਇਆ। ਰੰਗਿ ਰਾਤਾ–ਪ੍ਰੇਮ ਵਿਚ ਰੰਗਿਆ। ਕੇ–ਦੇ।੨।

ਮਨੂਆ ਪਉਣੁ ਬਿੰਦੁ ਸੁਖਵਾਸੀ, ਨਾਮਿ ਵਸੈ ਸੁਖ ਭਾਈ ॥ ਜਿਹਬਾ ਨੇਤ੍ਰ ਸੋਤ੍ਰ ਸਚਿ ਰਾਤੇ, ਜਲਿ ਬੂਝੀ ਤੁਝਹਿ ਬੁਝਾਈ ॥ ਆਸ ਨਿਰਾਸ ਰਹੈ ਬੈਰਾਗੀ, ਨਿਜ ਘਰਿ ਤਾੜੀ ਲਾਈ ॥ ਭਿਖਿਆ ਨਾਮਿ ਰਜੇ ਸੰਤੋਖੀ, ਅੰਮ੍ਰਿਤੁ ਸਹਜਿ ਪੀਆਈ ॥੩॥ ਦੁਬਿਧਾ ਵਿਚਿ ਬੈਰਾਗੁ ਨ ਹੋਵੀ, ਜਬ ਲਗੁ ਦੂਜੀ ਰਾਈ ॥ ਸਭੁ ਜਗੁ ਤੇਰਾ ਤੂ ਏਕੋ ਦਾਤਾ, ਅਵਰੁ ਨ ਦੂਜਾ ਭਾਈ ॥ ਮਨਮੁਖਿ ਜੰਤ ਦੁਖਿ ਸਦਾ ਨਿਵਾਸੀ, ਗੁਰਮੁਖਿ ਦੇ ਵਡਿਆਈ ॥ ਅਪਰ ਅਪਾਰ ਅਗੰਮ ਅਗੋਚਰ, ਕਹਣੈ ਕੀਮ ਨ ਪਾਈ ॥੪॥ ਸੁੰਨ ਸਮਾਧਿ ਮਹਾ ਪਰਮਾਰਥੁ ,ਤੀਨਿ ਭਵਣ ਪਤਿ ਨਾਮੰ ॥ ਮਸਤਕਿ ਲੇਖੁ ਜੀਆ ਜਗਿ ਜੋਨੀ, ਸਿਰਿ ਸਿਰਿ ਲੇਖੁ ਸਹਾਮੰ ॥ ਹੇ ਭਾਈ! ਹਵਾ ਵਰਗਾ ਚੰਚਲ ਮਨ ਜੇਕਰ ਥੋੜਾ ਜਿਹਾ ਵੀ ਸੁਖ ਨਾਲ ਵਾਸ ਕਰਨ ਵਾਲਾ ਹੋ (ਅਰਾਮ ਨਾਲ ਟਿਕ) ਜਾਵੇ, ਤਾਂ ਨਾਮ ਵਿਚ ਸੁਖੀ ਹੋ ਕੇ ਵਸ ਸਕਦਾ ਹੈ। (ਅਜੇਹ ਮਨੁੱਖ ਦੀ) ਜੀਭ, ਅੱਖਾਂ ਤੇ ਕੰਨ (ਸਾਰੇ ਇੰਦ੍ਰੇ) ਸੱਚੇ ਨਾਮ ਵਿਚ ਰਚ ਜਾਂਦੇ ਹਨ ਅਤੇ ਤ੍ਰਿਸ਼ਨਾ ਦੀ ਜਲਨ ਬੁਝ ਜਾਂਦੀ ਹੈ, (ਇਹ ਜਲਨ ਹੇ ਪ੍ਰਭੂ!) ਤੂੰ ਹੀ ਬੁਝਾਈ ਹੈ। (ਅਜੇਹਾ) ਬੈਰਾਗੀ ਆਸਾ ਤੋਂ ਨਿਰਾਸ ਰਹਿੰਦਾ ਹੈ ਅਤੇ ਅਪਣੇ ਘਰ (ਆਤਮ ਸਰੂਪ) ਵਿਚ ਸਮਾਧੀ ਲਾਈ ਰਖਦਾ ਹੈ। ਉਹ ਸੰਤੋਖੀ ਬਣ ਕੇ ਨਾਮ ਦੀ ਭਿਖਿਆ ਲੈ ਕੇ ਰੱਜ ਜਾਂਦਾ ਹੈ ਅਤੇ ਸੁਭਾਵਕ ਹੀ (ਨਾਮ ਰਸ ਵਾਲਾ) ਅੰਮ੍ਰਿਤ ਪੀਂਦਾ ਹੈ।੩। ਦੁਬਿਧਾ ਵਿਚ ਰਹਿਣ ਨਾਲ ਬੈਰਾਗ ਨਹੀ ਹੋ ਸਕਦਾ, ਜਿੰਨਾ ਚਿਰ ਤਕ ਰਾਈ ਦੇ ਦਾਣੇ ਜਿੰਨੀ ਵੀ ਦ੍ਵੈਤ ਹੈ। ਹੇ ਪ੍ਰਭੂ! ਸਾਰਾ ਜਗਤ ਤੇਰਾ ਪੈਦਾ ਕੀਤਾ ਹੋਇਆ ਹੈ ਅਤੇ ਤੂੰ ਸਭ ਜੀਵਾਂ ਦਾ ਇਕੋ ਦਾਤਾ ਹੈਂ, (ਤੈਥੋਂ ਬਿਨਾ ਸਾਨੂੰ ਕੋਈ) ਹੋਰ ਨਹੀਂ ਭਾਉਂਦਾ। ਮਨਮੁਖ ਜੀਵ ਸਦਾ ਦੁਖ ਵਿਚ ਹੀ ਨਿਵਾਸ ਕਰਦੇ ਹਨ, ਗੁਰਮੁਖਾਂ ਨੂੰ ਹਰੀ ਵਡਿਆਈ ਦੇਂਦਾ ਹੈ। ਹਰੀ ਪਾਰ ਤੇ ਹੱਦ ਤੋਂ ਪਰੇ ਹੈ, ਮਨ ਤੇ ਬੁੱਧੀ ਦੀ ਪਹੁੰਚ ਤੋਂ ਪਰੇ ਹੈ, ਇੰਦ੍ਰੀਆਂ ਦੇ ਵਿਸ਼ਿਆਂ ਤੋਂ ਪਰੇ ਹੈ ਅਤੇ ਕਹਿਣ ਨਾਲ ਉਸ ਦੀ ਕੀਮਤ ਨਹੀਂ ਪਾਈ ਜਾਂਦੀ।੪। (ਹੇ ਭਾਈ! ਪ੍ਰਭੂ) ਅਫੁਰ ਸਮਾਧੀ ਵਾਲਾ ਹੈ, ਤਿੰਨਾਂ ਭਵਨਾਂ ਦਾ ਮਾਲਕ ਹੈ ਅਤੇ (ਗੁਰਮੁਖਾਂ ਲਈ

ਉਸ ਦਾ) ਨਾਮ ਸਭ ਤੋਂ ਉਤਮ ਤੇ ਮਹਾਨ ਪਦਾਰਥ ਹੈ। ਜੀਵਾਂ ਦੇ ਮੱਥੇ ਉਤੇ (ਹਰੀ ਦੇ ਹੁਕਮ ਦਾ ਲਿਖਿਆ) ਲੇਖ ਹੈ, (ਉਸ ਲੇਖ ਅਨੁਸਾਰ ਜੀਵ) ਜਗਤ ਵਿਚ ਜਨਮ ਲੈਂਦੇ ਹਨ ਅਤੇ ਅਪਣੇ ਸਿਰਾਂ ਉਤੇ ਲਿਖੇ ਲੇਖ ਅਨੁਸਾਰ ਦੁਖ ਸੁਖ ਸਹਾਰਦੇ ਹਨ।

ਅੰਗ ੬੩੫ = ਕਰਮ ਸੁਕਰਮ ਕਰਾਏ ਆਪੇ, ਆਪੇ ਭਗਤਿ ਦ੍ਰਿੜਾਮੰ ॥ ਮਨ ਮੁਖਿ ਜੂਠਿ ਲਹੈ ਭੈ ਮਾਨੰ, ਆਪੇ ਗਿਆਨੁ ਅਗਾਮੰ ॥੫॥ ਸਧਾਰਨ ਕੰਮ ਤੇ ਸ਼ੁੱਭ ਕੰਮ ਪ੍ਰਭੂ ਆਪੇ (ਜੀਵਾਂ ਪਾਸੋਂ) ਕਰਾਉਂਦਾ ਹੈ ਅਤੇ ਆਪੇ ਭਗਤੀ ਦ੍ਰਿੜ ਕਰਾਉਂਦਾ ਹੈ। ਹਰੀ ਦਾ ਭੈ ਮੰਨਣ ਨਾਲ ਮਨ ਤੇ ਮੂੰਹ ਦੀ ਜੂਠ ਲਹਿ ਜਾਂਦੀ ਹੈ, ਹਰੀ ਆਪੇ ਨਾ ਸਮਝ ਆਉਣ ਵਾਲੀ ਵਸਤੂ ਦਾ ਗਿਆਨ ਦੇਂਦਾ ਹੈ।੫।

ਪਦਾਰਥ = ਮਨੂਆ–ਮਨ। ਬਿੰਦੁ–ਥੋੜਾ ਜਿਹਾ। ਸੁਖ ਵਾਸੀ–ਸੁਖ ਨਾਲ ਵਾਸ ਕਰਨ ਵਾਲਾ (ਅਰਾਮ ਨਾਲ ਟਿਕ ਕੇ)। ਭਾਈ–ਹੇ ਭਾਈ!। ਜਿਹਬਾ–ਜੀਭ। ਨੇਤ੍ਰ–ਅੱਖਾਂ। ਸੋਤ੍ਰ–ਕੰਨ। ਸਚਿ ਰਾਤੇ–ਸੱਚੇ ਨਾਮ ਵਿਚ ਰਚ ਜਾਂਦੇ ਹਨ। ਜਲਿ–ਜਲਨ; ਅੱਗ। ਤੁਝਹਿ–ਤੂੰ ਹੀ। ਨਿਸਾਸ–ਆਸਾ ਰਹਿਤ; ਨਿਰਮੋਹ। ਨਿਜ ਘਰਿ–ਅਪਨੇ ਘਰ (ਆਤਮ ਸਰੂਪ) ਵਿਚ। ਤਾੜੀ ਲਾਈ–ਸਮਾਧੀ ਲਾਈ ਰਖਦਾ ਹੈ। ਸਹਜਿ–ਸੁਭਾਵਕ।੩। ਦੁਬਿਧਾ–ਦ੍ਵੈਤ ਭਾਵ; ਦੁਚਿੱਤਾ ਪਣ। ਨ ਹੋਵੀ–ਨਹੀਂ ਹੋ ਸਕਦਾ। ਜਬ ਲਗੁ–ਜਦ ਤਕ। ਦੂਜੀ–ਦੂਜਾ ਪਣ। ਰਾਈ–ਰਾਈ ਦਾ ਦਾਣਾ। ਅਵਰੁ–ਹੋਰ। ਨ ਭਾਈ–ਨਹੀਂ ਭਾਉਂਦਾ। ਜੰਤ–ਜੀਵ; ਮਨੁੱਖ। ਨਿਵਾਸੀ–ਨਿਵਾਸ ਕਰਦਾ ਹੈ। ਦੇ–ਦੇਂਦਾ ਹੈ। ਅਪਰ–ਹੱਦ ਤੋਂ ਪਰੇ। ਅਪਾਰ–ਪਾਰ ਰਹਿਤ; ਬੇਅੰਤ। ਅਗੰਮ–ਮਨ ਬੁੱਧੀ ਦੀ ਪਹੁੰਚ ਤੋਂ ਪਰੇ। ਅਗੋਚਰ–ਇੰਦ੍ਰੀਆਂ ਦੇ ਵਿਸ਼ਿਆਂ ਤੋਂ ਪਰੇ। ਕਹਣੈ–ਕਹਿਣ ਨਾਲ। ਕੀਮ–ਕੀਮਤ।੪। ਸੁੰਨ ਸਮਾਧਿ–ਅਫੁਰ (ਜਿੱਥੇ ਕੋਈ ਫੁਰਨਾ ਨਹੀਂ) ਸਮਾਧੀ ਵਾਲਾ। ਮਹਾ ਪਰਮਾਰਥ–ਮਹਾਨ ਤੇ ਉਤਮ ਪਦਾਰਥ। ਤੀਨਿ ਭਵਣ–ਤਿੰਨਾਂ ਭਵਨਾਂ (ਮਾਤ ਲੋਕ, ਪਤਾਲ ਲੋਕ ਤੇ ਪਰਲੋਕ) ਦਾ। ਪਤਿ–ਪਤੀ (ਮਾਲਕ)। ਮਸਤਕਿ–ਮੱਥੇ ਉਤੇ। ਜੀਆ–ਜੀਵਾਂ ਦੇ। ਜਗਿ–ਜਗਤ ਵਿਚ। ਜੋਨੀ–ਜਨਮ ਲੈਂਦੇ ਹਨ। ਸਿਰਿ ਸਿਰਿ–ਹਰੇਕ ਜੀਵ ਅਪਣੇ ਸਿਰ ਉਤੇ। ਸਹਾਮੰ–ਸਹਾਰਦੇ ਹਨ। ਕਰਮ–ਸਧਾਰਨ ਕੰਮ। ਸੁਕਰਮ–ਸ਼ੁੱਭ ਕੰਮ। ਦ੍ਰਿੜਾਮੰ–ਦ੍ਰਿੜ ਕਰਾਉਂਦਾ (ਮਨ ਵਿਚ ਚੰਗੀ ਤਰ੍ਹਾਂ ਟਿਕਾ ਦੇਂਦਾ) ਹੈ। ਮਨਿ ਮੁਖਿ–ਮਨ ਤੇ ਮੂੰਹ ਦੀ। ਮਾਨੰ–ਮੰਨਣ ਨਾਲ। ਅਗਾਮੰ–ਸਮਝ ਨਾ ਆਉਣ ਵਾਲਾ; ਮਨ ਬੁੱਧੀ ਦੀ ਪਹੁੰਚ ਤੋਂ ਪਰੇ।੫।

ਜਿਨਿ ਚਾਖਿਆ ਸੇਈ ਸਾਦੁ ਜਾਣਨਿ, ਜਿਉ ਗੁੰਗੇ ਕੀ ਮਿਠਿਆਈ ॥ ਅਕਥੈ ਕਾ ਕਿਆ ਕਥੀਐ ਭਾਈ, ਚਾਲਉ ਸਦਾ ਰਜਾਈ ॥ ਗੁਰੁ ਦਾਤਾ ਮੇਲੇ ਤਾ ਮਤਿ ਹੋਵੈ, ਨਿਗੁਰੇ ਮਤਿ ਨ ਕਾਈ ॥ ਜਿਉ ਚਲਾਏ ਤਿਉ ਚਾਲਹ ਭਾਈ, ਹੋਰਿ ਕਿਆ ਕੋ ਕਰੇ ਚਤੁਰਾਈ ॥੬॥ ਇਕਿ ਭਰਮਿ ਭੁਲਾਏ ਇਕਿ ਭਗਤੀ ਰਾਤੇ, ਤੇਰਾ ਖੇਲੁ ਅਪਾਰਾ ॥ ਜਿਤੁ ਤੁਧੁ ਲਾਏ ਤੇਹਾ ਫਲੁ ਪਾਇਆ, ਤੂ ਹੁਕਮਿ ਚਲਾਵਣ ਹਾਰਾ ॥ ਸੇਵਾ ਕਰੀ ਜੇ ਕਿਛੁ ਹੋਵੈ ਅਪਣਾ, ਜੀਉ ਪਿੰਡੁ ਤੁਮਾਰਾ ॥ ਸਤਿਗੁਰਿ ਮਿਲਿਐ ਕਿਰਪਾ ਕੀਨੀ, ਅੰਮ੍ਰਿਤ ਨਾਮੁ ਅਧਾਰਾ ॥੭॥ ਗਗਨੰਤਰਿ ਵਾਸਿਆ ਗੁਣ ਪਰਗਾਸਿਆ, ਗੁਣ ਮਹਿ ਗਿਆਨ ਧਿਆਨੰ ॥ ਨਾਮੁ ਮਨਿ ਭਾਵੈ ਕਹੈ ਕਹਾਵੈ, ਤਤੋ ਤਤੁ ਵਖਾਨੰ ॥ ਸਬਦੁ ਗੁਰ ਪੀਰਾ ਗਹਿਰ ਗੰਭੀਰਾ, ਬਿਨੁ ਸਬਦੈ ਜਗੁ ਬਉਰਾਨੰ ॥ ਪੂਰਾ ਬੈਰਾਗੀ ਸਹਜਿ ਸੁਭਾਗੀ, ਸਚੁ ਨਾਨਕ ਮਨੁ ਮਾਨੰ ॥੮॥੧॥ (ਹੇ ਭਾਈ!) ਜਿਨ੍ਹਾਂ ਪੁਰਖਾਂ ਨੇ ਨਾਮ ਦਾ ਰਸ ਚੱਖਿਆ ਹੈ, ਉਹ ਹੀ (ਇਸ ਦਾ) ਸੁਆਦ ਜਾਣਦੇ ਹਨ, (ਪਰ ਉਹ ਇਸ ਦਾ ਸੁਆਦ ਦਸ ਨਹੀਂ ਸਕਦੇ) ਜਿਵੇਂ ਗੂੰਗੇ ਦੀ ਖਾਧੀ ਮਠਿਆਈ (ਦਾ ਸੁਆਦ ਗੂੰਗਾ ਆਪ ਹੀ ਜਾਣਦਾ ਹੈ, ਦੂਜੇ ਨੂੰ ਦਸ ਨਹੀਂ ਸਕਦਾ)। ਹੇ ਭਾਈ! ਨਾ ਕਥੇ ਜਾ ਸਕਣ ਵਾਲੇ ਹਰੀ ਦਾ ਕੀ ਕਥਨ ਕਰੀਏ? (ਉਹ ਬੇਅੰਤ ਹੈ, ਉਸ ਨੂੰ ਮਿਲਣ ਲਈ ਉਸ ਦੀ) ਰਜ਼ਾ ਵਿਚ ਚੱਲੋ। (ਰਜ਼ਾ ਵਿਚ ਚੱਲਣ ਦੀ) ਸਮਝ ਤਾਂ ਪ੍ਰਾਪਤ ਹੁੰਦੀ ਹੈ, ਜੇ ਦਾਤਾਰ ਪ੍ਰਭੂ (ਕ੍ਰਿਪਾ ਕਰਕੇ) ਗੁਰੂ ਮਿਲਾ ਦੇਵੇ, ਨਿਗੁਰੇ ਮਨੁੱਖ ਨੂੰ ਕੋਈ ਚੰਗੀ ਸਮਝ ਪ੍ਰਾਪਤ ਨਹੀਂ ਹੁੰਦੀ। ਹੇ ਭਾਈ! ਜਿਵੇਂ (ਪ੍ਰਭੂ ਜੀਵਾਂ ਨੂੰ) ਚਲਾਉਂਦਾ ਹੈ, ਤਿਵੇਂ ਅਸੀਂ ਚਲਦੇ ਹਾਂ, ਹੋਰ (ਅਪਣੇ ਆਪ) ਕੋਈ ਕੀ ਚਤਰਾਈ ਕਰ ਸਕਦਾ ਹੈ?।੬। (ਹੇ ਪ੍ਰਭੂ! ਤੈਂ) ਕਈ ਮਨੁੱਖ ਭਰਮ ਵਿਚ ਪਾ ਕੇ ਭੁਲਾਏ (ਕੁਰਾਹੇ ਪਾਏ) ਹੋਏ ਹਨ ਅਤੇ ਕਈ ਮਨੁੱਖ (ਤੇਰੀ ਕ੍ਰਿਪਾ ਨਾਲ) ਭਗਤੀ ਵਿਚ ਰੰਗੇ ਹੋਏ ਹਨ, ਤੇਰਾ ਇਹ ਖੇਲ ਪਾਰ ਰਹਿਤ ਹੈ। ਜਿਸ ਪਾਸੇ ਤੈਂ ਜੀਵਾਂ ਨੂੰ ਲਾਇਆ ਹੈ, (ਉਨ੍ਹਾਂ ਨੇ) ਉਹੋ ਜਿਹਾ ਫਲ ਪਾਇਆ ਹੈ (ਸਭ ਜੀਵਾਂ ਨੂੰ ਤੂੰ ਅਪਣੇ) ਹੁਕਮ ਵਿਚ ਚਲਾਉਣ ਵਾਲਾ ਹੈਂ। ਮੈਂ ਤੇਰੀ ਸੇਵਾਂ ਤਾਂ ਕਰਾਂ, ਜੇ ਕੋਈ ਚੀਜ ਮੇਰੀ ਅਪਣੀ ਹੋਵੇ (ਮੇਰਾ ਅਪਣਾ ਤਾਂ ਕੁਛ ਹੈ ਹੀ ਨਹੀਂ), ਮੇਰਾ ਸਰੀਰ ਤੇ ਮਨ ਸਭ ਤੇਰਾ ਹੈ। (ਤੈਂ ਮੇਰੇ ਤੇ) ਕ੍ਰਿਪਾ ਕੀਤੀ ਹੈ (ਸਤਿਗੁਰੂ ਮਿਲਾ ਦਿਤਾ), ਸਤਿਗੁਰੂ ਦੇ ਮਿਲਣ ਕਰਕੇ (ਉਸ ਨੇ ਮੈਨੂੰ ਤੇਰਾ) ਅੰਮ੍ਰਿਤ ਨਾਮ ਰੂਪ ਆਸਰਾ ਦਿਤਾ ਹੈ।੭। (ਅਸਲ ਬੈਰਾਗੀ) ਆਤਮ ਮੰਡਲ ਵਿਚ ਵਸਿਆ ਹੈ, (ਉਥੇ ਉਸ ਨੂੰ ਰੱਬੀ) ਗੁਣਾਂ ਦਾ ਪ੍ਰਕਾਸ਼ ਹੋਇਆ ਹੈ ਅਤੇ ਗੁਣਾਂ ਵਿਚ (ਉਸ ਨੂੰ) ਗਿਆਨ ਤੇ ਧਿਆਨ ਪ੍ਰਾਪਤ ਹੋਇਆ ਹੈ। (ਉਸ ਦੇ) ਮਨ ਵਿਚ ਹਰੀ ਦਾ ਨਾਮ ਚੰਗਾ ਲਗਦਾ ਹੈ, (ਉਹ ਆਪ ਨਾਮ) ਜਪਦਾ ਹੈ ਤੇ ਹੋਰਨਾਂ ਨੂੰ ਜਪਾਉਂਦਾ ਹੈ, ਉਹ ਪਰਮ ਤੱਤ ਸਰੂਪ ਪ੍ਰਭੂ ਨੂੰ ਹੀ ਉਚਾਰਦਾ ਹੈ। ਬਹੁਤ ਡੂੰਘਾ ਤੇ ਸ਼ਾਂਤ ਸਰੂਪ ਪ੍ਰਭੂ ਨੂੰ ਮਿਲਾਉਣ ਵਾਲਾ ਸ਼ਬਦ ਗੁਰੂ ਪੀਰ ਹੈ, ਬਿਨਾ ਸ਼ਬਦ ਤੋਂ ਜਗਤ ਪਾਗਲ ਹੋਇਆ ਫਿਰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ

ਉਹ ਪੂਰਨ ਬੈਰਾਗੀ ਹੈ, ਜਿਸ ਦਾ ਮਨ ਸਚ ਨੂੰ ਮੰਨਦਾ ਹੈ ਅਤੇ ਉਹ ਸੁਭਾਵਕ ਹੀ ਸ੍ਰੇਸ਼ਟ ਭਾਗਾਂ ਵਾਲਾ ਹੈ।੮।੧।

ਪਦਾਰਥ = ਜਿਨਿ–ਜਿਨ੍ਹਾਂ ਨੇ।ਸੇਈ–ਉਹ ਹੀ।ਅਕਥੈ–(ਅਕੱਥੈ ਬੋਲੋ) ਨਾ ਕਥੇ ਜਾ ਸਕਣ ਵਾਲੇ ਪ੍ਰਭੂ ਦਾ।ਕਥੀਐ–ਕਥਨ ਕਰੀਏ। ਭਾਈ–ਹੇ ਭਾਈ!।ਚਾਲਉ–ਚੱਲੋ।ਰਜਾਈ–ਰਜ਼ਾ ਵਿਚ।ਦਾਤਾ–ਦਾਤਾਰ ਪ੍ਰਭੂ।ਤਾ–ਤਾਂ।ਮਤਿ–ਸਮਝ; ਗਿਆਨ।ਕਾਈ–ਕੋਈ।ਕੋ– ਕੋਈ।ਚਾਲਹ–ਅਸੀਂ ਚਲਦੇ ਹਾਂ।੬।ਇਕਿ–ਕਈ ਮਨੁੱਖ।ਭਰਮਿ ਭੁਲਾਏ–ਭਰਮ ਵਿਚ ਭੁਲਾਏ (ਕੁਰਾਹੇ ਪਾਏ) ਹੋਏ ਹਨ।ਰਾਤੇ– ਰੰਗੇ ਹੋਏ ਹਨ।ਅਪਾਰਾ–ਪਾਰ ਰਹਿਤ; (ਮਨੁੱਖੀ) ਸਮਝ ਤੋਂ ਪਰੇ ਹੈ।ਜਿਤੁ–ਜਿਸ ਪਾਸੇ।ਤੁਧੁ–ਤੈਂ।ਤੇਹਾ–ਉਹੋ ਜਿਹਾ।ਹੁਕਮਿ– ਹੁਕਮ ਵਿਚ।ਕਰੀ–ਮੈਂ ਕਰਾਂ।ਜੀਉ–ਮਨ।ਪਿੰਡੁ–ਸਰੀਰ।ਸਤਿਗੁਰਿ ਮਿਲਿਐ–ਸਤਿਗੁਰੂ ਦੇ ਮਿਲਣ ਕਰਕੇ।ਕੀਨੀ–ਕੀਤੀ।ਅਧਾਰਾ –ਆਸਰਾ।੭।ਗਗਨੰਤਰਿ–ਦਸਮ ਦੁਆਰ (ਆਤਮ ਮੰਡਲ) ਵਿਚ।ਪਰਗਾਸਿਆ–ਪ੍ਰਕਾਸ਼ ਹੋਇਆ।ਗੁਣ ਮਹਿ–ਗੁਣਾਂ ਵਿਚ।ਮਨਿ– ਮਨ ਵਿਚ।ਭਾਵੈ–ਚੰਗਾ ਲਗਦਾ ਹੈ।ਕਹੈ ਕਹਾਵੈ–ਆਪ ਜਪਦਾ ਹੈ ਤੇ ਹੋਰਨਾਂ ਨੂੰ ਜਪਾਉਂਦਾ ਹੈ।ਤਤੋ ਤਤੁ–ਪਰਮ ਤੱਤ ਸਰੂਪ ਪ੍ਰਭੂ ਨੂੰ।ਵਖਾਨੰ–ਉਚਾਰਦਾ ਹੈ।ਗਹਿਰ ਗੰਭੀਰਾ–ਡੂੰਘਾ ਤੇ ਸ਼ਾਂਤ (ਅਹਿੱਲ)।ਜਗੁ–ਜਗਤ।ਬਉਰਾਨੰ–ਪਾਗਲ।ਸਹਜਿ–ਸੁਭਾਵਕ ਹੀ; ਸਹਿਜ ਅਵਸਥਾ ਵਿਚ ਅੱਪੜ ਕੇ।ਸੁਭਾਗੀ–ਸ੍ਰੇਸ਼ਟ ਭਾਗਾਂ ਵਾਲਾ।ਮਨੁ ਮਾਨੰ–ਮਨ ਮੰਨਦਾ ਹੈ; ਮਨ ਪਤੀਜ ਗਿਆ।੮।੧।

ਸੋਰਠਿ ਮਹਲਾ ੧ ਤਿਤੁਕੀ ॥ ਆਸਾ ਮਨਸਾ ਬੰਧਨੀ ਭਾਈ, ਕਰਮ ਧਰਮ ਬੰਧਕਾਰੀ ॥ ਪਾਪਿ ਪੁੰਨਿ ਜਗੁ ਜਾਇਆ ਭਾਈ, ਬਿਨਸੈ ਨਾਮੁ ਵਿਸਾਰੀ ॥ ਇਹ ਮਾਇਆ ਜਗਿ ਮੋਹਣੀ ਭਾਈ, ਕਰਮ ਸਭੇ ਵੇਕਾਰੀ ॥੧॥ ਸੁਣਿ ਪੰਡਿਤ ਕਰਮਾ ਕਾਰੀ ॥ ਜਿਤੁ ਕਰਮਿ ਸੁਖੁ ਊਪਜੈ ਭਾਈ, ਸੁ ਆਤਮ ਤਤੁ ਬੀਚਾਰੀ ॥ਰਹਾਉ॥ ਸਾਸਤੁ ਬੇਦੁ ਬਕੈ ਖੜੋ ਭਾਈ, ਕਰਮ ਕਰਹੁ ਸੰਸਾਰੀ ॥ ਪਾਖੰਡਿ ਮੈਲੁ ਨ ਚੂਕਈ ਭਾਈ, ਅੰਤਰਿ ਮੈਲੁ ਵਿਕਾਰੀ ॥ ਇਨ ਬਿਧਿ ਡੂਬੀ ਮਾਕੁਰੀ ਭਾਈ, ਊਂਡੀ ਸਿਰ ਕੈ ਭਾਰੀ ॥੨॥ ਦੁਰਮਤਿ ਘਣੀ ਵਿਗੂਤੀ ਭਾਈ, ਦੂਜੈ ਭਾਇ ਖੁਆਈ ॥ ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ, ਬਿਨੁ ਨਾਮੈ ਭਰਮੁ ਨ ਜਾਈ ॥ ਸਤਿਗੁਰੁ ਸੇਵੇ ਤਾ ਸੁਖੁ ਪਾਏ ਭਾਈ, ਆਵਣੁ ਜਾਣੁ ਰਹਾਈ ॥੩॥ ਸਾਚੁ ਸਹਜੁ ਗੁਰ ਤੇ ਊਪਜੈ ਭਾਈ, ਮਨੁ ਨਿਰਮਲੁ ਸਾਚਿ ਸਮਾਈ ॥ ਗੁਰੁ ਸੇਵੇ ਸੋ ਬੂਝੈ ਭਾਈ, ਗੁਰ ਬਿਨੁ ਮਗੁ ਨ ਪਾਈ ॥ ਜਿਸੁ ਅੰਤਰਿ ਲੋਭੁ ਕਿ ਕਰਮ ਕਮਾਵੈ ਭਾਈ, ਕੂੜੁ ਬੋਲਿ ਬਿਖੁ ਖਾਈ ॥੪॥ ਹੇ ਭਾਈ! (ਮਾਇਆ ਦੀ) ਆਸਾ ਤੇ (ਮਾਇਆ ਦੇ) ਫੁਰਨੇ (ਜੀਵ ਲਈ) ਬੰਧਨ ਪਾਉਣ ਵਾਲੇ ਹਨ ਤੇ (ਹਉਮੈ ਅਧੀਨ ਕੀਤੇ ਪੂਜਾ ਪਾਠ, ਬ੍ਰਤ, ਤੀਰਥ ਯਾਤ੍ਰਾ ਆਦਿ) ਧਾਰਮਕ ਕਰਮ ਵੀ (ਜੀਵ ਨੂੰ) ਬੰਨ੍ਹਣ ਵਾਲੇ ਹਨ।ਹੇ ਭਾਈ! ਪਾਪ ਤੇ ਪੁੰਨ ਕਰਮਾਂ ਕਰਕੇ ਜਗਤ ਜੰਮਿਆ ਹੈ (ਜਦ ਤਕ ਮਨੁੱਖ ਕੁਛ ਪਾਪ ਤੇ ਕੁਛ ਪੁੰਨ ਰਲੇ ਮਿਲੇ ਕਰਮ ਕਰਦਾ ਹੈ, ਤਦ ਤਕ ਜਨਮ ਮਰਨ ਦੇ ਗੇੜ ਵਿਚ ਆਉਂਦਾ ਰਹਿੰਦਾ ਹੈ) ਅਤੇ ਹਰੀ ਦੇ ਨਾਮ ਨੂੰ ਭੁਲਾ ਕੇ ਨਾਸ਼ ਹੁੰਦਾ (ਮਰਦਾ) ਹੈ।ਹੇ ਭਾਈ! ਇਹ ਮਾਇਆ ਜਗਤ ਵਿਚ (ਸਾਰੇ ਜੀਵਾਂ ਨੂੰ) ਮੋਹ ਲੈਣ ਵਾਲੀ ਹੈ, (ਇਸ ਦੇ ਪਿੱਛੇ ਲਗ ਕੇ) ਸਾਰੇ ਕੰਮ ਵਿਕਾਰ ਪੈਦਾ ਕਰਦੇ ਹਨ (ਸ਼ਬਦਾਰਥ); ਸਾਰੇ ਕਰਮ (ਨਾਮ ਸਿਮਰਨ ਤੋਂ ਬਿਨਾ) ਬਿਅਰਥ ਹਨ।੧।(ਤੀਰਥ ਇਸ਼ਨਾਨ ਤੇ ਵਰਤ ਆਦਿ) ਕਰਮ ਕਰਨ ਵਾਲੇ ਹੇ ਪੰਡਤ! (ਸਾਡੀ ਸਿੱਖਿਆ) ਸੁਣ।ਹੇ ਭਾਈ! ਜਿਸ ਕਰਮ ਦੇ ਕਰਨ ਨਾਲ ਆਤਮਕ ਸੁਖ ਪੈਦਾ ਹੁੰਦਾ ਹੈ, ਉਹ (ਕਰਮ) ਆਤਮ ਤੱਤ ਨੂੰ ਵਿਚਾਰਨਾ ਹੈ।ਰਹਾਉ।ਹੇ ਭਾਈ (ਪੰਡਤ)! ਤੂੰ ਖਲੋ (ਟਿਕ ਟਿਕ) ਕੇ ਸਾਸ਼ਤਰ ਤੇ ਬੇਦ ਉਚਾਰਦਾ (ਲੋਕਾਂ ਨੂੰ ਸੁਣਾਉਂਦਾ) ਹੈਂ, (ਪਰ ਆਪ ਉਹੀ) ਕਰਮ ਕਰਦਾ ਹੈਂ ਜੋ ਸੰਸਾਰੀ ਲੋਕ ਕਰਦੇ ਹਨ (ਸੰਸਾਰ ਵਿਚ ਫਸੇ ਰਹਿਣ ਵਾਲੇ ਕਰਮ ਕਰਦਾ ਹੈਂ)।ਹੇ ਭਾਈ! ਪਖੰਡ ਵਾਲੇ ਕਰਮ ਕਰਨ ਨਾਲ (ਮਨ ਦੀ ਵਿਸ਼ੇ ਵਿਕਾਰਾਂ ਦੀ) ਮੈਲ ਦੂਰ ਨਹੀਂ ਹੋ ਸਕਦੀ, ਵਿਕਾਰਾਂ ਦੀ ਮੈਲ (ਮਨ ਦੇ) ਅੰਦਰ ਹੀ ਟਿਕੀ ਰਹਿੰਦੀ ਹੈ।ਇਸੇ ਤਰ੍ਹਾਂ ਹੇ ਭਾਈ! ਮੱਕੜੀ ਸਿਰ ਦੇ ਭਾਰ ਉਲਟੀ ਹੋ ਕੇ ਜਾਲ ਤਣਦੀ ਹੋਈ (ਉਸ ਜਾਲੇ ਵਿਚ ਫਸ ਕੇ) ਬਰਬਾਦ ਹੋ ਜਾਂਦੀ ਹੈ (ਭਾਵ ਤੂੰ ਦਿਖਾਵੇ ਵਾਲੇ ਝੂਠੇ ਧਰਮ ਕਰਮ ਕਰਕੇ ਉਨ੍ਹਾਂ ਦੇ ਪਖੰਡ ਨਾਲ ਅਪਣੇ ਆਪ ਨੂੰ ਤਬਾਹ ਕਰ ਲੈਂਦਾ ਹੈਂ)।੨।ਹੇ ਭਾਈ! ਭੈੜੀ ਮੱਤ ਨਾਲ ਬਹੁਤ ਸਾਰੀ ਦੁਨੀਆਂ ਖੁਆਰ ਹੋਈ ਹੈ ਅਤੇ ਦ੍ਵੈਤ ਭਾਵ (ਮਾਇਆ ਦੇ ਮੋਹ) ਨਾਲ ਕੁਰਾਹੇ ਪੈ ਗਈ ਹੈ।ਹੇ ਭਾਈ! ਸਤਿਗੁਰੂ ਦੇ ਬਿਨਾ ਨਾਮ ਪ੍ਰਾਪਤ ਨਹੀਂ ਹੁੰਦਾ ਅਤੇ ਨਾਮ ਸਿਮਰਨ ਤੋਂ ਬਿਨਾ ਭਰਮ ਨਹੀਂ ਜਾਂਦਾ।ਹੇ ਭਾਈ! ਸਤਿਗੁਰੂ ਨੂੰ ਸੇਵੇ ਤਾਂ (ਆਤਮਕ) ਸੁਖ ਪਾਈਦਾ ਹੈ ਅਤੇ (ਸਤਿਗੁਰੂ ਦੀ ਸੇਵਾ ਕਰਨ ਨਾਲ) ਆਉਣਾ ਜਾਣਾ (ਜਨਮ ਮਰਨ) ਮੁੱਕ ਜਾਂਦਾ ਹੈ।੩।ਹੇ ਭਾਈ! ਸੱਚਾ ਆਤਮ ਗਿਆਨ (ਦਾ ਕੁਦਰਤੀ ਜੀਵਨ) ਗੁਰੂ ਤੋਂ ਪੈਦਾ ਹੁੰਦਾ ਹੈ ਅਤੇ ਮਨ ਨਿਰਮਲ ਹੋ ਕੇ ਸੱਚ ਸਰੂਪ ਪ੍ਰਭੂ ਵਿਚ ਸਮਾ ਜਾਂਦਾ ਹੈ। ਹੇ ਭਾਈ! (ਜਿਹੜਾ ਮਨੁੱਖ) ਗੁਰੂ ਦੀ ਸੇਵਾ ਭਗਤੀ ਕਰਦਾ ਹੈ, ਉਹ (ਆਤਮ ਗਿਆਨ ਨੂੰ) ਸਮਝਦਾ ਹੈ, ਗੁਰੂ ਤੋਂ ਬਿਨਾ (ਪ੍ਰਭੂ ਪ੍ਰਾਪਤੀ ਦਾ) ਰਸਤਾ ਪ੍ਰਾਪਤ ਨਹੀਂ ਹੋ ਸਕਦਾ।ਹੇ ਭਾਈ! ਜਿਸ (ਮਨੁੱਖ ਦੇ ਮਨ ਦੇ) ਅੰਦਰ ਲੋਭ ਹੈ, ਉਹ ਕੀ ਕਰਮ ਕਰਦਾ ਹੈ? (ਉਸ ਦੇ ਕੀਤੇ ਧਰਮ ਕਰਮ ਬਿਅਰਥ ਹਨ, ਉਹ ਮਾਇਆ ਵਾਸਤੇ) ਝੂਠ ਬੋਲ ਕੇ ਜਹਿਰ ਹੀ ਖਾਂਦਾ ਹੈ।੪।

ਪਦਾਰਥ = ਤਿਤੁਕੀ–ਤਿੰਨ ਤਿੰਨ ਤੁਕਾਂ ਦੇ ਪਦਾਂ ਵਾਲੀ ਅਸ਼ਟਪਦੀ। ਆਸਾ–ਕੁਛ ਪ੍ਰਾਪਤੀ ਦੀ ਇੱਛਾ। ਮਨਸਾ–ਸੰਕਲਪ ਬਿਰਤੀ (ਫੁਰਨੇ)। ਬੰਧਨੀ–ਬੰਧਨ ਪਾਉਣ ਵਾਲੇ ਹਨ। ਭਾਈ–ਹੇ ਭਾਈ!। ਕਰਮ ਧਰਮ–ਧਾਰਮਕ ਕਰਮ। ਬੰਧਕਾਰ–ਬੰਨ੍ਹਣ ਵਾਲੇ ਹਨ। ਜਗੁ–ਜਗਤ। ਜਾਇਆ–ਜੰਮਦਾ ਰਹਿੰਦਾ ਹੈ। ਵਿਸਾਰੀ–ਭੁਲਾ ਕੇ। ਜਗਿ–ਜਗਤ ਵਿਚ। ਮੋਹਣੀ–ਮੋਹ ਲੈਣ ਵਾਲੀ। ਵੇਕਾਰੀ–ਬਿਅਰਥ; ਵਿਸ਼ੇ ਵਿਕਾਰ।੧। ਕਰਮਾ ਕਾਰੀ–ਕਰਮ ਕਰਨ ਵਾਲਾ। ਜਿਤੁ–ਜਿਸ। ਊਪਜੈ–ਪੈਦਾ ਹੁੰਦਾ ਹੈ। ਆਤਮ ਤਤੁ–ਆਤਮਾ ਦੀ ਅਸਲੀਅਤ ਨੂੰ। ਸੁ–ਉਹ। ਬੀਚਾਰੀ–ਵਿਚਾਰਨ ਵਾਲਾ ਹੈ। ਰਹਾਉ। ਬਕੈ ਖੜੋ–ਖਲੋ (ਟਿਕ ਟਿਕ ਕੇ ਵਿਸਰਾਮ ਦੇ) ਕੇ ਉਚਾਰਦਾ ਹੈਂ। ਕਰਹੁ–ਤੂੰ ਕਰਦਾ ਹੈਂ। ਸੰਸਾਰੀ–ਸੰਸਾਰੀ ਲੋਕਾਂ ਵਾਲੇ। ਪਾਖੰਡਿ–ਪਖੰਡ ਨਾਲ। ਨ ਚੂਕਈ–ਦੂਰ ਨਹੀਂ ਹੁੰਦੀ। ਅੰਤਰਿ–ਮਨ ਦੇ ਅੰਦਰ। ਵਿਕਾਰੀ–ਵਿਸ਼ੇ ਵਿਕਾਰਾਂ ਦੀ। ਇਨਿ ਬਿਧਿ–ਇਸੇ ਤਰ੍ਹਾਂ। ਮਾਕੁਰੀ–ਮੱਕੜੀ। ਡੂਬੀ–ਬਰਬਾਦ ਹੋ (ਮਰ) ਜਾਂਦੀ ਹੈ। ਊਂਡੀ–ਉਲਟੀ ਹੋਈ। ਸਿਰ ਕੈ ਭਾਰੀ–ਸਿਰ ਭਾਰ ਹੋ ਕੇ।੨। ਦੁਰਮਤਿ–ਭੈੜੀ ਮੱਤ ਨਾਲ। ਘਣੀ–ਬਹੁਤ (ਦੁਨੀਆਂ)। ਵਿਗੂਤੀ–ਖੁਆਰ ਹੋਈ ਹੈ। ਦੂਜੈ ਭਾਇ–ਦ੍ਵੈਤ ਭਾਵ ਨਾਲ। ਖੁਆਈ–ਖੁੰਝ (ਕੁਰਾਹੇ ਪੈ) ਗਈ। ਭਰਮੁ–(ਮਨ ਦੀ) ਭਟਕਣਾ; ਅਗਿਆਨ। ਤਾ–ਤਾਂ; ਤਦ। ਆਵਣੁ ਜਾਣ–ਆਵਾਗਵਨ (ਜਨਮ ਮਰਨ ਦਾ) ਗੇੜ। ਰਹਾਈ–ਰਹਿ (ਮੁੱਕ) ਜਾਂਦਾ ਹੈ।੩। ਸਾਚੁ ਸਹਜੁ–ਸੱਚਾ ਆਤਮਕ ਗਿਆਨ (ਦਾ ਕੁਦਰਤੀ ਜੀਵਨ)। ਊਪਜੈ–ਪੈਦਾ ਹੁੰਦਾ ਹੈ। ਨਿਰਮਲੁ–ਪਵਿਤ੍ਰ। ਸਾਚਿ ਸਮਾਈ–ਸੱਚੇ ਪ੍ਰਭੂ ਵਿਚ ਮਿਲ ਜਾਂਦਾ ਹੈ। ਸੋ–ਉਹ। ਮਗੁ–ਰਸਤਾ। ਲੋਭੁ–(ਮਾਇਆ; ਪਦਾਰਥਾਂ ਦਾ) ਲਾਲਚ। ਕਿ–ਕੀ; ਕਿਹੜੇ। ਕਰਮ ਕਮਾਵੈ–ਕਰਮ ਕਰਦਾ ਹੈ। ਬਿਖੁ ਖਾਈ–ਜਹਿਰ ਖਾਂਦਾ ਹੈ।੪।

ਪੰਡਿਤ ਦਹੀ ਵਿਲੋਈਐ ਭਾਈ, ਵਿਚਹੁ ਨਿਕਲੈ ਤਥੁ ॥ ਜਲੁ ਮਥੀਐ ਜਲੁ ਦੇਖੀਐ ਭਾਈ, ਇਹੁ ਜਗੁ ਏਹਾ ਵਥੁ ॥ ਗੁਰ ਬਿਨੁ ਭਰਮਿ ਵਿਗੂਚੀਐ ਭਾਈ, ਘਟਿ ਘਟਿ ਦੇਉ ਅਲਖੁ ॥੫॥ ਇਹੁ ਜਗੁ ਤਾਗੋ ਸੂਤ ਕੋ ਭਾਈ, ਦਹ ਦਿਸ ਬਾਧੋ ਮਾਇ ॥ ਬਿਨੁ ਗੁਰ ਗਾਠਿ ਨ ਛੂਟਈ ਭਾਈ, ਥਾਕੇ ਕਰਮ ਕਮਾਇ ॥ ਇਹੁ ਜਗੁ ਭਰਮਿ ਭੁਲਾਇਆ ਭਾਈ, ਕਹਣਾ ਕਿਛੂ ਨ ਜਾਇ ॥੬॥ ਗੁਰ ਮਿਲਿਐ ਭਉ ਮਨਿ ਵਸੈ ਭਾਈ, ਭੈ ਮਰਣਾ ਸਚੁ ਲੇਖੁ ॥ ਹੇ ਭਾਈ ਪੰਡਤ! ਜੇ ਦਹੀਂ ਰਿੜਕੀਏ, (ਤਾਂ ਉਸ) ਵਿਚੋਂ ਮੱਖਣ ਨਿਕਲਦਾ ਹੈ। ਹੇ ਭਾਈ! ਜੇ ਜਲ ਨੂੰ ਰਿੜਕੀਏ, ਜਲ ਹੀ ਦੇਖੀਦਾ ਹੈ, ਇਹ ਜਗਤ ਵੀ ਇਹੋ ਜਿਹੀ ਹੀ ਵਸਤੂ ਹੈ (ਜਗਤ ਦਾ ਸੁਖ ਪਾਣੀ ਦੀ ਝੱਗ ਵਾਂਗ ਖਿਨ ਮਾਤ੍ਰ ਦਾ ਹੈ। ਭਾਵੇਂ ਉਹ) ਨਾ ਸਮਝ ਆਉਣ ਵਾਲਾ ਪ੍ਰਭੂ ਹਰੇਕ ਜੀਵ ਦੇ ਹਿਰਦੇ ਵਿਚ ਹੈ, (ਪਰ) ਹੇ ਭਾਈ! ਗੁਰੂ ਦੀ ਸ਼ਰਣ ਵਿਚ ਪਏ ਬਿਨਾ ਭਰਮ ਵਿਚ ਖੁਆਰ ਹੋਈਦਾ ਹੈ।੫। ਹੇ ਭਾਈ! ਇਹ ਜਗਤ ਸੂਤ ਦੇ ਧਾਗੇ ਵਾਂਗ ਹੈ, ਜਿਸ ਨੂੰ ਦਸਾਂ ਦਿਸ਼ਾਵਾਂ ਤੋਂ ਮਾਇਆ ਨੇ ਬੰਨ੍ਹ ਰੱਖਿਆ ਹੈ (ਜਗਤ ਸੂਤ ਦੇ ਕੱਚੇ ਧਾਗੇ ਵਾਂਗ ਨਾਸ਼ਵੰਤ ਹੈ, ਇਸ ਨੂੰ ਸਭ ਪਾਸਿਓਂ ਮੋਹ ਮਾਇਆ ਦੀ ਪਾਣ ਚੜ੍ਹੀ ਹੋਈ ਹੈ)। ਹੇ ਭਾਈ! ਗੁਰੂ ਤੋਂ ਬਿਨਾ (ਮਾਇਆ ਦੇ ਮੋਹ ਦੀਆਂ) ਗੰਢਾਂ ਨਹੀਂ ਖੁਲ੍ਹਦੀਆਂ, (ਲੋਕ ਪੰਡਤਾਂ ਦੇ ਦੱਸੇ ਰਸਮੀ ਧਾਰਮਕ) ਕਰਮ ਕਰ ਕਰਕੇ ਥਕ ਚੁੱਕੇ ਹਨ। ਹੇ ਭਾਈ! ਇਸ ਜਗਤ ਨੂੰ (ਮਾਇਆ ਨੇ) ਭਰਮ ਵਿਚ ਪਾ ਕੇ ਭੁਲਾਇਆ ਹੋਇਆ ਹੈ, (ਇਸ ਵਾਰੇ) ਕੁਛ ਕਿਹਾ ਨਹੀਂ ਜਾ ਸਕਦਾ (ਅਕਹਿ ਹਾਲਤ ਹੈ)।੬। ਹੇ ਭਾਈ! ਗੁਰੂ ਦੇ ਮਿਲਣ ਨਾਲ ਪ੍ਰਭੂ ਦਾ ਭੈ ਮਨ ਵਿਚ ਵਸਦਾ ਹੈ, (ਇਸ) ਭੈ ਦੁਆਰਾ ਆਪਾ ਭਾਵ ਦਾ ਮਰਨਾ ਹੀ ਸੱਚਾ ਲੇਖ ਹੈ (ਚੰਗੇ ਭਾਗ ਹਨ)।

ਅੰਗ ੬੩੬ = ਮਜਨੁ ਦਾਨੁ ਚੰਗਿਆਈਆ ਭਾਈ, ਦਰਗਹ ਨਾਮੁ ਵਿਸੇਖੁ ॥ ਗੁਰੁ ਅੰਕਸੁ ਜਿਨਿ ਨਾਮੁ ਦ੍ਰਿੜਾਇਆ ਭਾਈ, ਮਨਿ ਵਸਿਆ ਚੂਕਾ ਭੇਖੁ ॥੭॥ ਇਹੁ ਤਨੁ ਹਾਟੁ ਸਰਾਫ ਕੋ ਭਾਈ, ਵਖਰੁ ਨਾਮੁ ਅਪਾਰੁ ॥ ਇਹੁ ਵਖਰੁ ਵਾਪਾਰੀ ਸੋ ਦ੍ਰਿੜੈ ਭਾਈ, ਗੁਰ ਸਬਦਿ ਕਰੇ ਵੀਚਾਰੁ ॥ ਧਨੁ ਵਾਪਾਰੀ ਨਾਨਕਾ ਭਾਈ, ਮੇਲਿ ਕਰੇ ਵਾਪਾਰੁ ॥੮॥੨॥ ਹੇ ਭਾਈ! ਤੀਰਥ ਇਸ਼ਨਾਨ, ਦਾਨ ਤੇ ਨੇਕ ਕਰਮਾਂ ਨਾਲੋਂ ਹਰੀ ਦੀ ਦਰਗਾਹ ਵਿਚ ਨਾਮ ਨੂੰ ਹੀ ਵਿਸ਼ੇਸ਼ਤਾ ਮਿਲਦੀ ਹੈ। ਹੇ ਭਾਈ! ਗੁਰੂ (ਦਾ ਉਪਦੇਸ਼ ਮਨ ਰੂਪ ਹਾਥੀ ਨੂੰ ਸਿੱਧੇ ਰਸਤੇ ਤੋਰਨ ਵਾਲਾ) ਕੁੰਡਾ ਹੈ, ਜਿਸ (ਗੁਰੂ) ਨੇ ਨਾਮ ਨੂੰ ਦ੍ਰਿੜ ਕਰਾਇਆ ਹੈ, (ਜਦ ਨਾਮ) ਮਨ ਵਿਚ ਵਸਿਆ ਤਾਂ ਪਖੰਡ ਦੂਰ ਹੋ ਗਿਆ।੭। ਹੇ ਭਾਈ! ਇਹ ਮਨੁੱਖਾ ਸਰੀਰ ਸਰਾਫ ਦੀ ਦੁਕਾਨ ਹੈ, (ਇਸ ਵਿਚ) ਬੇਅੰਤ ਪ੍ਰਭੂ ਦਾ ਨਾਮ ਰੂਪ ਸੌਦਾ ਹੈ। ਹੇ ਭਾਈ! ਇਹ ਨਾਮ ਰੂਪ ਸੌਦਾ ਉਹ ਵਪਾਰੀ (ਮਨੁੱਖ ਅਪਣੇ ਸਰੀਰ ਰੂਪ ਹੱਟ ਵਿਚ) ਦ੍ਰਿੜ ਕਰਦਾ (ਮਜਬੂਤੀ ਨਾਲ ਟਿਕਾਈ ਰਖਦਾ) ਹੈ, ਜੋ ਗੁਰੂ ਦੇ ਸ਼ਬਦ ਦੁਆਰਾ ਵਿਚਾਰ ਕਰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਭਾਈ! ਉਹ ਵਪਾਰੀ (ਮਨੁੱਖ) ਸ਼ਲਾਘਾ ਯੋਗ ਹੈ, ਜੋ ਗੁਰੂ ਨਾਲ ਮੇਲ ਕਰਕੇ (ਨਾਮ ਦਾ) ਵਪਾਰ ਕਰਦਾ ਹੈ (ਆਪ ਜਪਦਾ ਹੈ ਤੇ ਹੋਰਨਾਂ ਨੂੰ ਵੀ ਜਪਾਉਂਦਾ ਹੈ)।੮।੨।

ਪਦਾਰਥ = ਵਿਲੋਈਐ–ਜੇ ਰਿੜਕੀਏ। ਤਥੁ–ਅਸਲ ਚੀਜ (ਮੱਖਣ)। ਮਥੀਐ–ਜੇ ਰਿੜਕੀਏ। ਦੇਖੀਐ–ਦੇਖੀਦਾ ਹੈ। ਏਹਾ–ਇਹੋ ਜਿਹਾ। ਵਥੁ–ਵਸਤੂ। ਭਰਮਿ–ਭਰਮ ਵਿਚ। ਵਿਗੂਚੀਐ–ਖੁਆਰ ਹੋਈਦਾ ਹੈ। ਘਟਿ ਘਟਿ–ਹਰੇਕ ਜੀਵ ਦੇ ਹਿਰਦੇ ਵਿਚ। ਦੇਉ–ਪ੍ਰਕਾਸ਼ ਸਰੂਪ ਪ੍ਰਭੂ। ਅਲਖੁ–ਜਿਸ ਦੇ ਸਰੂਪ ਨੂੰ ਸਮਝਿਆ ਨਹੀਂ ਜਾ ਸਕਦਾ; ਅਦ੍ਰਿਸਟ।੫। ਤਾਗੋ–ਧਾਗਾ। ਕੋ–ਦਾ। ਦਹ ਦਿਸ–ਸਾਰੇ

ਪਾਸਿਓਂ; ਦਸੇ ਦਿਸ਼ਾਂਵਾਂ ਤੋਂ।ਬਾਧੋ–ਬੰਨ੍ਹ ਰਖਿਆ ਹੈ।ਮਾਇ–ਮਾਇਆ ਨੇ।ਗਾਠਿ–ਗੰਢ।ਨ ਛੂਟਈ–ਨਹੀਂ ਛੁਟਦੀ (ਖੁਲ੍ਹਦੀਆਂ)। ਥਾਕੇ–ਥੱਕ (ਹਾਰ) ਗਏ।ਕਰਮ ਕਮਾਇ–ਕਰਮ ਕਰਕੇ।੬।ਭਉ–ਪ੍ਰਭੂ ਦਾ ਡਰ।ਮਨਿ–ਮਨ ਵਿਚ।ਮਰਣਾ–ਆਪਾ ਭਾਵ ਤੋਂ ਮਰਨਾ ।ਲੇਖੁ–ਭਾਗ; ਕਿਸਮਤ।ਮਜਨੁ–(ਤੀਰਥ) ਇਸ਼ਨਾਨ।ਵਿਸੇਖੁ–ਵਿਸ਼ੇਸ਼ਤਾ; ਉਤਮ।ਅੰਕਸੁ–ਹਾਥੀ ਨੂੰ ਤੋਰਨ ਵਾਲਾ ਕੁੰਡਾ।ਜਿਨਿ– ਜਿਸ ਨੇ।ਚੂਕਾ–ਦੂਰ ਹੋ ਗਿਆ।ਭੇਖੁ–ਦਿਖਾਵੇ ਵਾਲਾ ਧਾਰਮਕ ਪਹਿਰਾਵਾ।੭।ਤਨੁ–ਸਰੀਰ।ਹਾਟੁ–ਹੱਟ (ਦੁਕਾਨ)।ਸਰਾਫ–ਸ਼ਾਹ। ਵਖਰੁ–ਸੌਦਾ।ਅਪਾਰੁ–ਬੇਅੰਤ; ਨਾ ਮੁੱਕਣ ਵਾਲਾ।ਸੋ–ਉਹ।ਧਨੁ–ਸ਼ਲਾਘਾ ਯੋਗ।ਮੇਲਿ–ਮੇਲ ਕਰਕੇ; ਸੰਗਤ ਵਿਚ।੮।੨।

ਸੋਰਠਿ ਮਹਲਾ ੧ ॥ ਜਿਨੀ ਸਤਿਗੁਰੁ ਸੇਵਿਆ ਪਿਆਰੇ, ਤਿਨ੍ ਕੇ ਸਾਥ ਤਰੇ ॥ ਤਿਨ੍ਾ ਠਾਕ ਨ ਪਾਈਆ ਪਿਆਰੇ, ਅੰਮ੍ਰਿਤ ਰਸਨ ਹਰੇ ॥ ਬੂਡੇ ਭਾਰੇ ਭੈ ਬਿਨਾ ਪਿਆਰੇ, ਤਾਰੇ ਨਦਰਿ ਕਰੇ ॥੧॥ ਭੀ ਤੂਹੈ ਸਾਲਾਹਣਾ ਪਿਆਰੇ, ਭੀ ਤੇਰੀ ਸਾਲਾਹ ॥ ਵਿਣੁ ਬੋਹਿਥ ਭੈ ਡੁਬੀਐ ਪਿਅਰੇ, ਕੰਧੀ ਪਾਇ ਕਹਾਹ ॥੧॥ਰਹਾਉ॥ ਸਾਲਾਹੀ ਸਾਲਾਹਣਾ ਪਿਆਰੇ, ਦੂਜਾ ਅਵਰੁ ਨ ਕੋਇ ॥ ਮੇਰੇ ਪ੍ਰਭ ਸਾਲਾਹਨਿ ਸੇ ਭਲੇ ਪਿਆਰੇ, ਸਬਦਿ ਰਤੇ ਰੰਗੁ ਹੋਇ ॥ ਤਿਸ ਕੀ ਸੰਗਤਿ ਜੇ ਮਿਲੈ ਪਿਆਰੇ, ਰਸੁ ਲੈ ਤਤੁ ਵਿਲੋਇ ॥੨॥ ਪਤਿ ਪਰਵਾਨਾ ਸਾਚ ਕਾ ਪਿਆਰੇ, ਨਾਮੁ ਸਚਾ ਨੀਸਾਣੁ ॥ ਆਇਆ ਲਿਖਿ ਲੈ ਜਾਵਣਾ ਪਿਆਰੇ, ਹੁਕਮੀ ਹੁਕਮੁ ਪਛਾਣੁ ॥ ਗੁਰ ਬਿਨੁ ਹੁਕਮੁ ਨ ਬੂਝੀਐ ਪਿਆਰੇ, ਸਾਚੇ ਸਾਚਾ ਤਾਣੁ ॥੩॥ ਹੁਕਮੈ ਅੰਦਰਿ ਨਿੰਮਿਆ ਪਿਆਰੇ, ਹੁਕਮੈ ਉਦਰ ਮਝਾਰਿ ॥ ਹੁਕਮੈ ਅੰਦਰਿ ਜੰਮਿਆ ਪਿਆਰੇ, ਊਧਉ ਸਿਰ ਕੈ ਭਾਰਿ ॥ ਗੁਰਮੁਖਿ ਦਰਗਹ ਜਾਣੀਐ ਪਿਆਰੇ, ਚਲੈ ਕਾਰਜ ਸਾਰਿ ॥੪॥ ਹੇ ਪਿਆਰੇ! ਜਿਨ੍ਹਾਂ ਪੁਰਖਾਂ ਨੇ ਸਤਿਗੁਰੂ ਨੂੰ ਸੇਵਿਆ ਹੈ, ਤਿਨ੍ਹਾਂ ਦੇ ਸਾਥ (ਸੰਗ ਵਿਚ ਸ਼ਾਮਲ ਸਾਰੇ ਲੋਕ ਭਵਜਲ ਤੋਂ) ਤਰ ਗਏ ਹਨ।ਹੇ ਪਿਆਰੇ! (ਜੋ ਮਨੁੱਖ) ਰਸਨਾ ਨਾਲ ਹਰੀ ਦਾ ਅੰਮ੍ਰਿਤ ਨਾਮ ਜਪਦੇ ਹਨ, ਉਨ੍ਹਾਂ ਨੂੰ (ਪ੍ਰਲੋਕ ਵਿਚ ਕੋਈ) ਰੋਕ ਨਹੀਂ ਪਾਉਂਦਾ।(ਜੋ ਮਨੁੱਖ ਹਰੀ ਦੇ) ਭੈ ਤੋਂ ਬਿਨਾ (ਪਾਪਾਂ ਕਰਕੇ) ਭਾਰੇ ਹੋਏ ਹੋਏ ਸਨ, (ਉਹ ਭਵਜਲ ਵਿਚ) ਡੁਬ ਗਏ, (ਜੇ ਹਰੀ ਉਨ੍ਹਾਂ ਉਤੇ ਵੀ) ਮੇਹਰ ਦੀ ਨਜਰ ਕਰ ਦੇਵੇ (ਤਾਂ ਉਨ੍ਹਾਂ ਨੂੰ ਵੀ) ਤਾਰ ਦੇਂਦਾ ਹੈ (ਸ਼ਬਦਾਰਥ; ਦਰਪਣ); (ਪਰ ਜਿਨ੍ਹਾਂ ਉਤੇ ਹਰੀ) ਮੇਹਰ ਦੀ ਨਜਰ ਕਰਦਾ ਹੈ, (ਉਨ੍ਹਾਂ ਨੂੰ) ਤਾਰ ਦੇਂਦਾ ਹੈ (ਸੰ.ਸ.)।੧।ਹੇ ਪਿਆਰੇ ਪ੍ਰਭੂ! ਫੇਰ ਵੀ (ਹਰ ਹਾਲਤ ਵਿਚ) ਤੈਨੂੰ ਹੀ ਸਲਾਹੁਣਾ ਚਾਹੀਦਾ ਹੈ ਅਤੇ ਤੇਰੀ ਹੀ ਸਿਫਤ ਸਲਾਹ ਕਰਨੀ ਚਾਹੀਦੀ ਹੈ।(ਹਰੀ ਦੀ ਸਿਫਤ ਸਲਾਹ ਭਵਜਲ ਤੋਂ ਪਾਰ ਹੋਣ ਲਈ ਜਹਾਜ ਹੈ, ਇਸ) ਜਹਾਜ ਤੋਂ ਬਿਨਾ ਡਰਾਉਣੇ ਸਮੁੰਦਰ ਵਿਚ ਡੁਬ ਜਾਈਦਾ ਹੈ, ਕੰਢੇ ਤੇ ਲਗਣ ਲਈ (ਲੋਕਾਂ ਦਾ) ਰੌਲਾ ਪੈਂਦਾ ਹੈ; (ਜੀਵ) ਪਾਰਲਾ ਕੰਢਾ ਕਿਵੇਂ ਪ੍ਰਾਪਤ ਕਰਨ (ਜਹਾਜ ਤੋਂ ਬਿਨਾ ਪਾਰ ਨਹੀਂ ਹੋ ਸਕਦੇ)।੧।ਰਹਾਉ।ਹੇ ਪਿਆਰੇ! ਸਲਾਹੁਣ ਯੋਗ ਹਰੀ ਨੂੰ ਸਲਾਹੁਣਾ ਚਾਹੀਦਾ ਹੈ, (ਕਿਉਂਕਿ ਹਰੀ ਤੋਂ ਬਿਨਾ) ਦੂਜਾ ਹੋਰ ਕੋਈ (ਸਲਾਹੁਣ ਯੋਗ) ਨਹੀਂ ਹੈ।ਹੇ ਪਿਆਰੇ! (ਜੋ ਪੁਰਖ) ਮੇਰੇ ਪ੍ਰਭੂ ਦੀ ਸਿਫਤ ਸਲਾਹ ਕਰਦੇ ਹਨ, ਉਹ ਭਲੇ ਹਨ, ਸ਼ਬਦ ਵਿਚ ਰੰਗੇ ਹੋਏ ਹੋਣ ਕਰਕੇ (ਉਨ੍ਹਾਂ ਨੂੰ) ਅਨੰਦ ਪ੍ਰਾਪਤ ਹੁੰਦਾ ਹੈ।ਹੇ ਪਿਆਰੇ! ਜੇ (ਹਰੀ ਨੂੰ ਸਲਾਹੁਣ ਵਾਲੇ) ਉਸ ਪੁਰਖ ਦੀ ਸੰਗਤ ਮਿਲ ਜਾਵੇ, ਤਾਂ ਨਾਮ ਰਸ ਲੈ ਕੇ ਤੱਤ ਸਰੂਪ ਹਰੀ ਨੂੰ ਦੇਖ ਲਈਦਾ ਹੈ (ਟਕਸਾਲ)।੨।ਹੇ ਪਿਆਰੇ! ਸੱਚੇ ਪ੍ਰਭੂ ਦਾ ਨਾਮ (ਇਸ ਲੋਕ ਵਿਚ ਵੀ) ਇੱਜਤ ਦੇਣ ਵਾਲਾ ਪ੍ਰਵਾਨਾ ਹੈ ਅਤੇ ਸੱਚਾ ਨਾਮ (ਹਰੀ ਦੇ ਦਰਬਾਰ ਵਿਚ ਪਹੁੰਚਣ ਦਾ ਵੀ) ਪ੍ਰਵਾਨਾ ਹੈ।ਹੇ ਪਿਆਰੇ! ਹੁਕਮ ਕਰਨ ਵਾਲੇ ਹਰੀ ਦਾ ਹੁਕਮ ਪਛਾਣ ਲੈ, (ਜੋ ਜੀਵ) ਜਗਤ ਵਿਚ ਆਇਆ ਹੈ, (ਉਸ ਨੇ ਇਹੋ ਜਿਹਾ) ਸੱਚਾ ਪ੍ਰਵਾਨਾ ਲਿਖ ਕੇ ਲੈ ਜਾਣਾ ਹੁੰਦਾ ਹੈ।(ਪਰ) ਗੁਰੂ ਦੀ ਸ਼ਰਨ ਵਿਚ ਪਏ ਬਿਨਾ ਹਰੀ ਦੇ ਹੁਕਮ ਨੂੰ ਸਮਝਿਆ ਨਹੀਂ ਜਾ ਸਕਦਾ, ਸੱਚੇ ਹਰੀ ਦਾ ਸੱਚਾ ਬਲ ਹੈ।੩।ਹੇ ਪਿਆਰੇ! ਹਰੀ ਦੇ ਹੁਕਮ ਨਾਲ ਹੀ ਜੀਵ ਬਣਿਆ ਹੈ ਅਤੇ (ਉਸ ਦੇ) ਹੁਕਮ ਨਾਲ ਹੀ ਮਾਤਾ ਦੇ ਗਰਭ ਵਿਚ (ਬੱਚਾ) ਨਿਵਾਸ ਕਰਦਾ ਹੈ।ਹੇ ਪਿਆਰੇ! (ਹਰੀ ਦੇ) ਹੁਕਮ ਨਾਲ ਹੀ ਪੁੱਠਾ ਸਿਰ ਦੇ ਭਾਰ ਹੋ ਕੇ ਜੰਮਿਆ ਹੈ।(ਸਾਰੇ ਮਨੁੱਖਾਂ ਵਿਚੋਂ) ਗੁਰਮੁਖ ਨੂੰ ਹਰੀ ਦੀ ਦਰਗਾਹ ਵਿਚ (ਉਤਮ) ਜਾਣੀਦਾ ਹੈ, (ਜੋ ਅਪਣੇ ਜਨਮ ਦਾ) ਮਨੋਰਥ ਸਵਾਰ ਕੇ (ਪ੍ਰਲੋਕ ਨੂੰ) ਚਲੇ ਜਾਂਦਾ ਹੈ (ਜਿਸ ਕਾਰਜ ਵਾਸਤੇ ਜਗਤ ਵਿਚ ਆਇਆ ਸੀ)।੪।

ਪਦਾਰਥ = ਜਿਨੀ–ਜਿਨ੍ਹਾਂ ਨੇ।ਪਿਆਰੇ–ਹੇ ਪਿਆਰੇ!।ਤਿਨ ਕੇ–ਉਨ੍ਹਾਂ ਦੇ।ਸਾਥ–ਸੰਗੀ ਸਾਥੀ; ਨਾਲ ਦੇ ਸਾਰੇ ਲੋਕ।ਤਰੇ–ਤਰ ਗਏ।ਠਾਕ–ਰੋਕ।ਰਸਨ–ਜੀਭ।ਅੰਮ੍ਰਿਤ ਹਰੇ–ਹਰੀ ਦਾ ਅੰਮ੍ਰਿਤ ਨਾਮ।ਬੂਡੇ–ਡੁਬ ਗਏ।ਭਾਰੇ–ਪਾਪਾਂ ਕਰਕੇ ਭਾਰੇ ਹੋਏ ਹੋਏ। ਤਾਰੇ–ਤਾਰ ਦੇਂਦਾ ਹੈ।ਨਦਰਿ–ਮੇਹਰ ਦੀ ਨਜਰ।੧।ਭੀ–ਫੇਰ ਵੀ।ਤੂਹੈ–ਤੈਨੂੰ।ਸਾਲਾਹ–ਸਿਫਤ ਸਲਾਹ।ਵਿਣੁ ਬੋਹਿਥ–ਜਹਾਜ ਤੋਂ ਬਿਨਾ।ਭੈ–ਭਵ ਸਾਗਰ; ਡਰਾਉਣਾ ਸਮੁੰਦਰ।ਕੰਧੀ–ਕੰਢਾ।ਪਾਇ ਕਹਾਹ–ਰੌਲਾ ਪੈਂਦਾ ਹੈ; ਕਿਵੇਂ।੧।ਰਹਾਉ।ਸਾਲਾਹੀ–ਸਲਾਹੁਣ ਯੋਗ।ਸਾਲਾਹਣਾ–ਸਲਾਹੁਣਾ ਚਾਹੀਦਾ ਹੈ।ਅਵਰੁ–ਹੋਰ।ਸੇ–ਉਹ।ਭਲੇ–ਚੰਗੇ।ਰਤੇ–ਰੰਗੇ ਹੋਏ।ਰੰਗੁ–ਅਨੰਦ; ਪ੍ਰੇਮ।ਤਤੁ–ਪ੍ਰਭੂ। ਵਿਲੋਇ–ਦੇਖ ਲਈਦਾ ਹੈ (ਟਕਸਾਲ); ਵਿਚਾਰ ਕੇ।੨।ਪਤਿ–ਇੱਜਤ।ਪਰਵਾਨਾ–ਰਾਹਦਾਰੀ; ਆਗਿਆ ਪੱਤਰ।ਸਾਚ ਕਾ–ਸੱਚੇ

ਨਾਮ ਦਾ। ਨੀਸਾਣੁ–ਚਿੰਨ੍ਹ; ਰਾਹਦਾਰੀ। ਹੁਕਮੀ ਹੁਕਮੁ–ਪ੍ਰਭੂ ਦੇ ਹੁਕਮ ਨੂੰ। ਤਾਣੁ–ਤਾਕਤ।੩। ਨਿੰਮਿਆ–(ਗਰਭ ਵਿਚ ਬੱਚੇ ਦੀ) ਰਚਨਾ (ਮਾਂ ਦੀ ਰਕਤ ਤੇ ਪਿਤਾ ਦੇ ਵੀਰਜ ਦਾ ਮੇਲ ਹੋਇਆ)। ਉਦਰ ਮਝਾਰਿ–ਗਰਭ ਵਿਚ। ਊਧਉ–ਪੁੱਠਾ; ਉਲਟਾ। ਸਿਰ ਕੈ ਭਾਰਿ–ਸਿਰ ਦੇ ਭਾਰ ਹੋ ਕੇ। ਕਾਰਜ–ਜਨਮ ਦਾ ਮਨੋਰਥ। ਸਾਰਿ–ਸਵਾਰ ਕੇ।੪।

ਹੁਕਮੈ ਅੰਦਰਿ ਆਇਆ ਪਿਆਰੇ, ਹੁਕਮੇ ਜਾਦੋ ਜਾਇ ॥ ਹੁਕਮੇ ਬੰਨ੍ਹਿ ਚਲਾਈਐ ਪਿਆਰੇ, ਮਨਮੁਖਿ ਲਹੈ ਸਜਾਇ ॥ ਹੁਕਮੇ ਸਬਦਿ ਪਛਾਣੀਐ ਪਿਆਰੇ, ਦਰਗਹ ਪੈਧਾ ਜਾਇ ॥੫॥ ਹੁਕਮੇ ਗਣਤ ਗਣਾਈਐ ਪਿਆਰੇ, ਹੁਕਮੇ ਹਉਮੈ ਦੋਇ ॥ ਹੁਕਮੇ ਭਵੈ ਭਵਾਈਐ ਪਿਆਰੇ, ਅਵਗੁਣਿ ਮੁਠੀ ਰੋਇ ॥ ਹੁਕਮੁ ਸਿਞਾਪੈ ਸਾਹ ਕਾ ਪਿਆਰੇ, ਸਚੁ ਮਿਲੈ ਵਡਿਆਈ ਹੋਇ ॥੬॥ ਆਖਣਿ ਅਉਖਾ ਆਖੀਐ ਪਿਆਰੇ, ਕਿਉ ਸੁਣੀਐ ਸਚੁ ਨਾਉ ॥ ਜਿਨੀ ਸੋ ਸਾਲਾਹਿਆ ਪਿਆਰੇ, ਹਉ ਤਿਨ ਬਲਿਹਾਰੈ ਜਾਉ ॥ ਨਾਉ ਮਿਲੈ ਸੰਤੋਖੀਆਂ ਪਿਆਰੇ, ਨਦਰੀ ਮੇਲਿ ਮਿਲਾਉ ॥੭॥ ਕਾਇਆ ਕਾਗਦੁ ਜੇ ਥੀਐ ਪਿਆਰੇ, ਮਨੁ ਮਸਵਾਣੀ ਧਾਰਿ ॥ ਲਲਤਾ ਲੇਖਣਿ ਸਚ ਕੀ ਪਿਆਰੇ, ਹਰਿ ਗੁਣ ਲਿਖਹੁ ਵੀਚਾਰਿ ॥ ਧਨੁ ਲੇਖਾਰੀ ਨਾਨਕਾ ਪਿਆਰੇ, ਸਾਚੁ ਲਿਖੈ ਉਰਿ ਧਾਰਿ ॥੮॥੩॥ ਹੇ ਪਿਆਰੇ! (ਜੀਵ ਸੰਸਾਰ ਵਿਚ ਹਰੀ ਦੇ) ਹੁਕਮ ਅੰਦਰ ਹੀ ਆਇਆ ਹੈ ਅਤੇ (ਅੰਤ ਵੇਲੇ ਉਸ ਦੇ) ਹੁਕਮ ਨਾਲ ਹੀ (ਪ੍ਰਲੋਕ ਨੂੰ) ਚਲਾ ਜਾਂਦਾ ਹੈ। ਹੇ ਪਿਆਰੇ! ਪ੍ਰਭੂ ਦੇ ਹੁਕਮ ਨਾਲ (ਜੀਵ ਨੂੰ) ਬੰਨ੍ਹ ਕੇ (ਜਮਲੋਕ ਨੂੰ) ਤੋਰਿਆ ਜਾਂਦਾ ਹੈ, ਮਨਮੁਖ (ਅੱਗੇ ਜਾ ਕੇ) ਸਜਾ ਪਾਉਂਦਾ ਹੈ। (ਮਨੁੱਖ ਹਰੀ ਦੇ) ਹੁਕਮ ਨਾਲ ਹੀ (ਗੁਰੂ ਦੇ) ਸ਼ਬਦ ਦੁਆਰਾ ਹਰੀ ਨੂੰ ਪਛਾਣਦਾ ਹੈ, (ਅਜੇਹੇ ਗੁਰਮੁਖ ਨੂੰ) ਦਰਗਾਹ ਵਿਚ ਸਿਰੋਪਾ ਪਹਿਨਾਇਆ ਜਾਂਦਾ ਹੈ।੫। ਹੇ ਪਿਆਰੇ! (ਮਨੁੱਖ ਹਰੀ ਦੇ) ਹੁਕਮ ਨਾਲ ਹੀ ਗਿਣਤੀਆਂ ਗਿਣਨ ਵਿਚ ਪੈ ਜਾਂਦਾ ਹੈ (ਕਿ ਮੈਂ ਆਹ ਕੰਮ ਕੀਤੇ, ਮੈਨੂੰ ਇਨ੍ਹਾਂ ਕੰਮਾਂ ਦਾ ਇਹ ਫਲ ਮਿਲਣਾ ਚਾਹੀਦਾ ਹੈ, ਉਸ ਦੇ) ਹੁਕਮ ਨਾਲ ਹੀ ਹਉਮੈ ਤੇ ਦ੍ਵੈਤ ਭਾਵ ਪੈਦਾ ਹੁੰਦੇ ਹਨ। ਹੇ ਪਿਆਰੇ! (ਹਰੀ ਦੇ) ਹੁਕਮ ਨਾਲ ਹੀ (ਮਨੁੱਖ ਕਰਮਾਂ ਦਾ ਬੱਧਾ) ਭਰਕਦਾ ਫਿਰਦਾ ਹੈ ਤੇ (ਜੋਨੀਆਂ ਵਿਚ) ਭਵਾਇਆ ਜਾਂਦਾ ਹੈ, ਅਵਗੁਣਾਂ ਵਿਚ ਠੱਗੀ ਹੋਈ ਦੁਨੀਆਂ ਰੋਂਦੀ (ਦੁਖੀ ਹੁੰਦੀ) ਹੈ। ਹੇ ਪਿਆਰੇ! ਜੇ (ਮਨੁੱਖ ਨੂੰ) ਮਾਲਕ ਪ੍ਰਭੂ ਦਾ ਹੁਕਮ ਸਮਝ ਆ ਜਾਵੇ ਤਾਂ (ਉਸ ਨੂੰ) ਸੱਚਾ ਪ੍ਰਭੂ ਮਿਲ ਪੈਂਦਾ ਹੈ ਤੇ (ਲੋਕ ਪ੍ਰਲੋਕ ਵਿਚ ਉਸ ਦੀ) ਵਡਿਆਈ ਹੁੰਦੀ ਹੈ।੬। ਹੇ ਪਿਆਰੇ (ਹਰੀ ਦਾ ਨਾਮ) ਆਖਣਾ (ਜਪਣਾ) ਔਖਾ ਕਹੀਦਾ ਹੈ ਅਤੇ ਸੱਚਾ ਨਾਮ ਸੁਣਿਆ ਵੀ ਕਿਵੇਂ ਜਾਵੇ (ਸੁਣਨਾ ਵੀ ਔਖਾ ਹੈ। ਪਰ) ਹੇ ਪਿਆਰੇ! ਜਿਨ੍ਹਾਂ ਪੁਰਖਾਂ ਨੇ ਉਸ ਹਰੀ ਦੀ ਸਿਫਤ ਸਲਾਹ ਕੀਤੀ ਹੈ, ਮੈਂ ਉਨ੍ਹਾਂ ਦੇ ਬਲਿਹਾਰ ਜਾਂਦਾ ਹਾਂ। ਹੇ ਪਿਆਰੇ! (ਜੇ ਹਰੀ ਦਾ) ਨਾਮ ਮਿਲ ਜਾਵੇ ਤਾਂ ਮੈਂ ਸੰਤੋਖ ਵਾਲਾ ਬਣ (ਰੱਜ) ਜਾਵਾਂ ਅਤੇ ਮੇਹਰ ਦੀ ਨਜਰ ਕਰਨ ਵਾਲਾ ਹਰੀ ਜੇ ਮੇਲ ਲਵੇ ਤਾਂ ਮੈਂ (ਉਸ ਨੂੰ) ਮਿਲ ਪਵਾਂ (ਸ਼ਬਦਾਰਥ); ਹਰੀ ਦਾ ਨਾਮ ਸੰਤੋਖ ਵਾਲੇ ਪੁਰਖਾਂ ਨੂੰ ਮਿਲਦਾ ਹੈ, ਮੇਹਰ ਦੀ ਨਜਰ ਕਰਨ ਵਾਲਾ ਹਰੀ (ਉਨ੍ਹਾਂ ਨੂੰ ਅਪਣੇ) ਮੇਲ ਵਿਚ ਮਿਲਾ ਲੈਂਦਾ ਹੈ (ਫ.ਸ.)।੭। ਹੇ ਪਿਆਰੇ! ਜੇ ਸਰੀਰ ਕਾਗਜ ਹੋ ਜਾਵੇ ਤੇ ਮਨ ਨੂੰ ਦਵਾਤ ਧਾਰ (ਸਮਝ) ਲਈਏ। ਹੇ ਪਿਆਰੇ! ਜੀਭ ਸੱਚ ਦੇ ਲਿਖਣ ਵਾਲੀ ਕਲਮ ਹੋਵੇ, ਫਿਰ ਹਰੀ ਦੇ ਗੁਣਾਂ ਨੂੰ ਵਿਚਾਰ ਕੇ ਲਿਖੋ। ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਪਿਆਰੇ! (ਉਹ) ਲਿਖਾਰੀ ਧੰਨਤਾ ਦੇ ਯੋਗ ਹੈ, ਜੋ ਮਨ ਵਿਚ ਟਿਕਾ ਕੇ ਸੱਚਾ ਨਾਮ ਲਿਖਦਾ ਹੈ।੮।੩।

ਪਦਾਰਥ = ਹੁਕਮੇ–ਹੁਕਮ ਨਾਲ। ਜਾਦੋ ਜਾਇ–ਚਲੇ ਜਾਂਦਾ ਹੈ। ਬੰਨਿ–ਬੰਨ੍ਹ ਕੇ। ਚਲਾਈਐ–ਤੋਰਿਆ ਜਾਂਦਾ ਹੈ। ਲਹੈ–ਪ੍ਰਾਪਤ ਕਰਦਾ ਹੈ। ਸਬਦਿ–ਸ਼ਬਦ ਦੁਆਰਾ। ਪੈਧਾ ਜਾਇ–ਸਿਰੋਪਾ ਪਹਿਨਾਇਆ ਜਾਂਦਾ (ਆਦਰ ਮਿਲਦਾ) ਹੈ।੫। ਗਣਤ ਗਣਾਈਐ–ਗਿਣਤੀਆਂ ਗਿਣਦਾ ਹੈ। ਦੋਇ–ਦ੍ਵੈਤ ਭਾਵ (ਮੇਰ ਤੇਰ)। ਭਵੈ–ਭਟਕਦਾ ਫਿਰਦਾ ਹੈ। ਭਵਾਈਐ–(ਜੂਨਾਂ ਵਿਚ) ਫਿਰਾਇਆ ਜਾਂਦਾ ਹੈ। ਅਵਗੁਣਿ–ਅਵਗੁਣਾਂ ਵਿਚ। ਮੁਠੀ–ਠੱਗੀ ਹੋਈ। ਰੋਇ–(ਦੁਨੀਆਂ) ਰੋਂਦੀ ਹੈ।੬। ਸਿਞਾਪੈ–ਜੇ ਪਛਾਣ ਲਵੇ; ਸਮਝ ਆ ਜਾਵੇ। ਸਾਹ ਕਾ–ਮਾਲਕ ਪ੍ਰਭੂ ਦਾ। ਸਚੁ–ਸੱਚਾ ਪ੍ਰਭੂ।੬। ਆਖਣਿ–ਆਖਣਾ (ਜਪਣਾ)। ਆਖੀਐ–ਕਹੀਦਾ ਹੈ। ਜਿਨੀ–ਜਿਨ੍ਹਾਂ ਨੇ। ਸੋ–ਉਸ। ਸਾਲਾਹਿਆ–ਸਿਫਤ ਸਲਾਹ ਕੀਤੀ ਹੈ। ਹਉ–ਮੈਂ। ਸੰਤੋਖੀਆਂ–ਸੰਤੋਖ ਵਾਲਾ। ਨਦਰੀ–ਮੇਹਰ ਦੀ ਨਜਰ ਕਰਨ ਵਾਲਾ ਹਰੀ। ਮੇਲਿ ਮਿਲਾਉ–ਮੇਲ ਲਵੇ ਤਾਂ ਮਿਲ ਪਵਾਂ; ਮੇਲ (ਸੰਗ) ਵਿਚ ਮਿਲਾ ਲੈਂਦਾ ਹੈ।੭। ਕਾਇਆ–ਸਰੀਰ। ਕਾਗਦੁ–ਕਾਗਜ। ਜੇ ਥੀਐ–ਜੇ ਹੋ ਜਾਵੇ। ਮਸਵਾਣੀ –(ਸਿਆਹੀ ਵਾਲੀ) ਦਵਾਤ। ਧਾਰਿ–ਧਾਰ (ਸਮਝ; ਬਣਾ) ਲਈਏ। ਲਲਤਾ–ਜੀਭ। ਲੇਖਣਿ–ਕਲਮ। ਧਨੁ–ਧੰਨਤਾ ਦੇ ਯੋਗ; ਭਾਗਾਂ ਵਾਲਾ। ਉਰਿ–ਹਿਰਦੇ ਵਿਚ। ਧਾਰਿ–ਟਿਕਾ ਕੇ।੮।੩।

ਸੋਰਠਿ ਮਹਲਾ ੧ ਪਹਿਲਾ ਦੁਤੁਕੀ ॥ ਤੂ ਗੁਣ ਦਾਤੌ ਨਿਰਮਲੋ ਭਾਈ, ਨਿਰਮਲੁ ਨ ਮਨੁ ਹੋਇ ॥ ਹਮ ਅਪਰਾਧੀ ਨਿਰਗੁਣੇ ਭਾਈ, ਤੁਝਹੀ ਤੇ ਗੁਣੁ ਸੋਇ ॥੧॥ ਹੇ ਪਿਆਰੇ ਹਰੀ! ਤੂੰ ਗੁਣ ਦੇਣ ਵਾਲਾ ਤੇ ਨਿਰਮਲ ਹੈਂ, (ਪਰ ਵਿਕਾਰਾਂ ਕਰਕੇ ਸਾਡਾ) ਮਨ ਨਿਰਮਲ ਨਹੀਂ ਹੁੰਦਾ। ਹੇ ਪਿਆਰੇ ਹਰੀ! ਅਸੀਂ ਪਾਪੀ ਤੇ ਗੁਣ ਹੀਣ ਹਾਂ, ਉਹ (ਨਿਰਮਲਤਾ ਦਾ) ਗੁਣ ਤੈਥੋਂ ਹੀ ਮਿਲ ਸਕਦਾ ਹੈ।੧।

ਅੰਗ ੬੩੭ = ਮੇਰੇ ਪ੍ਰੀਤਮਾ, ਤੂ ਕਰਤਾ ਕਰਿ ਵੇਖੁ ॥ ਹਉ ਪਾਪੀ ਪਾਖੰਡੀਆ ਭਾਈ, ਮਨਿ ਤਨਿ ਨਾਮ ਵਿਸੇਖੁ ॥ਰਹਾਉ॥ ਬਿਖੁ ਮਾਇਆ ਚਿਤੁ ਮੋਹਿਆ ਭਾਈ, ਚਤੁਰਾਈ ਪਤਿ ਖੋਇ ॥ ਚਿਤ ਮਹਿ ਠਾਕੁਰੁ ਸਚਿ ਵਸੈ ਭਾਈ, ਜੇ ਗੁਰ ਗਿਆਨੁ ਸਮੋਇ ॥੨॥ ਰੂੜੌ ਰੂੜੌ ਆਖੀਐ ਭਾਈ, ਰੂੜੌ ਲਾਲ ਚਲੂਲੁ ॥ ਜੇ ਮਨੁ ਹਰਿ ਸਿਉ ਬੈਰਾਗੀਐ ਭਾਈ, ਦਰਿ ਘਰਿ ਸਾਚੁ ਅਭੂਲੁ ॥੩॥ ਪਾਤਾਲੀ ਆਕਾਸਿ ਤੂ ਭਾਈ, ਘਰਿ ਘਰਿ ਤੂ ਗੁਣ ਗਿਆਨੁ ॥ ਗੁਰ ਮਿਲਿਐ ਸੁਖੁ ਪਾਇਆ ਭਾਈ, ਚੂਕਾ ਮਨਹੁ ਗੁਮਾਨੁ ॥੪॥ ਹੇ ਮੇਰੇ ਪ੍ਰੀਤਮ ਪ੍ਰਭੂ! ਤੂੰ (ਸ੍ਰਿਸ਼ਟੀ ਦਾ) ਰਚਨਹਾਰ ਹੈਂ, (ਸ੍ਰਿਸ਼ਟੀ ਨੂੰ) ਪੈਦਾ ਕਰਕੇ ਦੇਖ ਰਿਹਾ (ਸੰਭਾਲ ਕਰਦਾ) ਹੈਂ। ਹੇ ਪਿਆਰੇ ਹਰੀ! ਮੈਂ ਪਾਪੀ ਪਖੰਡੀ ਹਾਂ, ਮੇਰੇ ਮਨ ਵਿਚ ਤੇ ਤਨ ਵਿਚ ਨਾਮ ਵਿਸ਼ੇਸ਼ ਕਰਕੇ ਵਸਾ ਦੇ (ਸ਼ਬਦਾਰਥ); (ਪਰ ਮੈਂ) ਮਨ ਤੇ ਤਨ ਵਿਚ ਨਾਮ ਧਾਰਨ ਕੀਤਾ ਹੈ, (ਜੋ ਸਭ ਧਾਰਮਕ ਕਰਮਾਂ ਨਾਲੋਂ) ਵਿਸ਼ੇਸ਼ ਹੈ। ਰਹਾਉ। ਹੇ ਪਿਆਰੇ ਹਰੀ! (ਮਨੁੱਖ ਦਾ) ਚਿਤ ਜਹਿਰ ਰੂਪ ਮਾਇਆ ਨੇ ਮੋਹ ਲਿਆ ਹੈ, (ਮਨੁੱਖ) ਚਲਾਕੀ ਕਰਕੇ (ਅਪਣੀ) ਇੱਜਤ ਗਵਾ ਲੈਂਦਾ ਹੈ। ਹੇ ਭਾਈ! ਜੇ ਗੁਰੂ ਦਾ ਬਖਸ਼ਿਆ ਗਿਆਨ (ਇਹ ਅਪਣੇ ਮਨ ਵਿਚ) ਸਮੋ ਲਵੇ ਤਾਂ (ਗੁਰੂ ਦੇ) ਸੱਚੇ ਉਪਦੇਸ਼ ਕਰਕੇ (ਇਸ ਦੇ) ਚਿਤ ਵਿਚ ਮਾਲਕ ਪ੍ਰਭੂ ਵਸ ਜਾਂਦਾ ਹੈ। ੨। ਹੇ ਭਾਈ! (ਪ੍ਰਭੂ ਨੂੰ) ਸੁੰਦਰ ਤੋਂ ਸੁੰਦਰ ਆਖਿਆ ਜਾਂਦਾ ਹੈ, ਉਹ ਸੁੰਦਰ ਹੈ, ਪਿਆਰਾ ਹੈ ਤੇ ਗੂੜ੍ਹੇ ਰੰਗ ਵਾਲਾ ਹੈ; ਬਹੁਤ ਪਿਆਰ ਵਾਲਾ ਹੈ। ਹੇ ਭਾਈ! ਜੇ ਮਨ ਹਰੀ ਨਾਲ ਪ੍ਰੇਮ ਵਾਲਾ ਹੋ ਜਾਵੇ ਤਾਂ ਹਰੀ ਦੇ ਮਹਲ ਦਰਬਾਰ ਵਿਚ ਸੱਚਾ ਤੇ ਭੁੱਲ ਰਹਿਤ ਗਿਣਿਆ ਜਾਂਦਾ ਹੈ (ਸ਼ਬਦਾਰਥ; ਤਾਂ) ਸੱਚਾ ਤੇ ਅਭੁੱਲ ਹਰੀ ਹਿਰਦੇ ਦੇ ਅੰਦਰ ਹੀ ਪ੍ਰਗਟ ਹੋ ਜਾਂਦਾ ਹੈ (ਦਰਪਣ)। ੩। ਹੇ ਪਿਆਰੇ ਪ੍ਰਭੂ! ਪਤਾਲ ਵਿਚ ਤੇ ਅਕਾਸ਼ ਵਿਚ ਤੂੰ ਹੀ ਹੈ, ਤੂੰ ਗੁਣ ਤੇ ਗਿਆਨ ਰੂਪ ਹੋ ਕੇ ਹਰੇਕ ਜੀਵ ਦੇ ਹਿਰਦੇ ਵਿਚ ਮੌਜੂਦ ਹੈਂ। ਗੁਰ ਦੇ ਮਿਲਣ ਨਾਲ ਸੁਖ ਪ੍ਰਾਪਤ ਹੁੰਦਾ ਹੈ ਅਤੇ ਮਨ ਤੋਂ ਗੁਮਾਨ ਦੂਰ ਹੋ ਜਾਂਦਾ ਹੈ। ੪।

ਪਦਾਰਥ = ਦੁਤੁਕੀ-ਦੋ ਦੋ ਤੁਕਾਂ ਦੇ ਪਦਾਂ ਵਾਲੀ ਅਸ਼ਟਪਦੀ। ਗੁਣ ਦਾਤੌ-ਗੁਣਾਂ ਦੀ ਦਾਤ ਦੇਣ ਵਾਲਾ। ਨਿਰਮਲੋ-ਮੈਲ ਰਹਿਤ (ਪਵਿਤ੍ਰ)। ਭਾਈ-ਹੇ ਪਿਆਰੇ ਹਰੀ!। ਹਮ-ਅਸੀਂ। ਅਪਰਾਧੀ-ਪਾਪੀ। ਨਿਰਗੁਣੇ-ਗੁਣ ਹੀਣ। ਤੁਝਹੀ ਤੇ-ਤੇਰੇ ਤੋਂ ਹੀ। ਸੋਇ-ਉਹ। ੧। ਪ੍ਰੀਤਮਾ-ਹੇ ਪਿਆਰੇ ਹਰੀ!। ਕਰਤਾ-ਰਚਨਹਾਰ। ਵੇਖੁ-ਦੇਖ ਰਿਹਾ (ਸੰਭਾਲ ਕਰਦਾ) ਹੈ। ਹਉ-ਮੈਂ। ਮਨਿ-ਮਨ ਵਿਚ। ਤਨਿ-ਸਰੀਰ ਵਿਚ। ਵਿਸੇਖੁ-ਵਿਸ਼ੇਸ਼ਤਾ; ਮਹੱਤਤਾ। ਰਹਾਉ। ਬਿਖੁ-ਜਹਿਰ। ਚਿਤੁ-ਮਨ। ਮੋਹਿਆ-ਮੋਹ ਲਿਆ ਹੈ। ਪਤਿ-ਇੱਜਤ। ਖੋਇ-ਗਵਾ ਲੈਂਦਾ ਹੈ। ਠਾਕੁਰੁ-ਮਾਲਕ ਪ੍ਰਭੂ। ਸਚਿ-ਸੱਚੀ ਤਰ੍ਹਾਂ (ਸ਼ਬਦਾਰਥ); ਸੱਚ ਕਰਕੇ। ਸਮੋਇ-ਸਮਾ (ਟਿਕਾ) ਲਵੇ। ੨। ਰੂੜੌ ਰੂੜੌ-ਸੁੰਦਰ ਤੋਂ ਸੁੰਦਰ। ਲਾਲ ਚਲੂਲ-ਗੂੜ੍ਹੇ ਲਾਲ ਰੰਗ ਵਾਲਾ; ਬਹੁਤ ਪਿਆਰਾ। ਸਿਉ-ਨਾਲ। ਬੈਰਾਗੀਐ-ਪ੍ਰੇਮ ਵਾਲਾ ਹੋ ਜਾਵੇ। ਦਰਿ ਘਰਿ-ਮਹਿਲ ਦਰਬਾਰ ਵਿਚ। ਅਭੂਲੁ-ਭੁੱਲਣ ਤੋ ਰਹਿਤ। ੩। ਪਾਤਾਲੀ-ਪਤਾਲ ਵਿਚ। ਅਕਾਸਿ-ਅਕਾਸ਼ ਵਿਚ। ਘਰਿ ਘਰਿ-ਹਰੇਕ ਜੀਵ ਦੇ ਹਿਰਦੇ ਵਿਚ। ਚੂਕਾ-ਦੂਰ ਹੋ ਜਾਂਦਾ ਹੈ। ਮਨਹੁ-ਮਨ ਤੋਂ। ਗੁਮਾਨੁ-ਹੰਕਾਰ। ੪।

ਜਲਿ ਮਲਿ ਕਾਇਆ ਮਾਜੀਐ ਭਾਈ, ਭੀ ਮੈਲਾ ਤਨੁ ਹੋਇ ॥ ਗਿਆਨਿ ਮਹਾ ਰਸਿ ਨਾਈਐ ਭਾਈ, ਮਨੁ ਤਨੁ ਨਿਰਮਲੁ ਹੋਇ ॥੫॥ ਦੇਵੀ ਦੇਵਾ ਪੂਜੀਐ ਭਾਈ, ਕਿਆ ਮਾਗਉ ਕਿਆ ਦੇਹਿ ॥ ਪਾਹਣੁ ਨੀਰਿ ਪਖਾਲੀਐ ਭਾਈ, ਜਲ ਮਹਿ ਬੂਡਹਿ ਤੇਹਿ ॥੬॥ ਗੁਰ ਬਿਨੁ ਅਲਖੁ ਨ ਲਖੀਐ ਭਾਈ, ਜਗੁ ਬੂਡੈ ਪਤਿ ਖੋਇ ॥ ਮੇਰੇ ਠਾਕੁਰ ਹਾਥਿ ਵਡਾਈਆ ਭਾਈ, ਜੈ ਭਾਵੈ ਤੈ ਦੇਇ ॥੭॥ ਬਈਅਰਿ ਬੋਲੈ ਮੀਠੁਲੀ ਭਾਈ, ਸਾਚੁ ਕਹੈ ਪਿਰ ਭਾਇ ॥ ਬਿਰਹੈ ਬੇਧੀ ਸਚਿ ਵਸੀ ਭਾਈ, ਅਧਿਕ ਰਹੀ ਹਰਿ ਨਾਇ ॥੮॥ ਸਭੁ ਕੋ ਆਖੈ ਆਪਣਾ ਭਾਈ, ਗੁਰ ਬੁਝੈ ਸੁਜਾਨੁ ॥ ਜੋ ਬੀਧੇ ਸੇ ਊਬਰੇ ਭਾਈ, ਸਬਦੁ ਸਚਾ ਨੀਸਾਨੁ ॥੯॥ ਈਧਨੁ ਅਧਿਕ ਸਕੇਲੀਐ ਭਾਈ, ਪਾਵਕੁ ਰੰਚਕ ਪਾਇ ॥ ਖਿਨੁ ਪਲੁ ਨਾਮੁ ਰਿਦੈ ਵਸੈ ਭਾਈ, ਨਾਨਕ ਮਿਲਣੁ ਸੁਭਾਇ ॥੧੦॥ ਹੇ ਭਾਈ! ਪਾਣੀ ਨਾਲ ਮਲ ਕੇ ਸਰੀਰ ਧੋਈਦਾ ਹੈ, ਪਰ ਸਰੀਰ ਫੇਰ ਵੀ ਮੈਲਾ ਰਹਿੰਦਾ ਹੈ। ਗਿਆਨ ਜੋ ਸਭ ਤੋਂ ਵੱਡਾ ਰਸ ਹੈ, ਜੇ ਉਸ ਵਿਚ ਨ੍ਹਾਈਏ, ਤਾਂ ਮਨ ਤੇ ਤਨ ਪਵਿਤ੍ਰ ਹੋ ਜਾਂਦੇ ਹਨ। ੫। ਹੇ ਭਾਈ ਜੇ ਦੇਵੀ ਦੇਵਤਿਆਂ ਦੀ ਪੂਜਾ ਕਰੀਏ, (ਉਹਨ੍ਹਾਂ ਪਾਸੋਂ) ਮੈਂ ਕੀ ਮੰਗਾਂ, ਉਹ ਕੀ ਦੇ ਸਕਦੇ ਹਨ ? (ਪੱਥਰ ਦੀਆਂ ਮੂਰਤੀਆਂ ਕੁਝ ਵੀ ਨਹੀਂ ਦੇ ਸਕਦੀਆਂ)। ਹੇ ਭਾਈ! ਪੱਥਰ ਨੂੰ ਪਾਣੀ ਵਿਚ ਧੋਂਦੇ ਰਹੀਏ, ਫਿਰ ਵੀ ਉਹ (ਪੱਥਰ ਦੇ ਬਣਾਏ ਦੇਵੀ ਦੇਵਤੇ) ਪਾਣੀ ਵਿਚ ਡੁਬ ਜਾਂਦੇ ਹਨ, (ਓਹਨਾਂ ਹੋਰਨਾਂ ਨੂੰ ਕੀ ਤਾਰਨਾ ਹੈ?)। ੬। ਹੇ ਭਾਈ! ਸਮਝ ਤੋਂ ਪਰੇ ਜੋ ਹਰੀ ਹੈ, ਉਸ ਨੂੰ ਗੁਰੂ ਤੋਂ ਬਿਨਾ ਸਮਝਿਆ ਨਹੀਂ ਜਾ ਸਕਦਾ, ਗੁਰੂ ਤੋਂ ਬਿਨਾ ਜਗਤ ਅਪਣੀ ਇੱਜਤ ਗਵਾ ਕੇ ਭਵਜਲ ਵਿਚ ਡੁਬ ਜਾਂਦਾ ਹੈ। ਹੇ ਭਾਈ! (ਜੀਵਾਂ ਦੇ ਵਸ ਵਿਚ ਕੁਛ ਨਹੀਂ) ਮੇਰੇ ਮਾਲਕ ਪ੍ਰਭੂ ਦੇ ਹੱਥ ਵਿਚ ਵਡਿਆਈਆਂ ਹਨ, ਜਿਸ ਮਨੁੱਖ ਨੂੰ (ਉਹ ਵਡਿਆਈ ਦੇਣਾ) ਚਾਹੁੰਦਾ ਹੈ, ਉਸ ਨੂੰ ਦੇਂਦਾ ਹੈ। ੭। ਹੇ ਭਾਈ! ਬਾਂਗਰ ਦੀ ਇਸਤ੍ਰੀ (ਅਸੱਭਜ ਪ੍ਰਾਣੀ) ਮਿੱਠਾ ਬੋਲਣ ਵਾਲੀ ਹੋ ਜਾਂਦੀ ਹੈ, ਜੇ ਉਹ ਪਤੀ ਹਰੀ ਦੇ ਪ੍ਰੇਮ ਵਿਚ ਸੱਚੇ ਨਾਮ ਨੂੰ ਸਿਮਰੇ। ਹੇ ਭਾਈ! ਉਹ ਪ੍ਰੇਮ ਦੀ ਵਿਨ੍ਹੀ ਹੋਈ (ਪ੍ਰੇਮਣ ਬਣ ਕੇ) ਸੱਚ

ਵਿਚ ਵਸਦੀ ਹੈ ਅਤੇ ਹਰੀ ਦੇ ਨਾਮ ਵਿਚ ਬਹੁਤ ਜੁੜੀ ਰਹਿੰਦੀ ਹੈ।੮।ਹੇ ਭਾਈ! ਹਰੀ ਨੂੰ ਸਭ ਕੋਈ ਅਪਣਾ ਆਖਦਾ ਹੈ, ਪਰ ਜਿਹੜਾ ਗੁਰੂ ਰਾਹੀਂ ਸਮਝਦਾ ਹੈ, ਉਹ ਸਿਆਣਾ ਹੈ।ਜੋ ਹਰੀ ਪ੍ਰੇਮ ਦੇ ਵਿਨ੍ਹੇ ਹੋਏ ਹਨ, ਉਹ (ਭਵਜਲ ਤੋਂ) ਤਰ ਗਏ, ਉਨ੍ਹਾਂ ਉਤੇ ਨਾਮ ਰੂਪ ਸੱਚੀ ਮੋਹਰ ਲਗਦੀ ਹੈ; (ਉਨ੍ਹਾਂ ਪਾਸ ਗੁਰੂ ਦਾ) ਸ਼ਬਦ ਸੱਚੀ ਰਾਹਦਾਰੀ (visa) ਹੈ।੯।ਹੇ ਭਾਈ! ਜਿਵੇਂ ਬਾਲਣ ਬਹੁਤ ਸਾਰਾ ਇਕੱਠਾ ਕਰ ਲਈਏ, ਰੱਤੀ ਭਰ ਅੱਗ ਪਾ ਦੇਈਏ (ਤਾਂ ਉਹ ਸਭ ਸੜ ਜਾਂਦਾ ਹੈ)।ਏਸੇ ਤਰ੍ਹਾਂ ਘੜੀ ਛਿਨ ਭਰ ਹਰੀ ਦਾ ਨਾਮ ਮਨ ਵਿਚ ਵਸ ਜਾਵੇ (ਤਾਂ ਸਾਰੇ ਪਾਪ ਸੜ ਜਾਂਦੇ ਹਨ) ਅਤੇ ਸੁਭਾਵਕ ਹੀ ਹਰੀ ਦਾ ਮੇਲ ਹੋ ਜਾਂਦਾ ਹੈ।੧੦।੪।

ਪਦਾਰਥ = ਜਲਿ–ਪਾਣੀ ਨਾਲ।ਮਲਿ–ਮਲ ਕੇ।ਕਾਇਆ–ਸਰੀਰ।ਮਾਜੀਐ–ਸਾਫ ਕਰੀਦਾ (ਧੋਈਦਾ) ਹੈ।ਭਾਈ–ਹੇ ਭਾਈ!।ਭੀ–ਫੇਰ ਵੀ।ਗਿਆਨਿ–ਗਿਆਨ ਵਿਚ।ਨਾਈਐ–ਜੇ ਨ੍ਹਾਈਏ।ਨਿਰਮਲੁ–ਪਵਿਤ੍ਰ।੫।ਮਾਗਉ–ਮੈਂ ਮੰਗਾਂ।ਕਿਆ ਦੇਹਿ–ਕੀ ਦੇ ਸਕਦੇ ਹਨ।ਪਾਹਣੁ–ਪੱਥਰ।ਨੀਰਿ–ਪਾਣੀ ਵਿਚ।ਪਖਾਲੀਐ–ਧੋਈਏ।ਜਲ ਮਹਿ–ਪਾਣੀ ਵਿਚ।ਬੂਡਹਿ–ਡੁਬ ਜਾਂਦੇ ਹਨ।ਤੇਹਿ–ਉਹ।੬।ਅਲਖੁ–ਮਨੁੱਖੀ ਸਮਝ ਤੋਂ ਪਰੇ ਹਰੀ।ਨ ਲਖੀਐ–ਸਮਝਿਆ ਨਹੀਂ ਜਾ ਸਕਦਾ।ਬੂਡੈ–ਡੁਬ ਜਾਂਦਾ ਹੈ।ਪਤਿ–ਇੱਜਤ।ਖੋਇ–ਗਵਾ ਕੇ।ਠਾਕੁਰ–ਮਾਲਕ ਪ੍ਰਭੂ।ਜੈ–ਜਿਸ ਨੂੰ।ਭਾਵੈ–ਚਾਹੁੰਦਾ ਹੈ।ਤੈ–ਉਸ ਨੂੰ।ਦੇਇ–ਦੇਂਦਾ ਹੈ।੭।ਬਈਅਰਿ–ਇਸਤ੍ਰੀ (ਬਾਂਗਰ ਦੀ ਬੋਲੀ)।ਮੀਠੁਲੀ–ਮਿੱਠਾ ਬੋਲਣ ਵਾਲੀ।ਸਾਚੁ ਕਹੈ–ਸੱਚੇ ਨਾਮ ਨੂੰ ਸਿਮਰੇ।ਪਿਰ ਭਾਇ–ਪਤੀ ਹਰੀ ਦੇ ਪ੍ਰੇਮ ਵਿਚ।ਬਿਰਹੈ–ਪ੍ਰੇਮ ਦੀ।ਬੇਧੀ–ਵਿੰਨ੍ਹੀ ਹੋਈ।ਅਧਿਕ–ਬਹੁਤ।ਹਰਿ ਨਾਇ–ਹਰੀ ਦੇ ਨਾਮ ਵਿਚ।੮।ਸਭ ਕੋ–ਸਭ ਕੋਈ (ਹਰੇਕ ਜੀਵ)।ਤੇ–ਤੋਂ।ਸੁਜਾਨੁ–ਸਿਆਣਾ।ਬੀਧੇ–ਵਿੰਨ੍ਹੇ ਹੋਏ ਹਨ।ਸੇ–ਉਹ।ਊਬਰੇ–ਤਰ ਗਏ ਹਨ।ਨੀਸਾਨੁ–ਮੋਹਰ; ਰਾਹਦਾਰੀ।੯।ਈਧਨੁ–ਬਾਲਣ।ਸਕੇਲੀਐ–ਇਕੱਠਾ ਕਰ ਲਈਏ।ਪਾਵਕੁ–ਅੱਗ।ਰੰਚਕ–ਰੱਤੀ ਭਰ।ਖਿਨੁ ਪਲੁ–ਥੋੜਾ ਸਮਾਂ।ਮਿਲਣੁ–ਮੇਲ।ਸੁਭਾਇ–ਸੁਭਾਵਕ ਹੀ।੧੦।੪।